Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

All International Channels
MR IPTV
"Entertainment" is his middle name!
THE ULTIMATE IPTV SERVICES
*Live TV *4K Channels *Sports *Movies
*Documentaries *PPV *News
*Bollywood/Hollywood Movies
*Web Series *Music *Local Channels
ਆਈ ਪੀ ਟੀ ਵੀ ਲਾਓ ਅਤੇ ਆਪਣੇ ਪਸੰਦੀਦਾ ਪ੍ਰੋਗਰਾਮ ਘਰ ਬੈਠੇ ਦੇਖੋ!
CALL OR TEXT BOBBY: +1-909-278-7147

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587



Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 29; July 19, 2025
20451 N. Plum Grove Rd., Palatine, IL 60074
Ph:847-359-0746, Fax:847-705-9388


# ਬੇਅਦਬੀ ਵਿਰੁੱਧ ਸਜ਼ਾ ਸੰਬੰਧੀ ਬਿੱਲ ਸਿਲੈਕਟ ਕਮੇਟੀ ਨੂੰ ਭੇਜਿਆ ਗਿਆ

## ਲੋਕਾਂ ਦੀ ਰਾਏ ਅਨੁਸਾਰ ਛੇ ਮਹੀਨੇ ਬਾਅਦ ਪੇਸ਼ ਹੋਣਗੀਆਂ ਸਿਫ਼ਾਰਸ਼ਾਂ

**ਚੰਡੀਗੜ੍ਹ:** ਤਿੰਨ ਘੰਟਿਆਂ ਦੀ ਤਿੱਖੀ ਚਰਚਾ ਅਤੇ ਜਵਾਬੀ ਦੋਸ਼ਾਂ ਤੋਂ ਬਾਅਦ, ਪੰਜਾਬ ਵਿਧਾਨ ਸਭਾ ਨੇ ਮੰਗਲਵਾਰ ਨੂੰ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਬਹੁਤ ਹੀ ਮਹੱਤਵਪੂਰਨ ਪੰਜਾਬ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ (ਬੇਅਦਬੀ) ਰੋਕਥਾਮ ਬਿੱਲ ਨੂੰ ਸਾਰੀਆਂ ਧਿਰਾਂ ਨਾਲ ਸਲਾਹ-ਮਸ਼ਵਰੇ ਲਈ ਇੱਕ ਸਿਲੈਕਟ ਕਮੇਟੀ ਨੂੰ ਭੇਜਿਆ ਜਾਵੇ। ਖਜ਼ਾਨਾ ਅਤੇ ਵਿਰੋਧੀ ਧਿਰ ਦੋਵਾਂ ਦੇ ਸੁਝਾਅ 'ਤੇ, ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸਿਲੈਕਟ ਕਮੇਟੀ ਬਿੱਲ 'ਤੇ ਜਨਤਾ ਦੀ ਰਾਏ ਇਕੱਠੀ ਕਰੇਗੀ ਅਤੇ ਛੇ ਮਹੀਨਿਆਂ ਦੇ ਅੰਦਰ ਸਿਫ਼ਾਰਸ਼ਾਂ ਪੇਸ਼ ਕਰੇਗੀ।

ਇਸ ਤੋਂ ਪਹਿਲਾਂ, ਮੁੱਖ ਮੰਤਰੀ ਨੇ ਚਾਰ ਮਹੀਨਿਆਂ ਦੀ ਸਮਾਂ-ਸੀਮਾ ਦਾ ਪ੍ਰਸਤਾਵ ਰੱਖਿਆ ਸੀ। ਬਿੱਲ ਵਿੱਚ ਬੇਅਦਬੀ ਨਾਲ ਸਬੰਧਤ ਅਪਰਾਧਾਂ ਲਈ ਸਖ਼ਤ ਸਜ਼ਾਵਾਂ ਦਾ ਪ੍ਰਸਤਾਵ ਹੈ, ਜਿਸ ਵਿੱਚ ਘੱਟੋ-ਘੱਟ 10 ਸਾਲ ਦੀ ਸਜ਼ਾ, ਉਮਰ ਕੈਦ ਤੱਕ ਵਧਾਈ ਜਾ ਸਕਦੀ ਹੈ, ਅਤੇ ਨਾਲ ਹੀ 5 ਲੱਖ ਰੁਪਏ ਤੋਂ 10 ਲੱਖ ਰੁਪਏ ਤੱਕ ਦਾ ਜੁਰਮਾਨਾ ਵੀ ਲਗਾਇਆ ਜਾ ਸਕੇਗਾ। ਬਿੱਲ ਵਿੱਚ ਜ਼ਿਕਰ ਕੀਤੇ ਗਏ ਪਵਿੱਤਰ ਗ੍ਰੰਥਾਂ ਵਿੱਚ ਗੁਰੂ ਗ੍ਰੰਥ ਸਾਹਿਬ ਜਾਂ ਉਨ੍ਹਾਂ ਦੇ ਅੰਸ਼, ਭਗਵਦ ਗੀਤਾ, ਕੁਰਾਨ ਅਤੇ ਬਾਈਬਲ ਸ਼ਾਮਲ ਹਨ।

ਇਹ ਵਿਧਾਨ ਸਭਾ ਵੱਲੋਂ ਬੇਅਦਬੀ ਦੇ ਮੁੱਦਿਆਂ 'ਤੇ ਬਿੱਲ ਪਾਸ ਕਰਨ ਦੀ ਤੀਜੀ ਕੋਸ਼ਿਸ਼ ਹੈ। 2016 ਅਤੇ 2018 ਵਿੱਚ, ਅਕਾਲੀ-ਭਾਜਪਾ ਸਰਕਾਰ ਅਤੇ ਬਾਅਦ ਵਿੱਚ ਕਾਂਗਰਸ ਸਰਕਾਰ ਨੇ ਕ੍ਰਮਵਾਰ ਵਿਧਾਨ ਸਭਾ ਵਿੱਚ ਬਿੱਲ ਪਾਸ ਕੀਤੇ ਸਨ।ਦੋਵਾਂ ਮੌਕਿਆਂ 'ਤੇ, ਬਿੱਲਾਂ ਨੂੰ ਰਾਸ਼ਟਰਪਤੀ ਨੇ ਬਿਨਾਂ ਸਹਿਮਤੀ ਦੇ ਵਾਪਸ ਕਰ ਦਿੱਤਾ ਸੀ।

ਮੰਗਲਵਾਰ ਨੂੰ ਸਦਨ ਵਿੱਚ ਬਿੱਲ ਪੇਸ਼ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਹ "ਇੱਕ ਭਾਵਨਾਤਮਕ ਅਤੇ ਗੰਭੀਰ ਮੁੱਦਾ ਹੈ ਜੋ ਚਿੰਤਾ ਦਾ ਵਿਸ਼ਾ ਹੈ ਅਤੇ ਜੋ ਹਰ ਪੰਜਾਬੀ ਨਾਲ ਸਬੰਧਤ ਹੈ''। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਮਾਮਲੇ ਦਾ ਨਾ ਸਿਰਫ਼ ਵਰਤਮਾਨ ਵਿੱਚ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਮਹੱਤਵ ਹੈ। ਮਾਨ ਨੇ ਕਿਹਾ ਕਿ ਇਸ ਨਾ-ਮੁਆਫ਼ੀਯੋਗ ਅਪਰਾਧ ਲਈ ਸਖ਼ਤ ਸਜ਼ਾ ਸਮੇਂ ਦੀ ਲੋੜ ਹੈ ਤਾਂ ਜੋ ਅਪਰਾਧੀਆਂ ਨੂੰ ਨਕਾਰਿਆ ਜਾ ਸਕੇ। ਮੁੱਖ ਮੰਤਰੀ ਨੇ ਦੁਹਰਾਇਆ ਹੈ ਕਿ ਪੰਜਾਬ ਮਹਾਨ ਗੁਰੂਆਂ, ਸੰਤਾਂ ਅਤੇ ਪੈਗੰਬਰਾਂ ਦੀ ਪਵਿੱਤਰ ਧਰਤੀ ਹੈ ਜਿਨ੍ਹਾਂ ਨੇ ਆਪਸੀ ਪਿਆਰ ਅਤੇ

*(ਬਾਕੀ ਸਫ਼ਾ 6 'ਤੇ)*

### ਪਹਿਲਾਂ ਵੀ ਆਏ ਸਨ ਬਿੱਲ

ਅਕਾਲੀ-ਭਾਜਪਾ ਸਰਕਾਰ ਵਿਚ 2016 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਲਈ ਆਈਪੀਸੀ ਦੀ ਧਾਰਾ 295 ਦੇ ਨਾਲ 295 ਏ ਏ ਜੋੜੀ ਗਈ ਸੀ, ਜਿਸ ਵਿਚ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਸੀ ਪਰ ਰਾਸ਼ਟਰਪਤੀ ਨੇ ਇਤਰਾਜ਼ ਪ੍ਰਗਟਾਉਂਦੇ ਹੋਏ ਬਿੱਲ ਵਾਪਸ ਕਰ ਦਿੱਤਾ ਸੀ ਕਿ ਸਿਰਫ਼ ਇਕ ਧਰਮ ਦੇ ਗ੍ਰੰਥ ਨੂੰ ਲੈ ਕੇ ਸਜ਼ਾ ਦਾ ਪ੍ਰਬੰਧ ਨਹੀਂ ਕੀਤਾ ਜਾ ਸਕਦਾ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵਿਚ 28 ਅਗਸਤ 2018 ਨੂੰ ਬਿੱਲ ਪਾਸ ਕਰ ਕੇ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਭੇਜਿਆ ਗਿਆ ਸੀ।

### ਸਖ਼ਤ ਕਿਉਂ ਕੀਤਾ ਜਾ ਰਿਹਾ ਹੈ ਕਾਨੂੰਨ ?

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਪੰਜਾਬ ਵਿਚ ਅਕਸਰ ਸਮਾਜਿਕ ਸਦਭਾਵਨਾ ਖ਼ਰਾਬ ਕਰ ਦਿੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ਨ ਵੀ ਹਰ ਜਗ੍ਹਾ ਨਹੀਂ ਕੀਤਾ ਜਾ ਸਕਦਾ। ਸਿਰਫ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਹੀ ਇਸ ਦਾ ਪ੍ਰਕਾਸ਼ਨ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਨੂੰ ਲਿਆਉਣ ਅਤੇ ਲੈ ਕੇ ਜਾਣ ਦੀ ਵੀ ਇਕ ਮਰਿਆਦਾ ਹੈ, ਉਸ ਤੋਂ ਬਾਹਰ ਨਹੀਂ ਜਾਇਆ ਜਾ ਸਕਦਾ। ਦੂਜੇ ਪਾਸੇ ਹੋਰ ਧਾਰਮਿਕ ਗ੍ਰੰਥਾਂ ਨੂੰ ਲੈ ਕੇ ਅਜਿਹਾ ਕੁਝ ਨਹੀਂ ਹੈ, ਇਸ ਲਈ ਪੰਜਾਬ ਵਿਚ ਜਦੋਂ ਵੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੁੰਦੀ ਹੈ ਤਾਂ ਮਾਹੌਲ ਕਾਫੀ ਖ਼ਰਾਬ ਹੋ ਜਾਂਦਾ ਹੈ।

# ਅਮਰੀਕਾ ਦੇਵੇਗਾ ਯੂਕਰੇਨ ਨੂੰ ਮਿਜ਼ਾਈਲਾਂ: ਡੋਨਲਡ ਟਰੰਪ



**ਵਾਸ਼ਿੰਗਟਨ:** ਹੁਣ ਅਮਰੀਕਾ ਦੇ ਰਾਸ਼ਟਰਪਤੀ ਡੋਨਾਡਲ ਟਰੰਪ ਨੇ ਵੀ ਰੂਸ ਵਿਰੁੱਧ ਮੁਹਿੰਮ ਛੇੜ ਦਿੱਤੀ ਹੈ। ਉਸਨੇ ਯੂਕਰੇਨ ਲਈ ਹਥਿਆਰਾਂ ਦੀ ਸਪਲਾਈ ਦਾ ਐਲਾਨ ਕੀਤਾ ਹੈ। ਨਾਲ ਹੀ ਕਿਹਾ ਹੈ ਕਿ ਰੂਸ 50 ਦਿਨਾਂ ਦੇ ਅੰਦਰ ਸ਼ਾਂਤੀ ਸਮਝੌਤੇ ਲਈ ਤਿਆਰ ਨਾ ਹੋਇਆ ਤਾਂ ਉਹ ਰੂਸੀ ਉਤਪਾਦਾਂ ਨੂੰ ਖ਼ਰੀਦਣ ਵਾਲੇ ਮੁਲਕਾਂ 'ਤੇ ਪਾਬੰਦੀ ਲਗਾਏਗਾ।

ਅਮਰੀਕਾ ਨੇ ਐਲਾਨ ਕੀਤਾ ਹੈ ਕਿ ਉਹ ਉਨ੍ਹਾਂ ਦੇਸ਼ਾਂ 'ਤੇ ਪਾਬੰਦੀ ਲਗਾਏਗਾ ਜੋ ਰੂਸੀ ਉਤਪਾਦਾਂ ਦੀ ਖਰੀਦਦਾਰੀ ਕਰ ਰਹੇ ਹਨ। ਇਹ ਫੈਸਲਾ ਰੂਸ ਦੇ ਖਿਲਾਫ਼ ਚੱਲ ਰਹੇ ਸੰਸਾਰ ਭਰ ਦੇ ਦਬਾਅ ਦੇ ਤਹਿਤ ਕੀਤਾ ਗਿਆ ਹੈ, ਜਿਸਦਾ ਮਕਸਦ ਰੂਸੀ ਆਰਥਿਕਤਾ ਨੂੰ ਨੁਕਸਾਨ ਪਹੁੰਚਾਉਣਾ ਹੈ। ਅਜਿਹੇ ਦੇਸ਼ਾਂ 'ਤੇ ਅਮਰੀਕਾ 100 ਫ਼ੀਸਦ ਟੈਰਿਫ ਲਗਾ ਸਕਦਾ ਹੈ। ਦੱਸਣਯੋਗ ਹੈ ਕਿ ਭਾਰਤ ਤੇ ਚੀਨ ਰੂਸੀ ਕੱਚੇ ਤੇਲ ਤੇ ਹੋਰਨਾਂ ਉਤਪਾਦਾਂ ਦੇ ਵੱਡੇ ਖ਼ਰੀਦਦਾਰ ਹਨ। ਜੇ ਟਰੰਪ ਰੂਸੀ ਉਤਪਾਦਾਂ ਦੀ ਖ਼ਰੀਦ 'ਤੇ ਰੋਕ ਲਾਉਂਦੇ ਹਨ ਤਾਂ ਉਨ੍ਹਾਂ ਦਾ ਫ਼ੈਸਲਾ ਰੂਸ ਲਈ ਵੱਡਾ ਝਟਕਾ ਹੋਣ ਦੇ ਨਾਲ ਹੀ ਭਾਰਤ ਦੇ ਹਿੱਤਾਂ ਨੂੰ ਪ੍ਰਭਾਵਤ ਕਰਨ ਵਾਲਾ ਹੋਵੇਗਾ।

ਫ਼ੌਜੀ ਸੰਗਠਨ ਨਾਟੋ ਦੇ ਜਨਰਲ ਸਕੱਤਰ ਮਾਰਕ ਰੁਟ ਦੇ ਨਾਲ ਮੀਟਿੰਗ ਤੋਂ ਬਾਅਦ ਟਰੰਪ ਨੇ ਕਿਹਾ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਤੋਂ ਉਹ ਨਾਰਾਜ਼ ਹਨ। ਉਹ ਦਿਨ ਵੇਲੇ ਚੰਗੀਆਂ ਗੱਲਾਂ ਕਰਦੇ ਹਨ ਤੇ ਰਾਤ ਸਮੇਂ ਬੰਬਾਰੀ ਕਰਦੇ ਹਨ। ਹੁਣ ਅਮਰੀਕਾ ਯੂਕਰੇਨ ਨੂੰ ਲੜਣ ਲਈ ਅਰਬਾਂ ਡਾਲਰ ਮੁੱਲ ਦੇ ਹਥਿਆਰ ਦੇਵੇਗਾ। ਯੂਕਰੇਨ ਨੂੰ ਬਚਾਅ ਲਈ ਪੈਟ੍ਰੀਅਟ ਏਅਰ ਡਿਫੈਂਸ ਸਿਸਟਮ ਦੀਆਂ ਮਿਜ਼ਾਈਲਾਂ ਦੇਣ ਦੇ ਐਲਾਨ ਦੇ ਨਾਲ ਹੀ ਟਰੰਪ ਨੇ ਸੰਕੇਤ ਦਿੱਤਾ ਹੈ ਕਿ ਯੂਕਰੇਨ ਨੂੰ ਹਮਲੇ ਵਾਲੇ ਹਥਿਆਰ ਵੀ ਦਿੱਤੇ ਜਾਣਗੇ। ਇਸ ਸਬੰਧ ਵਿਚ ਉਨ੍ਹਾਂ ਕਿਹਾ ਕਿ ਪਹਿਲਾਂ ਅਸਲ੍ਹਾਖ਼ਾਨੇ ਵਿਚ ਇਨ੍ਹਾਂ ਮਿਜ਼ਾਈਲਾਂ ਦੀ ਕਮੀ ਦੇਖਦੇ ਹੋਏ ਇਨ੍ਹਾਂ ਦੀ ਸਪਲਾਈ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਸੇ ਦੌਰਾਨ

ਟਰੰਪ ਦੇ ਖ਼ਾਸ ਸਫ਼ੀਰ ਕੀਥ ਕੇਲੋਗ ਨੇ ਕੀਵ ਜਾ ਕੇ ਯੂਕਰੇਨੀ ਰਾਸ਼ਟਰਪਤੀ ਵੋਲੋਦਿਮੀਰ ਜ਼ੇਲੈਂਸਕੀ ਨਾਲ ਹਥਿਆਰਾਂ ਦੀ ਸਪਲਾਈ ਸਬੰਧੀ ਗੱਲਬਾਤ ਕੀਤੀ ਹੈ। ਰੂਸ-ਯੂਕਰੇਨ ਯੁੱਧ ਖ਼ਤਮ ਕਰਵਾਉਣ ਦੇ ਕਈ ਮਹੀਨਿਆਂ ਦੇ ਯਤਨ ਸਫਲ ਨਾ ਹੁੰਦੇ ਦੇਖ ਕੇ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਹੁਣ ਯੂਕਰੇਨ ਨੂੰ ਹਥਿਆਰਾਂ ਦੀ ਸਪਲਾਈ

(ਬਾਕੀ ਸਫ਼ਾ 6 'ਤੇ)



Sukhsimranjit Singh LLB, LLM, Ph.D
Mediator and Arbitrator, JAMS
ਸਿਵਲ, ਬਿਜ਼ਨਸ, ਪਰਿਵਾਰਕ, ਠੇਕੇ ਜਾਂ ਜਾਇਦਾਦ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੇ ਝਗੜੇ ਦੇ ਹੱਲ ਲਈ ਅਤੇ ਆਪਣੇ ਪੈਸੇ ਤੇ ਰਿਸ਼ਤਿਆਂ ਨੂੰ ਬਚਾਉਣ ਲਈ ਮੀਡੀਏਟਰ ਅਤੇ ਆਰਬੀਟਰੇਟਰ ਸੁਖਸਿਮਰਨਜੀਤ ਸਿੰਘ ਨਾਲ ਸੰਪਰਕ ਕਰੋ।
Do you have Civil, Business, Family, Contractual or Property Disputes?
Winner of SCMA Peacemaker Award, Dr. Singh is an internationally Acclaimed Mediator and Arbitrator.
Call: 503-910-8767
Case Manager: Julie McCool ,Email: jmccool@jamsadr.com
Mediation helps save money, completed within a day and save your relationship!
Four Locations: LOS ANGELES, SAN FRANCISCO, SACRAMENTO, VISALIA/ FRESNO, NEW YORK

Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ‘ਕੁੱਲ ਦੁਨੀਆ ’ਤੇ ਝੰਡਾ ਬੁਲੰਦ ਰਹੂ ਪੰਜਾਬੀ ਦਾ ‘ਗੀਤ ਸਰਕਾਰੀ ਸਮਾਗਮਾਂ ਦੀ ਸ਼ਾਨ ਬਣੇ: ਬਲਜਿੰਦਰ ਮਾਨ

ਮਾਹਿਲਪੁਰ: ਸਾਹਿਤਕ ਗੀਤਕਾਰੀ, ਲੇਖਣੀ ਅਤੇ ਪੱਤਰਕਾਰੀ ਦੇ ਖੇਤਰ ਵਿਚ ਕੌਮਾਂਤਰੀ ਪ੍ਰਸਿੱਧੀ ਖੱਟਣ ਵਾਲੇ ਐਸ ਅਸ਼ੋਕ ਭੌਰਾ ਦੁਆਰਾ ਸਿਰਜਿਆ ਨਵਾਂ ਗੀਤ ਸਾਹਿਤਕ ਤੇ ਸਭਿਆਚਾਰ ਹਲਕਿਆਂ ਵਿਚ ਚਰਚਿਤ ਹੋਇਆ ਹੈ। ਇਹ ਇੱਕ ਅਜਿਹਾ ਗੀਤ ਹੈ ਜੋ ਸਕੂਲਾਂ ਦੀ ਪ੍ਰਾਰਥਨਾ ਅਤੇ ਸਾਰੇ ਸਰਕਾਰੀ ਸਮਾਗਮਾਂ ਦੀ ਸ਼ਾਨ ਬਣਨ ਦੀ ਸਮਰੱਥਾ ਰੱਖਦਾ ਹੈ। ਮਾਤ ਭਾਸ਼ਾ ਪੰਜਾਬੀ ਦੇ ਪ੍ਰਚਾਰ-ਪ੍ਰਸਾਰ ਅਤੇ ਮਾਣ-ਸਨਮਾਨ ਵਿਚ ਵਾਧਾ ਕਰਨ ਵਾਲਾ ਇਹ ਗੀਤ ਕੁੱਲ ਦੁਨੀਆਂ ਵਿਚ ਪਿਆਰਿਆ ਤੇ ਸਤਿਕਾਰਿਆ ਜਾ ਰਿਹਾ ਹੈ-ਇਹ ਵਿਚਾਰ ਸੁਰ ਸੰਗਮ ਵਿੱਦਿਅਕ ਟਰੱਸਟ ਵੱਲੋਂ ਪੰਜਾਬੀ ਗੀਤਕਾਰੀ ਵਿਸ਼ੇ ‘ਤੇ ਕਰਵਾਈ ਇੱਕ ਗੋਸ਼ਟੀ ਮੌਕੇ ਸ਼੍ਰੋਮਣੀ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਨੇ ਆਖੇ। ਉਨ੍ਹਾਂ ਕਿਹਾ ਕਿ ਅਜਿਹੇ ਗੀਤਾਂ ਨੂੰ ਨਵੀਂ ਪਨੀਰੀ ਤੱਕ ਪੁੱਜਦਾ ਕਰਨ ਦੀ ਸਾਡੀ ਸਭ ਦੀ ਜ਼ਿੰਮੇਵਾਰੀ ਹੈ ਤਾਂ ਕਿ ਉਹ ਆਪਣੀ ਅਮੀਰ ਵਿਰਾਸਤ ਨੂੰ ਸੰਭਾਲਣ ਦੇ ਸਮਰੱਥ ਹੋ ਸਕਣ।




ਐਕਟਰ ਡਾਇਰੈਕਟਰ ਅਸ਼ੋਕ ਪੁਰੀ, ਜ਼ਿਲ੍ਹਾ ਖੋਜ ਅਫ਼ਸਰ ਡਾ. ਜਸਵੰਤ ਰਾਏ ਅਤੇ ਨਵੀਆਂ ਕਲਮਾਂ ਨਵੀਂ ਉਡਾਣ ਦੇ ਪ੍ਰੋਜੈਕਟ ਇੰਚਾਰਜ ਉਂਕਾਰ ਸਿੰਘ ਤੇਜੇ ਨੇ ਕਿਹਾ ਕਿ ਅਸ਼ੋਕ ਭੌਰਾ ਨੇ ਦਰਜਨਾਂ ਪੁਸਤਕਾਂ ਨਾਲ ਪੰਜਾਬੀ ਸਾਹਿਤ ਨੂੰ ਅਮੀਰੀ ਬਖਸ਼ੀ ਹੈ ਤੇ ਗੀਤਕਾਰੀ ਦੇ ਖੇਤਰ ਵਿਚ ਵੀ ਸ਼ਾਨਦਾਰ ਪੈੜਾਂ ਪਾਈਆਂ ਹਨ। ਮਾਤ ਭਾਸ਼ਾ ਦੇ ਕੌਮਾਂਤਰੀ ਪੱਧਰ ਤੇ ਪ੍ਰਚਾਰ ਅਤੇ ਪ੍ਰਸਾਰ ਨੂੰ ਹੁਲਾਰਾ ਦੇਣ ਵਾਲਾ ਇਹ ਗੀਤ ਸਰਕਾਰੀ ਸਾਹਿਤਕ ਤੇ ਸੱਭਿਆਚਾਰਕ ਸਮਾਗਮਾਂ ਦੀ ਸ਼ਾਨ ਬਣਨ ਦੇ ਕਾਬਲ ਹੈ। ਵਿਸ਼ੇਸ਼ ਤੌਰ ‘ਤੇ ਇਸ ਗੀਤ ਦੀ ਸਮੀਖਿਆ ਕਰਦਿਆਂ ਸਟੇਟ ਅਵਾਰਡੀ ਟੀਚਰ ਅਜੇ ਕੁਮਾਰ ਖਟਕੜ, ਨਿਤਿਨ ਸੁਮਨ, ਪਰਦੀਪ ਸਿੰਘ ਮੌਜੀ ਅਤੇ ਜਸਵੀਰ ਸਿੱਧੂ ਅਤੇ ਡਾ. ਕੇਵਲ ਰਾਮ ਨੇ ਕਿਹਾ ਕਿ ਇਸ ਗੀਤ ਤੇ ਬੱਚਿਆਂ ਦੀ ਬਹੁਤ ਹੀ ਪ੍ਰਭਾਵਸ਼ਾਲੀ ਕੋਰੀਓਗ੍ਰਾਫੀ ਕਰਵਾਈ ਜਾ ਸਕਦੀ ਹੈ। ਇਹ ਗੀਤ ਜਿੱਥੇ ਮਾਤ ਭਾਸ਼ਾ ਪ੍ਰਤੀ ਪਿਆਰ ਉਪਜਾਉਂਦਾ ਹੈ ਉੱਥੇ ਬੱਚਿਆਂ ਅੰਦਰ ਨਵੇਂ-ਨਰੋਏ ਸੁਪਨੇ ਵੀ ਬੀਜਦਾ ਹੈ। ਉਹ ਸੁਪਨੇ ਹਨ ਆਪਸੀ ਏਕਤਾ, ਸਾਂਝੀਵਾਲਤਾ ਅਤੇ ਇਮਾਨਦਾਰੀ ਦੀਆਂ ਕਿਰਤ ਕਮਾਈਆਂ ਦੇ। ਇਸ ਲਈ ਟਰੱਸਟ ਵੱਲੋਂ ਇਹ ਪੁਰਜ਼ੋਰ ਮੰਗ ਕੀਤੀ ਜਾਂਦੀ ਹੈ ਕਿ ਇਸ ਗੀਤ ਨੂੰ ਸਰਕਾਰੀ ਸਮਾਗਮਾਂ ਵਿਚ ਸ਼ਾਮਿਲ ਕਰਨ ਲਈ ਸਿੱਖਿਆ ਵਿਭਾਗ ਵੱਲੋਂ ਪੱਤਰ ਜਾਰੀ ਕੀਤਾ ਜਾਵੇ। ਸਾਬਕਾ ਸਿੱਖਿਆ ਅਧਿਕਾਰੀ ਬੱਗਾ ਸਿੰਘ ਆਰਟਿਸਟ ਨੇ ਇਸ ਵਿਚਾਰ ਦੀ ਪ੍ਰੋੜਤਾ ਕਰਦਿਆਂ ਕਿਹਾ ਕਿ ਭੌਰਾ ਦੀ ਸੱਭਿਆਚਾਰਕ ਦੇਣ ਲਸਾਨੀ ਹੈ ਜਿਨ੍ਹਾਂ ਨੇ ਦੁਆਬੇ ਵਿੱਚ ਸ਼ੌਂਕੀ ਮੇਲੇ ਦੇ ਆਰੰਭ ਨਾਲ ਪੰਜਾਬੀ ਸੱਭਿਆਚਾਰ ਨੂੰ ਇਲੈਕਟ੍ਰੋਨਿਕ ਮੀਡੀਆ ਦੇ ਯੁਗ ਤੋਂ ਪਹਿਲਾਂ ਮਹਾਨਤਾ ਪ੍ਰਦਾਨ ਕੀਤੀ। ਸੁਖਮਨ ਸਿੰਘ ਨੇ ਕਿਹਾ ਕਿ ਇਸ ਗੀਤ ਦੇ ਰਚਨਹਾਰੇ ਅਫਜ਼ਲ ਸਾਹਿਰ ਅਤੇ ਅਸ਼ੋਕ ਭੌਰਾ ਹਨ। ਗਾਖਲ ਗਰੁੱਪ ਦੀ ਇਸ ਸੰਗੀਤਕ ਪੇਸ਼ਕਾਰੀ ਵਿਚ ਸੱਤੀ ਪਾਬਲਾ ਅਤੇ ਬੀਬਾ ਫ਼ਲਕ ਇਜਾਜ਼ ਦੀ ਗਾਇਕੀ ਦਾ ਜਾਦੂ ਸਿਰ ਚੜ੍ਹ ਬੋਲਿਆ ਹੈ। ਸੰਗੀਤਕਾਰ ਅਲੀ ਹੈਦਰ ਟੀਪੂ ਦੀਆਂ ਸੰਗੀਤਕ ਧੁਨਾਂ ਇਸ ਗੀਤ ਦੇ ਫਿਲਮਾਂਕਣ ਨਾਲ ਹਰ ਕਿਸੇ ਨੂੰ ਨੱਚਣ ਲਈ ਮਜ਼ਬੂਰ ਕਰਦੀਆਂ ਹਨ। ਇਸ ਮੌਕੇ ਅੰਜੂ ਵ. ਰੱਤੀ, ਹਰਜਿੰਦਰ ਸਿੰਘ ਨਿਆਣਾ, ਕਮਲੇਸ਼ ਕੌਰ ਸੰਧੂ, ਪਰਮਿਲਾ ਦੇਵੀ, ਵੰਧਨਾ ਹੀਰ, ਮਨਜਿੰਦਰ ਕੁਮਾਰ, ਦਲਜੀਤ ਕੌਰ, ਹਰਮਨਪ੍ਰੀਤ ਕੌਰ, ਮਨਜੀਤ ਕੌਰ, ਹਰਵੀਰ ਮਾਨ, ਨਿਧੀ ਅਮਨ ਸਹੋਤਾ, ਕੁਲਦੀਪ ਕੌਰ ਬੈਂਸ ਸਮੇਤ ਸੰਗੀਤ ਪ੍ਰੇਮੀ ਸ਼ਾਮਿਲ ਹੋਏ।


**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

**Ph: (408) 737-7100**

www.homeopathicvibes.com

*We sell and ship homeopathic remedies through out North America.*


# ਅਰਪਨ ਲਿਖਾਰੀ ਸਭਾ ਦੀ ਜੁਲਾਈ ਮਹੀਨੇ ਦੀ ਇਕੱਤਰਤਾ

## *ਸ਼ਾਇਰ ਕੇਸਰ ਸਿੰਘ ਨੀਰ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ 26 ਜੁਲਾਈ ਨੂੰ*

**ਕੈਲਗਰੀ (ਸਤਨਾਮ ਸਿੰਘ ਢਾਅ):** ਅਰਪਨ ਲਿਖਾਰੀ ਸਭਾ ਦੀ ਮਹੀਨਾਵਾਰ ਮੀਟਿੰਗ ਲੰਘੀ 12 ਜੁਲਾਈ ਨੂੰ ਡਾ. ਜੋਗਾ ਸਿੰਘ ਸਹੋਤਾ ਅਤੇ ਮਹਿਮਾਨ ਮੁਹੰਮਦ ਸਈਦ ਵੜੈਚ ਦੀ ਸਦਾਰਤ ਵਿਚ ਹੋਈ। ਸ਼ਾਇਰ ਅਤੇ ਗਾਇਕ ਸੁਖਮੰਦਰ ਗਿੱਲ ਨੇ ਲੱਚਰ ਗੀਤਕਾਰੀ ਨੂੰ ਨਕਾਰਦਾ ਆਪਣਾ ਗੀਤ ਸੁਣਾ ਕੇ ‘ਯਾਰਾਂ ਦੀ ਮੋਟਰ ‘ਤੇ ਨਾ ਮੁੜ ਖੜਕਣ ਗਲਾਸੀਆਂ/ਜੱਟਾਂ ਦੇ ਹੱਥ ‘ਚੋਂ ਖੋਹ ਲਓ ਦਿੱਤੀਆਂ ਗੰਡਾਸੀਆਂ/ਬੰਦੂਕਾਂ ਦੀ ਥਾਂ ਚਲਾ ਦਿਓ ਹਲ਼ ਤੇ ਪੰਜਾਲ਼ੀਆਂ/ ਗੀਤਾਂ ‘ਚ ਹੁਣ ਨਾ ਬੀਜਿਓ ਫ਼ਸਲਾਂ ਦੋਨਾਲੀਆਂ-ਨਵੇਂ ਗੀਤਕਾਰਾਂ ਨੂੰ ਉਸਾਰੂ ਤੇ ਮਿਆਰੀ ਗੀਤ ਲਿਖਣ ਦੀ ਤਾਗੀਦ ਕਰ ਗਿਆ। ਇਸ ‘ਤੇ ਚਰਚਾ ਕਰਦਿਆਂ ਜ਼ੀਰ ਸਿੰਘ ਬਰਾੜ ਨੇ ਕਿਹਾ ਕਿ ਅਜਿਹੇ ਗੀਤਕਾਰ ਸਾਡੀ ਪੱਗ ਉੱਚੀ ਕਰਦੇ ਹਨ ਅਤੇ ਜੋਗਾ ਸਿੰਘ ਸਹੋਤਾ ਨੇ ਰਿਆਜ਼ ਕੀਤੀ ਹੋਈ ਸੁਰ ਦੀ ਕਮਾਲ ਦੀ ਗਾਇਕੀ ਕਰਾਰ ਦਿੱਤਾ।



ਮਾਸਟਰ ਹਰਭਜਨ ਸਿੰਘ ਨੇ ਵਿਅੰਗ ਲੇਖਕ ਗੁਰਨਾਮ ਸਿੰਘ ਤੀਰ ਦਾ ਲੇਖ ‘ਜ਼ਮਾਨਾ ਖ਼ਰਾਬ ਹੈ’ ਸੁਣਾ ਕੇ ਹਾਸੇ-ਠੱਠੇ ਦਾ ਮਾਹੌਲ ਸਿਰਜਿਆ। ਡਾ. ਮਨਮੋਹਨ ਬਾਠ ਨੇ ਫ਼ਿਲਮੀ ਗੀਤ ‘ਪਰਬਤ ਕੇ ਪੈਰੋਂ ਪਰ ਸ਼ਾਮ ਕਾ ਬਸੇਰਾ ਹੈ’ ਗਾ ਕੇ ਮੁਹੰਮਦ ਰਫ਼ੀ ਦੀ ਯਾਦ ਤਾਜ਼ਾ ਕਰ ਦਿੱਤੀ। ਡਾ. ਜੋਗਾ ਸਿੰਘ ਸਹੋਤਾ ਨੇ ਜਸਵੀਰ ਸਿੰਘ ਸਿਹੋਤਾ ਦਾ ਲਿਖਿਆ ਗੀਤ ‘ਸੁਫ਼ਨਾ ਤੇਰੇ ਪੰਜਾਬ ਦਾ ਸਾਡੇ ਦਿਲ ਵਿਚ ਰਹਿ ਗਿਆ’ ਅਤੇ ਕੇਸਰ ਸਿੰਘ ਨੀਰ ਦੀ ਇਹ ਗ਼ਜ਼ਲ ‘ਇਹ ਵੀ ਅਸਾਡਾ ਵਹਿਮ ਹੈ ਮਰ ਕੇ ਮਿ਼ਲਾਂਗੇ ਦੋਸਤਾ/ ਇਹ ਹੈ ਨਿਸ਼ਾਨੀ ਹਾਰ ਦੀ ਉਹ ਮਾਜਰਾ ਕੁੱਝ ਹੋਰ ਹੈ’। ਤਰੰਨਮ ਵਿਚ ਪੇਸ਼ ਕਰ ਕੇ ਸਰੋਦੀ ਰੰਗ ਬੰਨ੍ਹਿਆਂ।

ਦਰਸ਼ਨ ਸਿੰਘ ਬਰਾੜ ਦੀ ਛੰਦ-ਬਧ ਕਵਿਤਾ ‘ਨਾ਼ਲ ਮਿੱਤਰਾਂ ਦਗ਼ਾ ਕਮਾਈਏ ਨਾ’, ਬਿਨਾਂ ਸੱਦਿਆਂ ਕਿਸੇ ਦੇ ਜਾਈਏ ਨਾ’, ਬਿਨ ਦੱਸਿਆਂ ਕਿਸੇ ਦੇ ਆਈਏ ਨਾ’ ਸਿਆਣੀਆਂ ਮੱਤਾਂ ਦਾ ਖ਼ੂਬਸੂਰਤ ਪਟਾਰਾ ਖੋਲ੍ਹ ਗਈ। ਜ਼ੀਰ ਸਿੰਘ ਬਰਾੜ ਨੇ ਪੰਜਾਬ ਰਾਜ ਬਿਜਲੀ ਬੋਰਡ ਵਿਚ ਨੌਕਰੀ ਕਰਦਿਆਂ, ਸਮੇਂ ਦੇ ਨਿਜੀ ਤਜਰਬੇ ਸਾਂਝੇ ਕਰਦਿਆਂ ਆਖਿਆ ਕਿ ਮਿਹਨਤ ਅਤੇ ਦਿਆਨਤਦਾਰੀ ਨਾ਼ਲ ਕੀਤੀ ਸਰਕਾਰੀ ਨੌਕਰੀ ਦੀ ਤਸੱਲੀ ਉਸ ਦਾ ਸਰਮਾਇਆ ਹੈ। ਅਰਪਨ ਲਿਖਾਰੀ ਸਭਾ ਦੇ ਯੋਗਦਾਨ ਬਾਰੇ ਉਨ੍ਹਾਂ ਕਿਹਾ, ਜਿਥੇ ਸਾਹਿਤਕ ਚਰਚਾ ਹੁੰਦੀ ਹੈ ਓਥੇ ਨਾਲ ਨੇਕ ਵਿਚਾਰ ਵੀ ਸੁਣਨ ਨੂੰ ਮਿਲਦੇ ਹਨ। ਜਸਵੀਰ ਸਿਹੋਤਾ ਨੇ ਪੰਜਾਬ ਫੇਰੀ ਦੌਰਾਨ ਹੋਏ ਅਨੁਭਵ ਸਾਂਝੇ ਕੀਤੇ ਅਤੇ ਆਪਣੀ ਤਾਜ਼ਾ ਕਵਿਤਾ ‘ਐਸਾ ਵਰ ਜੋੜੀਂ ਮਾਲਕਾ ਪਹਿਲੇ ਰਿਸ਼ਤੇ ਨਾ ਜਾਣ ਤਰੇੜੇ’ ਸੁਣਾਈ।

ਸਤਨਾਮ ਸਿੰਘ ਢਾਅ ਨੇ ਵਿਧਾਤਾ ਸਿੰਘ ਧੀਰ ਦੀ ਲਿਖੀ, ਮਹਾਰਾਜਾ ਰਣਜੀਤ ਸਿੰਘ ਦੇ ਪਰਜਾ ਦੇ ਸੇਵਾਦਾਰ ਵਜੋਂ ਕੀਤੀ ਸੇਵਾ ਨੂੰ ‘ਪਾਂਡੀ ਪਾਤਸ਼ਾਹ’ ਪ੍ਰਭਾਵਸ਼ਾਲੀ ਕਵਿਤਾ ਰਾਹੀਂ ਪੇਸ਼ ਕੀਤਾ। ਕੈਲਗਰੀ ਦੇ ਗੁਪਤ-ਦਾਨੀ ਸ. ਮੁਖਿੰਦਰਪਾਲ ਸਿੰਘ ਉੱਪਲ਼ ਨੇ ਪੰਜਾਬ ਜਾ ਕੇ ਨੇਕ ਕੰਮਾਂ ਲਈ ਦਿਲ ਖੋਲ੍ਹ ਕੇ ਗੁਪਤ-ਦਾਨ ਕਰਨ ਦੀ ਅਹਿਮ ਜਾਣਕਾਰੀ ਸਾਂਝੀ ਕੀਤੀ ਅਤੇ ਲੋੜਵੰਦਾਂ ਦੀ ਮਦਦ ਕਰਨ ਲਈ ਵੀ ਪ੍ਰੇਰਨਾ ਦਿੱਤੀ।

ਦਿੱਲੀ ਤੋਂ ਕੈਲਗਰੀ ਦੀ ਫੇਰੀ ਤੇ ਆਏ ਬਿਜਨਿਸਮੈਨ ਜਸਵਿੰਦਰ ਸਿੰਘ ਨੇ 1984 ਦੇ ਦਿੱਲੀ ਵਿਚ ਹੋਏ ਸਿੱਖਾਂ ਦੇ ਕਤਲੇਆਮ ਦੀ ਹੱਡ ਬੀਤੀ ਅਤੇ ਜੱਗ ਬੀਤੀ ਦੇ ਅੱਖੀਂ ਵੇਖੇ ਹਾਲਾਤ ਬਿਆਨ ਕੀਤੇ। ਲਹਿੰਦੇ ਪੰਜਾਬ ਤੋਂ ਆਏ ਜਨਾਬ ਮੁਹੰਮਦ ਸਈਦ ਵੜੈਚ ਨੇ ਸਭਾ ਦੇ ਮਿਆਰੀ ਪ੍ਰੋਗਰਾਮ ਦੀ ਤਾਰੀਫ਼ ਕੀਤੀ ਅਤੇ ਬਾਬਾ ਬੁੱਲ੍ਹੇ ਸ਼ਾਹ ਦਾ ਕਲਾਮ ਵਿਲੱਖਣ ਅੰਦਾਜ਼ ਵਿਚ ਸੁਣਾ ਕੇ ਹਾਜ਼ਰੀ ਲਗਵਾਈ।

ਸਕੱਤਰ ਜਸਵੰਤ ਸਿੰਘ ਸੇਖੋਂ ਦੀ ਗ਼ੈਰ ਹਾਜ਼ਰੀ ਵਿਚ ਜਗਦੇਵ ਸਿੰਘ ਸਿੱਧੂ ਨੇ ਢੁੱਕਵੀਆਂ ਟਿੱਪਣੀਆਂ ਕਰਦੇ ਹੋਏ ਸਕੱਤਰ ਦੀਆਂ ਸੇਵਾਵਾਂ ਨਿਭਾਉਂਦਿਆਂ ਸਰੋਤਿਆਂ ਨੂੰ ਕੀਲੀ ਰੱਖਿਆ। ਅਖੀਰ ਵਿਚ ਪ੍ਰਧਾਨ ਡਾ.ਜੋਗਾ ਸਿੰਘ ਸਹੋਤਾ ਨੇ ਪੇਸ਼ਕਾਰੀਆਂ ਦੇ ਮਿਆਰ ਨੂੰ ਸਲਾਹਿਆ, ਇਨ੍ਹਾਂ ਬਾਰੇ ਹੋਈ ਚਰਚਾ ਨੂੰ ਉਸਾਰੂ ਦੱਸਿਆ ਅਤੇ ਹਾਜ਼ਰੀਨ ਦਾ ਦਿਲੋਂ ਧੰਨਵਾਦ ਕੀਤਾ।

ਨਾਲ ਹੀ ਪਿਛਲੇ ਦਿਨੀਂ ਵਿਛੜ ਗਏ ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਨੂੰ ਯਾਦ ਕਰਦਿਆਂ ਜੁਲਾਈ 26,ਦਿਨ ਸ਼ਨਿੱਚਰਵਾਰ ਨੂੰ ਦੁਪਹਿਰ 1 ਵਜੇ ਟੈਂਪਲ ਕਮਿਊਨਟੀ ਹਾਲ ਵਿਚ ਰੱਖੇ ਸ਼ਰਧਾਂਜਲੀ ਸਮਾਗਮ ਵਿਚ ਪਹੁੰਚਣ ਦੀ ਪੁਰਜ਼ੋਰ ਅਪੀਲ ਵੀ ਕੀਤੀ।


**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

**Grand Opening**

**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**

FAX: 209.982.9997

www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**

FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**

FAX: 209.982.9997


TBF THE BAINS FIRM




Personal Injury and Wrongful Death Attorneys

Case Results*

$10 MILLION Motorcycle vs. Truck Collision
$8 MILLION Wrongful Death
$5.25 MILLION Traumatic Brain Injury
$1.1 MILLION Burn Injury
$1.1 MILLION Pedestrian vs. Motor Vehicle Collision
*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease, At any Age, Try Alternative Treatment






Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577 State of CA

Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# Matrimonials

## ਲੜਕੇ ਦੀ ਲੋੜ ਹੈ

Ramgarhia Sikh family seeking a suitable match for their Doctor daughter, 30, 5'6". MBBS (Silver Medalist) from India. Presently in first year of fellowship after Residency (internal medicine) in USA. Father retired as Colonel from Indian Army. Mother working as Lecturer. Caste no bar. Contact us at: +91 9471004633 and +1 (570) 880-0136.

29-32

Looking for a suitable match for our Canadian Citizen Ramgarhia Sikh daughter 32, 5'-8" beautiful, family oriented with Bachelor of Commerce. The boy must be from the USA or Canada, professionally qualified, good-natured, well settled, and with good family values. Serious inquiries only. Please respond to kalsi.construction@gmail.com with biodata.

29-32

## ਲੜਕੀ ਦੀ ਲੋੜ ਹੈ

Sikh family looking for a suitable match for their US citizen, son (wears turban), 24, 5'7", BS (Computer Science) and Masters (Computer Information System) from UWM. He is well settled and working full time in Wisconsin for a renowned MNC and earning a decent package. We are a well settled family living in Wisconsin. Caste Ramdasia (Caste No Bar). Boy lives with grandparents, parents and sister in Wisconsin. If interested, please call at +1 714 699 4757 (Father) or Email: satnamsingh18@hotmail.com

29-32

Seeking an educated and professional match (American citizen or Permanent Resident) for a 1992-born Punjab boy (Ramdasia and others), 5'8". Education: B.Tech, MBA (IIT Delhi), MS in Business Analytics (University of Colorado). Currently working as a Business Analyst in Chicago, USA; H1B picked recently. Belongs to a well-educated and reputed family. Caste no bar. Please contact at +91-7589242016 (WhatsApp) and +1-7204996020.

26-29

Jatt Sikh family looking for a suitable match for their US citizen, son, 25, 5'10" tall, holding a degree in Chemical Engineering from UT, Austin-TX. He is currently working in San Francisco. He belongs to a well-settled, respected Jatt Sikh family in the USA. He is the only child with no siblings. if interested, please contact: 501-580-7305 or email: sarabjitb27@gmail.com

Ravidasia Sikh family looking for a suitable match for their US Green card holder, son, 31, 6'3" tall. He is a certified nursing assisant and now running his own trucking business. He is currently residing in Franklin,Wisconsin. He is earning 150k to 200k annually. Preffered a girls in the USA. If interested, please contact: +91-95014-52552 (Whatsapp)

25-28

Seeking Amritdhari (dastar wearing/ready to wear) and educated girl for issueless, innocent divorcee Gursikh boy, well settled in the US. 37 years old, 5' -11" tall, MS degree holder, works as Engineering Manager. Green card petition approved in 2016. Homeowner in San Francisco, Bay Area, California since 2021. Please contact us at +1-510-399-4085 or +91-98993-79442 (Whatsapp) or E-Mail at: cjsingh55@gmail.com

Jatt Sikh family seeking a match for their son, born in America. He is 22 years old, 6ft tall and wears a Turban. He did study in computer science and working as a Software Engineer. He has property both in America and India. Seeking a nice girl that enjoys family and lives in USA. He has no siblings. Please contact us at: 206-208-4064 or E-Mail at gursikhjatt@gmail.com

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

Jatt Sikh SF Bay Area family seeking bride for their USA born Son 24, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com

# ਸ਼ਾਇਰ ਈਸ਼ਰ ਸਿੰਘ ਮੋਮਨ ਦਾ ਦੇਹਾਂਤ

ਸੈਨ ਹੋਜੇ: ਪ੍ਰਸਿੱਧ ਸ਼ਾਇਰ ਸ. ਈਸ਼ਰ ਸਿੰਘ ਮੋਮਨ 98ਵੇਂ ਵਰ੍ਹੇ ਦੀ ਤੰਦਰੁਸਤੀ ਵਾਲੀ ਉਮਰ ਭੋਗ ਕੇ 8 ਜੁਲਾਈ, 2025 ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਏ ਹਨ। ਉਹ ਪੰਜਾਬ ਦੇ ਪਿੰਡ ਲੰਗੜੋਆ ਜ਼ਿਲ੍ਹਾ ਨਵਾਂ ਸ਼ਹਿਰ ਤੋਂ ਜ਼ਿੰਦਗੀ ਦਾ ਸਫ਼ਰ ਤੈਅ ਕਰਦੇ ਹੋਏ, ਜਵਾਨੀ ਵਿਚ ਰੋਜ਼ੀ-ਰੋਟੀ ਕਮਾਉਣ ਲਈ ਦਿੱਲੀ ਪਹੁੰਚੇ। ਗੁਰਬਾਣੀ ਅਤੇ ਸੂਫ਼ੀ ਸਾਹਿਤ ਪੜ੍ਹਨ ਉਪਰੰਤ ਉਸੇ ਰੰਗ ਵਿਚ ਰੰਗੀਆਂ ਗ਼ਜ਼ਲਾਂ ਉਰਦੂ ਅਤੇ ਪੰਜਾਬੀ ਵਿਚ ਲਿਖੀਆਂ। ਇੱਥੇ ਹੀ ਉਨ੍ਹਾਂ ਦਾ ਮੇਲ ਮਰਹੂਮ ਸ਼ਾਇਰ ਆਜ਼ਾਦ ਜਲੰਧਰੀ ਨਾਲ਼ ਹੋਇਆ। ਉਨ੍ਹਾਂ ਦੇ ਸਾਥ ਨਾਲ਼ ਗੁਰੂ ਘਰਾਂ ਅਤੇ ਹੋਰ ਕਵੀ ਦਰਬਾਰਾਂ ਵਿਚ ਹਿੱਸਾ ਲੈਂਦੇ ਰਹੇ। ਤਕਰੀਬਨ ਤੀਹ ਸਾਲ ਬਾਅਦ ਸੰਨ 1984 ਵਿਚ ਅਮਰੀਕਾ ਪੁੱਜੇ। ਇੱਥੇ ਉਨ੍ਹਾਂ ਦੀ ਮੁਲਾਕਾਤ ਮੁੜ ਆਜ਼ਾਦ ਜਲੰਧਰੀ ਨਾਲ਼ ਹੋ ਗਈ। ਉਨ੍ਹਾਂ ਦੀਆਂ ਰਚਨਾਵਾਂ ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਦੀਆਂ ਮਾਸਿਕ ਮਿਲਣੀਆਂ ਅਤੇ ਗੁਰੂ ਘਰਾਂ ਵਿਚ ਹਰਮਨ ਪਿਆਰੀਆਂ ਹੋਈਆਂ। ਉਹ ਆਪਣੇ ਆਖ਼ਰੀ ਦਮ ਤੱਕ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਦੇ ਮੈਂਬਰ ਰਹੇ। ਇਸ ਕਾਰਜ ਕਾਲ ਦੌਰਾਨ ਉਨ੍ਹਾਂ ਦੇ ਦੋ ਕਾਵਿ-ਸੰਗ੍ਰਿਹ 'ਗ਼ਜ਼ਲ ਗੁਲਜ਼ਾਰ' ਅਤੇ 'ਕਲਮਾਂ ਦੀ ਕਸਤੂਰੀ' ਪ੍ਰਕਾਸ਼ਿਤ ਹੋਏ। ਡਾ. ਜਗਤਾਰ ਦੇ ਸ਼ਬਦਾਂ ਵਿਚ, 'ਮੋਮਨ ਦੀਆਂ ਗ਼ਜ਼ਲਾਂ ਭਾਵੇਂ ਪਰੰਪਰਈ ਹਨ ਪਰ ਉਸਦੀ ਸਾਦੀ ਭਾਸ਼ਾ, ਮੁਹਾਵਰੇ, ਪਰਬਚਨਮਈ ਸ਼ਿਅਰ ਸਰਾਹਣਯੋਗ ਹਨ। ਸਿਆਸੀ ਲੋਕਾਂ ਦੀ ਚਾਲਬਾਜ਼ੀ, ਜੁਗਾੜਬੰਦੀ, ਬਦਚਲਨੀ ਵੀ ਉਸਦੀ ਨਜ਼ਰ ਤੋਂ ਛੁਪੀ ਨਹੀਂ। ਉਹ ਉਨ੍ਹਾਂ 'ਤੇ ਭਰਪੂਰ ਵਿਅੰਗ ਰਾਹੀਂ, ਕਦੇ ਚੋਭ ਰਾਹੀਂ ਕਦੇ ਮਸ਼ਕਰੀ ਰਾਹੀਂ ਅੰਜਾਮ ਦਿੰਦਾ ਹੈ।'

ਸਾਧ ਪੂਰਾ ਸਾਧ ਹੈ ਨਹੀਂ, ਚੋਰ ਪੂਰਾ ਚੋਰ ਹੈ।
ਕਾਤਲ ਦੇ ਹੱਥ ਵਿਚ ਕਾਨੂੰਨ ਦੀ ਹੁਣ ਡੋਰ ਹੈ।

ਵਧੀਆ ਸ਼ਾਇਰ ਹੋਣ ਦੇ ਨਾਲ਼-ਨਾਲ਼ ਮੋਮਨ ਆਗਿਆਕਾਰ ਪੁੱਤਰ, ਸੁਹਿਰਦ ਭਰਾ, ਦੋਸਤ, ਆਦਰਸ਼ ਪਤੀ ਅਤੇ ਬਾਪ ਸਨ। ਉਨ੍ਹਾਂ ਆਪਣੀ ਬਿਮਾਰ ਮਾਂ ਦੀ ਆਪਣੇ ਭਰਾ, ਭਰਜਾਈ ਅਤੇ ਸੁਪਤਨੀ ਨਾਲ਼ ਮਿਲ ਕੇ ਅਠਾਈ ਸਾਲ ਸੇਵਾ ਕੀਤੀ। ਇਸ ਤੋਂ ਬਾਅਦ ਦਸ ਸਾਲ ਇਸੇ ਤਰ੍ਹਾਂ



ਬਿਮਾਰ ਪਤਨੀ ਨੂੰ ਸੰਭਾਲਿਆ। ਉਹ ਸੈਨਹੋਜ਼ੇ ਆਪਣੇ ਸਪੁੱਤਰ ਪਰਦੀਪ ਸਿੰਘ ਪਾਬਲਾ ਅਤੇ ਨੂੰਹ ਮਨਜੀਤ ਕੌਰ ਪਾਬਲਾ ਨਾਲ਼ ਰਹੇ। ਉਹ ਆਪਣੇ ਪਿੱਛੇ ਛੋਟੀ ਭੈਣ ਅਮਰਜੀਤ ਕੌਰ, ਭਰਾ ਮਨਮੋਹਣ ਸਿੰਘ, ਦੋ ਸਪੁੱਤਰ ਜਰਨੈਲ ਸਿੰਘ ਅਤੇ ਸੁਰਿੰਦਰ ਸਿੰਘ, ਬੇਟੀ ਭੁਪਿੰਦਰ ਕੌਰ, ਬਾਈ ਪੋਤੇ-ਪੋਤੀਆਂ, ਉੱਨੀ-ਪੜਪੋਤੇ-ਪੜਪੋਤੀਆਂ ਦਾ ਹਰਿਆ-ਭਰਿਆ ਬਾਗ਼ ਛੱਡ ਗਏ ਹਨ। ਉਨ੍ਹਾਂ ਦਾ ਨਿਮਰਤਾ ਵਾਲ਼ਾ ਸੁਭਾਅ ਉਨ੍ਹਾਂ ਦੀ ਵੱਖਰੀ ਪਛਾਣ ਕਰਵਾਉਂਦਾ ਸੀ। ਉਨ੍ਹਾਂ ਦਾ ਪਰਿਵਾਰ ਅਤੇ ਵਿਪਸਾਅ ਆਪਣੇ ਇਸ ਸਤਿਕਾਰਤ ਸ਼ਾਇਰ ਲਈ 17 ਜੁਲਾਈ, 2025 ਨੂੰ 99ਵਾਂ ਜਨਮ ਦਿਨ ਮਨਾਉਣ ਦੀਆਂ ਤਿਆਰੀਆਂ ਕਰ ਰਹੇ ਸਨ ਪਰ ਸਵਾਸਾਂ ਦੀ ਪੂੰਜੀ ਪਹਿਲਾਂ ਹੀ ਖ਼ਤਮ ਹੋ ਗਈ। ਉਨ੍ਹਾਂ ਦੇ ਤੁਰ ਜਾਣ ਨਾਲ਼ ਜਿੱਥੇ ਪਰਿਵਾਰ ਦੇ ਜੀਅ ਗ਼ਮਗੀਨ ਹਨ ਉੱਥੇ ਪੰਜਾਬੀ ਸਾਹਿਤਕ ਹਲਕਿਆਂ ਵਿਚ ਵੀ ਉਦਾਸੀ ਦੇ ਬੱਦਲ ਛਾਏ ਹੋਏ ਹਨ। ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਵਾਲਿਆਂ ਵਿਚ ਕੁਲਵਿੰਦਰ, ਜਗਜੀਤ, ਪ੍ਰੋ. ਸੁਰਿੰਦਰ ਸਿੰਘ ਸੀਰਤ, ਡਾ. ਸੁਖਵਿੰਦਰ ਕੰਬੋਜ, ਅਮਰਜੀਤ ਕੌਰ ਪੰਨੂੰ, ਤਾਰਾ ਸਿੰਘ ਸਾਗਰ, ਅਮਰਜੀਤ ਸਿੰਘ ਜੌਹਲ, ਕੰਵਲਦੀਪ ਕੌਰ, ਸੰਦੀਪ ਕੌਰ, ਸੁਰਿੰਦਰ ਸਿੰਘ ਧਨੋਆ, ਜਸਵਿੰਦਰ ਕੌਰ ਧਨੋਆ, ਅਸ਼ੋਕ ਭੌਰਾ, ਡਾ. ਗੁਰਪ੍ਰੀਤ ਸਿੰਘ ਧੁੱਗਾ, ਹਰਜਿੰਦਰ ਕੰਗ, ਸੰਤੋਖ ਸਿੰਘ ਮਿਨਹਾਸ, ਅਵਤਾਰ ਗੋਂਦਾਰਾ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਪ੍ਰੋ. ਬਲਜਿੰਦਰ ਸਿੰਘ ਸਵੈਚ, ਪ੍ਰੋ. ਸੁਖਦੇਵ ਸਿੰਘ, ਚਰਨਜੀਤ ਸਿੰਘ ਪੰਨੂ, ਸੁਰਜੀਤ ਸਖੀ, ਗੁਲਸ਼ਨ ਦਿਆਲ, ਡਾ. ਸੁਖਪਾਲ ਸੰਘੇੜਾ, ਐਸ਼ ਕੁਮ ਐਸ਼ ਵਿਕ, ਮਨਜੀਤ ਕੌਰ ਸੇਖੋਂ, ਦਲਵੀਰ ਦਿਲ ਨਿੱਜਰ, ਹਰਪ੍ਰੀਤ ਕੌਰ ਧੂਤ, ਜਸਵੰਤ ਸ਼ੀਂਹਮਾਰ, ਕਮਲ ਬੰਗਾ, ਰਾਠੇਸ਼ਵਰ ਸਿੰਘ ਰਾਠੀ, ਮੱਖਣ ਲੁਹਾਰ, ਇੰਦਰਜੀਤ ਗਰੇਵਾਲ, ਜਗਤਾਰ ਗਿੱਲ, ਤਰਲੋਚਨ ਸਿੰਘ ਦੁਪਾਲਪੁਰ, ਜਸਪਾਲ ਸੈਣੀ, ਬਲਬੀਰ ਸਿੰਘ ਐੱਮ ਏ, ਸੁਖਦੇਵ ਸਾਹਿਲ, ਵਿਜੇ ਸਿੰਘ ਅਤੇ ਗਗਨਦੀਪ ਮਾਹਲ, ਅਭੀਤਾਬ ਸੈਣੀ ਅਤੇ ਲਾਜ ਨੀਲਮ ਸੈਣੀ ਆਦਿ ਦੇ ਨਾਮ ਵਰਣਨਯੋਗ ਹਨ।

*-ਰਿਪੋਰਟ: ਲਾਜ ਨੀਲਮ ਸੈਣੀ*
*ਫ਼ੋਨ: 510-502-0551*

# ਸਮਾਧ ਭਾਈ ਦੀ ਸੰਗਤ ਨੇ ਬਾਬਾ ਰੂਪ ਚੰਦ ਦੀ ਬਰਸੀ ਮਨਾਈ

ਫਰਿਜ਼ਨੋ: ਨਿਊ ਇੰਡੀਆ ਸਵੀਟ ਐਂਡ ਸਪਾਈਸ ਵਾਲੇ ਜਸਵਿੰਦਰ ਸਿੰਘ ਅਤੇ ਡਾ. ਮਲਕੀਤ ਸਿੰਘ ਕਿੰਗਰਾ, ਸ. ਸੁਖਦੇਵ ਸਿੰਘ ਨੂੰ ਮੁੱਖ ਰੱਖ ਕੇ 11 ਜੁਲਾਈ ਨੂੰ ਸ੍ਰੀ ਅਖੰਡ ਪਾਠ ਪ੍ਰਕਾਸ਼ ਹੋਏ, ਤੇ 13 ਜੁਲਾਈ ਨੂੰ ਭੋਗ ਪਾਏ ਗਏ। ਉਪਰੰਤ ਕੀਰਤਨ ਦਰਬਾਰ ਅਤੇ ਗੁਰਮਤਿ ਨਿਹਾਲ ਕੀਤਾ। ਕਵੀਸ਼ਰ ਮਨਜੀਤ ਸਿੰਘ ਪੱਤੜ ਤੇ ਸਾਥੀਆਂ ਨੇ ਕਵੀਸ਼ਰੀ ਨਾਲ ਸੰਗਤ ਨਾਲ ਸਾਂਝ ਪਾਈ। ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੁੱਟ









ਸ਼ਾਨੇ ਪੰਜਾਬ ਅਤੇ ਸਮੂਹ ਪਿੰਡ ਸਮਾਧ ਭਾਈ (ਮੋਗਾ) ਦੀ ਸੰਗਤ ਵੱਲੋਂ ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਜੀ ਤੋਂ ਵਰੋਸਾਏ ਬਾਬਾ ਭਾਈ ਰੂਪ ਚੰਦ ਜੀ ਦੀ ਦੂਸਰੀ ਬਰਸੀ ਫਰਿਜ਼ਨੋ ਦੇ ਗੁਰਦੁਆਰਾ ਨਾਨਕਸਰ ਕਰਨੀਲੀਆ ਐਵੇਨਿਊ ਫਰਿਜ਼ਨੋ ਵਿਖੇ ਸ਼ਰਧਾ ਨਾਲ ਮਨਾਈ ਗਈ। ਭਾਈ ਰੂਪ ਚੰਦ ਜੀ, ਨੇ ਛੇਵੀਂ ਪਾਤਸ਼ਾਹੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਖ਼ਾਲਸਾ ਪੰਥ ਦੀ ਨਿਸ਼ਕਾਮ ਸੇਵਾ ਕੀਤੀ। ਉਨ੍ਹਾਂ ਦੀ ਬਰਸੀ ਵਿਚਾਰਾਂ ਹੋਈਆਂ। ਮਲਕੀਤ ਸਿੰਘ ਕਿੰਗਰਾ ਨੇ ਸੰਗਤ ਨੂੰ ਪ੍ਰੋਗਰਾਮ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਵਿਦੇਸ਼ ਵਿਚ ਜੰਮ-ਪਲ ਪੀੜ੍ਹੀ ਨੂੰ ਗੁਰਮਤਿ ਅਤੇ ਪਿੰਡ ਦੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਵਧੀਆ ਉਪਰਾਲਾ ਹੈ। ਇਸ ਮੌਕੇ ਢਾਡੀ ਸੰਦੀਪ ਸਿੰਘ ਲੁਹਾਰਾ ਨੇ ਗੁਰੂ ਜਸ ਸਰਵਣ ਕਰਵਾਇਆ ਅਤੇ ਭਾਈ ਰੂਪ ਚੰਦ ਦੇ ਜੀਵਨ 'ਤੇ ਝਾਤ ਪਵਾਈ। ਉਨ੍ਹਾਂ ਦੇ ਬੇਟੇ ਅੰਗਦ ਸਿੰਘ ਨੇ ਵੀ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਵਰਤਿਆ। ਇਸ ਮੌਕੇ ਸਰਪੰਚ ਅੰਗ੍ਰੇਜ਼ ਸਿੰਘ ਸੰਧੂ ਉਚੇਚੇ ਤੌਰ 'ਤੇ ਓਹਾਇਓ ਸਟੇਟ ਤੋਂ ਸਮਾਗਮ ਵਿਚ ਸ਼ਿਰਕਤ ਕਰਨ ਲਈ ਪਹੁੰਚੇ ਹੋਏ ਸਨ। ਭਾਈ ਰੂਪ ਚੰਦ ਨੂੰ ਸਮਰਪਿਤ ਇੱਕ ਸੋਵੀਨੀਅਰ ਵੀ ਕੱਢਿਆ ਗਿਆ ਅਤੇ ਢਾਡੀ ਸੰਦੀਪ ਸਿੰਘ ਲੁਹਾਰਾ ਅਤੇ ਜਥੇ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ।

*-ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ*

# ਏਕਨੂਰ ਅਤੇ ਨਿਮਰਤ ਨੇ ਰੌਸ਼ਨ ਕੀਤਾ ਦੋਸਾਂਝ ਪਰਿਵਾਰ ਦਾ ਨਾਂ

## ਛੋਟੀ ਉਮਰੇ ਬਣੀਆਂ ਅੰਤਰਰਾਸ਼ਟਰੀ ਖਿਡਾਰਨਾਂ

**ਫਰਿਜ਼ਨੋ:** ਸੈਂਟਰਲ ਵੈਲੀ ਦੇ ਸ਼ਹਿਰ ਕਰਮਨ ਨਿਵਾਸੀ ਹਰਪਿੰਦਰ ਸਿੰਘ ਦੋਸਾਂਝ ਅਤੇ ਹਰਿੰਦਰ ਕੌਰ ਦੋਸਾਂਝ ਦੀਆਂ ਦੋ ਧੀਆਂ ਛੋਟੀ ਉਮਰੇ ਜਿੱਥੇ ਪੜ੍ਹਾਈ ਵਿਚ ਉੱਚੇ ਗਰੇਡ ਹਾਸਲ ਕਰ ਰਹੀਆਂ ਹਨ, ਉੱਥੇ ਖੇਡਾਂ ਵਿਚ ਵੀ ਅੱਵਲ ਦਰਜੇ ਦੀਆਂ ਖਿਡਾਰਨਾਂ ਹਨ। ਉਨ੍ਹਾਂ ਦੀ ਚੋਣ ਸਵੀਡਨ ਵਿਚ ਹੋਣ ਵਾਲੇ ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਲਈ ਹੋਈ ਹੈ। ਉਹ ਯੂਰਪ ਵਿਚ ਸੌਕਰ (ਫੁੱਟਬਾਲ) ਦੇ ਦੋ ਟੂਰਨਾਮੈਂਟ ਖੇਡਣਗੀਆਂ।

ਏਕਨੂਰ ਦੋਸਾਂਝ 13 ਸਾਲ ਦੀ ਹੈ ਅਤੇ ਕਰਮਨ ਮਿਡਲ ਸਕੂਲ ਦੀ ਵਿਦਿਆਰਥਣ ਹੈ। ਉਹ ਇਸ ਤੋਂ ਪਹਿਲਾਂ ਵੀ ਮਿਡਲ ਸਕੂਲ ਲਈ ਆਪਣੀ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰ ਚੁੱਕੀ ਹੈ। ਜਦ ਕਿ ਨਿਮਰਤ ਦੋਸਾਂਝ 11 ਸਾਲਾਂ ਦੀ ਹੈ। ਉਹ ਦੋਵੇਂ ਫਰਿਜ਼ਨੋ ਦੇ ਸਪੋਰਟਸ ਕਲੱਬ 'ਫਰਿਜ਼ਨੋ ਹੀਟ' ਲਈ ਖੇਡਦੀਆਂ ਹਨ।

ਉਨ੍ਹਾਂ ਦੇ ਪਿਤਾ ਹਰਪਿੰਦਰ ਨੇ ਖੁਸ਼ੀ ਪ੍ਰਗਟ ਕਰਦਿਆਂ ਦੱਸਿਆ ਕਿ ਏਕਨੂਰ ਦੋਸਾਂਝ ਕਰਮਨ ਮਿਡਲ ਸਕੂਲ ਅਤੇ ਨਿਮਰਤ ਦੋਸਾਂਝ ਲਿਬਰਟੀ ਐਲੀਮੈਂਟਰੀ ਸਕੂਲ ਜਾਂਦੀ ਹੈ। ਸੈਨ ਫਰਾਂਸਿਸਕੋ ਵਿਚ ਉਨ੍ਹਾਂ ਨੂੰ ਟਰਾਈਆਊਟ ਦੁਆਰਾ ਰਾਸ਼ਟਰੀ ਸੌਕਰ (ਫੁੱਟਬਾਲ) ਅਕੈਡਮੀ ਲਈ ਚੁਣਿਆ ਗਿਆ। ਏਕਨੂਰ 13 ਸਾਲ ਅਤੇ ਅੰਡਰ ਟੀਮ ਵਿਚ ਖੇਡ ਰਹੀ ਹੈ ਅਤੇ ਨਿਮਰਤ 12 ਸਾਲ ਅਤੇ ਅੰਡਰ ਟੀਮ ਵਿਚ ਖੇਡ ਰਹੀ ਹੈ। ਉਨ੍ਹਾਂ ਹੋਰ ਦੱਸਿਆ ਕਿ ਯੂਰਪ ਵਿਚ ਉਨ੍ਹਾਂ ਨੇ ਦੋ ਟੂਰਨਾਮੈਂਟ ਖੇਡਣੇ ਹਨ। ਸਵੀਡਨ ਵਿਚ 'ਗੋਥੀਆ ਕੱਪ' ਅਤੇ ਡੈਨਮਾਰਕ ਵਿਚ 'ਡੋਨਾ ਕੱਪ' ਵਿਚ ਉਹ 'ਨੈਸ਼ਨਲ ਸੌਕਰ ਅਕੈਡਮੀ' ਅਮਰੀਕਾ ਵੱਲੋਂ ਖੇਡਣਗੀਆਂ।



ਏਕਨੂਰ ਦੋਸਾਂਝ



ਨਿਮਰਤ ਦੋਸਾਂਝ

# ਜੀ. ਐਚ. ਜੀ. ਅਕੈਡਮੀ ਵੱਲੋਂ ਬੱਚਿਆਂ ਦਾ ਗਿੱਧਾ-ਭੰਗੜਾ ਸਿਖਲਾਈ ਕੈਂਪ ਸ਼ੁਰੂ

ਫਰਿਜ਼ਨੋ: ਜੀ.ਐਚ.ਜੀ. ਅਕੈਡਮੀ ਫਰਿਜ਼ਨੋ ਵੱਲੋਂ ਹਰ ਸਾਲ ਵਾਂਗ ਬੱਚਿਆਂ ਨੂੰ ਛੁੱਟੀਆਂ ਦੌਰਾਨ ਸੋਸ਼ਲ ਮੀਡੀਆ ਤੋਂ ਕੁਝ ਸਮਾਂ ਦੂਰ ਰੱਖਣ ਅਤੇ ਘਰ ਦੀ ਚਾਰ ਦਿਵਾਰੀ ਤੋਂ ਬਾਹਰ ਕੱਢ ਕੇ ਆਪਣੇ ਵਿਰਸੇ ਨਾਲ ਜੋੜਨ ਦੇ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਤਹਿਤ ਬੱਚਿਆਂ ਦੇ ਗਿੱਧੇ-ਭੰਗੜੇ ਦੇ ਕੈਂਪ ਦੀ ਸ਼ੁਰੂਆਤ ਫਰਿਜ਼ਨੋ ਦੇ ਹਾਲੈਂਡ ਪਾਰਕ ਵਿਚ ਹੋ ਚੁੱਕੀ ਹੈ। ਰੋਜ਼ਾਨਾ ਕੈਂਪ ਦੀ ਸ਼ੁਰੂਆਤ ਅਰਦਾਸ ਅਤੇ ਮੂਲ-ਮੰਤਰ ਜਾਪ ਕਰਨ ਉਪਰੰਤ ਕੀਤੀ ਜਾਂਦੀ ਹੈ। ਜਿੱਥੇ ਵੱਖ-ਵੱਖ ਗਰੁੱਪਾਂ ਵਿਚ ਪ੍ਰਬੰਧਕਾਂ ਅਨੁਸਾਰ 500 ਦੇ ਕਰੀਬ ਬੱਚੇ ਹਿੱਸਾ ਲੈ ਰਹੇ ਹਨ। ਬੱਚਿਆਂ ਨੂੰ ਇਹ ਸਿਖਲਾਈ ਮਾਹਰ ਕੋਚਾਂ ਦੁਆਰਾ ਦਿੱਤੀ ਜਾ ਰਹੀ ਹੈ।

ਇਸ ਕੈਂਪ ਦੀ ਇੱਕ ਖਾਸੀਅਤ ਇਹ ਵੀ ਹੈ ਕਿ ਇੱਥੇ ਬੱਚੇ ਜਿੱਥੇ ਗਿੱਧੇ-ਭੰਗੜੇ ਦੀ ਸਿਖਲਾਈ ਪ੍ਰਾਪਤ ਕਰਦੇ ਹਨ, ਉੱਥੇ ਰੋਜ਼ਾਨਾ ਉਨ੍ਹਾਂ ਦੀ ਚੰਗੀ ਕਸਰਤ ਵੀ ਹੋ ਜਾਂਦੀ ਹੈ। ਅਕੈਡਮੀ ਦਾ ਨਾਅਰਾ ਹੈ ਕਿ 'ਨਸ਼ੇ ਛੱਡੋ, ਕੋਹੜ ਵੱਢੋ'। ਇਸ ਦੇ ਨਾਲ-ਨਾਲ ਬੱਚਿਆਂ ਵਿਚ ਇਕੱਠੇ ਰਹਿਣ ਕਰ ਕੇ ਭਾਈਚਾਰਕ ਸਾਂਝ ਵੀ ਵਧਦੀ ਹੈ। ਮਾਪੇ ਅਤੇ ਬਜ਼ੁਰਗ ਬੱਚਿਆਂ ਦੇ ਨਾਲ ਕੈਂਪ ਵਿਚ ਆਉਂਦੇ ਹਨ। ਅਜਿਹਾ ਕਰਨ ਨਾਲ ਜਿੱਥੇ ਬੱਚਿਆਂ ਅਤੇ ਬਜ਼ੁਰਗਾਂ ਵਿਚ ਨੇੜਤਾ ਵਧਦੀ ਹੈ, ਉੱਥੇ ਬਜ਼ੁਰਗ ਵੀ ਆਪਸੀ ਦੁੱਖ-ਸੁੱਖ ਸਾਂਝਾ ਕਰਦੇ ਹਨ। ਕੈਂਪ ਦੌਰਾਨ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਸਹੂਲਤ ਲਈ ਗਰਮੀ ਨੂੰ ਮੁੱਖ ਰੱਖਦੇ ਹੋਏ ਉਚੇਚੇ ਪ੍ਰਬੰਧ ਕੀਤੇ ਗਏ ਹਨ।

ਇਸ ਦੋ ਹਫ਼ਤਿਆਂ ਦੇ ਕੈਂਪ ਦੀ ਸਮਾਪਤੀ 'ਤੇ 26 ਜੁਲਾਈ, ਦਿਨ ਸ਼ਨਿਚਰਵਾਰ ਨੂੰ ਫਰਿਜ਼ਨੋ

***ਅੰਤਰ-ਰਾਸ਼ਟਰੀ ਯੁਵਕ ਮੇਲਾ 26 ਨੂੰ***

ਦੇ 'ਵਿਲੀਅਮ ਸਰੋਏਨ ਥੀਏਟਰ' ਵਿਚ ਸਿਖਲਾਈ ਪ੍ਰਾਪਤ ਬੱਚੇ ਆਪਣੀ ਕਲਾ ਦਾ ਸਟੇਜ ਤੋਂ ਪ੍ਰਦਰਸ਼ਨ ਕਰਨਗੇ। ਇਸੇ ਦੌਰਾਨ ਅਕੈਡਮੀ ਵੱਲੋਂ 16ਵਾਂ ਅੰਤਰ-ਰਾਸ਼ਟਰੀ ਪੱਧਰ ਦਾ ਗਿੱਧੇ-ਭੰਗੜੇ ਦਾ ਯੁਵਕ ਮੁਕਾਬਲਾ ਵੀ ਹੋਵੇਗਾ। ਇਨ੍ਹਾਂ ਪ੍ਰੋਗਰਾਮਾਂ ਦੀ ਸ਼ੁਰੂਆਤ ਬਾਅਦ ਦੁਪਹਿਰ 2 ਵਜੇ ਹੋਵੇਗੀ। ਜਿਸ ਦੀ ਕੋਈ ਦਾਖਲਾ ਫੀਸ ਨਹੀਂ ਹੈ। ਕੈਂਪ ਵਿਚ ਹਿੱਸਾ ਲੈਣ ਲਈ ਇਸ ਸਾਲ ਕੈਲੇਫੋਰਨੀਆ ਦੀਆਂ ਵੱਖ-ਵੱਖ ਸਟੇਟਾਂ ਤੋਂ ਇਲਾਵਾ ਕੈਨੇਡਾ ਤੋਂ ਵੀ ਟੀਮਾਂ ਪਹੁੰਚ ਰਹੀਆਂ ਹਨ। ਇਸ ਪ੍ਰੋਗਰਾਮ ਦੀ ਖਾਸੀਅਤ ਮਾਂਵਾਂ ਦਾ ਗਿੱਧਾ ਅਤੇ ਮਲਵਈ ਗਿੱਧਾ ਦੇਖਣਯੋਗ ਹੋਣਗੇ।



ਸਮੁੱਚੇ ਪ੍ਰੋਗਰਾਮ ਦੌਰਾਨ ਸੁਰੱਖਿਆ ਦੇ ਪੂਰੇ ਪ੍ਰਬੰਧ ਕੀਤੇ ਗਏ ਹਨ। ਅਕੈਡਮੀ ਦੇ ਪ੍ਰਬੰਧਕਾਂ ਪਰਮਜੀਤ ਸਿੰਘ ਧਾਲੀਵਾਲ, ਉਦੈਦੀਪ ਸਿੰਘ ਸਿੱਧੂ ਅਤੇ ਗੁਰਦੀਪ ਸਿੰਘ ਸ਼ੇਰਗਿੱਲ ਵੱਲੋਂ ਸਮੂਹ ਭਾਈਚਾਰੇ ਨੂੰ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਹੈ।

# ਨਾਜਾਇਜ਼ ਪਿਸਤੌਲ ਤੇ ਦੋ ਕਾਰਤੂਸ ਸਮੇਤ ਇਕ ਗ੍ਰਿਫਤਾਰ

**ਜਲੰਧਰ:** ਵਾਰਦਾਤ ਨੂੰ ਅੰਜਾਮ ਦੇਣ ਲਈ ਨਜਾਇਜ਼ ਪਿਸਤੌਲ ਅਤੇ ਦੋ ਜ਼ਿੰਦਾ ਕਾਰਤੂਸ ਲੈ ਕੇ ਘੁੰਮ ਰਹੇ ਵਿਅਕਤੀ ਨੂੰ ਕਮਿਸ਼ਨਰੇਟ ਪੁਲਿਸ ਦੇ ਸੀ.ਆਈ.ਏ. ਸਟਾਫ਼ ਨੇ ਗ੍ਰਿਫ਼ਤਾਰ ਕਰ ਲਿਆ ਹੈ, ਜਿਸ ਦੀ ਨਿਸ਼ਾਨਦੇਹੀ 'ਤੇ ਪੁਲਿਸ ਨੇ ਹੋਰ 2 ਗ਼ੈਰ ਕਾਨੂੰਨੀ ਪਿਸਤੌਲ ਬਰਾਮਦ ਹੋਏ ਹਨ। ਗ੍ਰਿਫ਼ਤਾਰ ਕੀਤੇ ਮੁਲਜ਼ਮ ਦੀ ਪਛਾਣ ਅਭਿਸ਼ੇਕ ਉਰਫ਼ ਵੰਸ਼ ਪੁੱਤਰ ਜੀਤ ਲਾਲ ਵਾਸੀ ਗਾਂਧੀ ਕੈਂਪ, ਜਲੰਧਰ ਹਾਲ ਵਾਸੀ ਫਗਵਾੜੀ ਮੁਹੱਲਾ, ਗੜ੍ਹਾ, ਜਲੰਧਰ ਵਜੋਂ ਦੱਸੀ ਗਈ ਹੈ। ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਰੰਧਾਵਾ ਨੇ ਜਾਣਕਾਰੀ ਦਿੱਤੀ ਕਿ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਇਕ ਵਿਅਕਤੀ ਸ਼ਹਿਰ 'ਚ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਲਈ ਨਜਾਇਜ਼ ਹਥਿਆਰਾਂ ਸਮੇਤ ਘੁੰਮ ਰਿਹਾ ਹੈ, ਜਿਸ 'ਤੇ ਏ.ਡੀ.ਸੀ.ਪੀ. ਪਰਮਜੀਤ ਸਿੰਘ ਦੀ ਨਿਗਰਾਨੀ ਹੇਠ ਸੀ.ਆਈ.ਏ. ਸਟਾਫ਼ ਦੀ ਟੀਮ ਨੇ ਵਰਕਸ਼ਾਪ ਚੌਕ ਨੇੜੇ ਕਾਰਵਾਈ ਕਰਦੇ ਹੋਏ ਅਭਿਸ਼ੇਕ ਉਰਫ਼ ਵੰਸ਼ ਨੂੰ ਇਕ ਗ਼ੈਰ-ਕਾਨੂੰਨੀ .32 ਬੋਰ ਪਿਸਤੌਲ ਤੇ ਦੋ ਜ਼ਿੰਦਾ ਕਾਰਤੂਸ ਸਮੇਤ ਗ੍ਰਿਫ਼ਤਾਰ ਕਰ ਲਿਆ। ਸੀ.ਪੀ. ਧਨਪ੍ਰੀਤ ਕੌਰ ਰੰਧਾਵਾ ਨੇ ਦੱਸਿਆ ਕਿ ਇਸ ਸੰਬੰਧੀ ਥਾਣਾ ਡਿਵੀਜ਼ਨ ਨੰਬਰ 2 ਵਿਖੇ ਐਫ਼.ਆਈ.ਆਰ. ਦਰਜ ਕਰਨ ਉਪਰੰਤ ਕੀਤੀ ਗਈ ਪੁੱਛਗਿੱਛ ਦੌਰਾਨ ਮੁਲਜ਼ਮ ਦੀ ਨਿਸ਼ਾਨ ਦੇਹੀ 'ਤੇ ਦੋ ਹੋਰ ਗ਼ੈਰ-ਕਾਨੂੰਨੀ .30 ਬੋਰ ਦੇ ਪਿਸਤੌਲ ਬਰਾਮਦ ਕੀਤੇ ਗਏ। ਤਫ਼ਤੀਸ਼ ਦੌਰਾਨ ਮੁਲਜ਼ਮ ਨੇ ਦੱਸਿਆ ਕਿ ਉਸ ਖ਼ਿਲਾਫ਼ ਪਹਿਲਾਂ ਵੀ ਥਾਣਾ ਡਵੀਜ਼ਨ ਨੰਬਰ 7 ਵਿਖੇ ਐਫ.ਆਈ.ਆਰ ਦਰਜ ਹੈ। ਪੁਲਿਸ ਕਮਿਸ਼ਨਰ ਨੇ ਕਿਹਾ ਕਿ ਮੁਲਜ਼ਮ ਤੋਂ ਹੋਰ ਜਾਣਕਾਰੀ ਲੈਣ ਲਈ ਬਣਦੀ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

# ਰਾਜਪਾਲ ਵੱਲੋਂ ਸਮਾਜ-ਸੇਵੀ ਕਾਰਜਾਂ ਲਈ ਸ. ਬਹਾਦਰ ਸਿੰਘ ਦਾ ਸਨਮਾਨ

**ਚੰਡੀਗੜ੍ਹ:** ਮੀਡੀਆ ਫੈਡਰੇਸ਼ਨ ਆਫ਼ ਇੰਡੀਆ (ਐਮਐਫਆਈ) ਤੇ ਪਬਲਿਕ ਰਿਲੇਸ਼ਨਜ਼ ਕੌਂਸਲ ਆਫ ਇੰਡੀਆ (ਪੀਆਰਸੀਆਈ) ਵਲੋਂ ਲੰਘੇ ਦਿਨੀਂ ਇੱਥੇ ਕਰਵਾਈ ਗਈ ਛੇਵੀਂ ਐਂਟਰਪ੍ਰਿਨਿਉਰ ਐਂਡ ਅਚੀਵਰ ਐਵਾਰਡਜ਼-2025 ਵਿਚ ਵੱਖ ਵੱਖ ਖੇਤਰਾਂ ਵਿਚ ਕੰਮ ਕਰਨ ਵਾਲੀਆਂ 31 ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ। ਸਮਾਗਮ ਵਿਚ ਪੰਜਾਬ ਦੇ ਰਾਜਪਾਲ ਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਮੁੱਖ ਮਹਿਮਾਨ ਵਜੋਂ ਅਤੇ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।

ਇਨ੍ਹਾਂ ਸਨਮਾਨ ਪ੍ਰਾਪਤ ਕਰਨ ਵਾਲੀਆਂ ਸ਼ਖਸੀਅਤਾਂ ਵਿਚ ਸ. ਬਹਾਦਰ ਸਿੰਘ ਵੀ ਸ਼ਾਮਲ ਸਨ, ਜਿਨ੍ਹਾਂ ਨੂੰ ਉਨ੍ਹਾਂ ਦੇ ਸਮਾਜ ਸੇਵਾ ਅਤੇ ਦਾਨ-ਪੁੰਨ ਦੇ ਕਾਰਜਾਂ ਲਈ ਖਾਸ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਸ. ਬਹਾਦਰ ਸਿੰਘ ਵਨ ਬੀਟ ਮੈਡੀਕਲ ਗਰੁੱਪ ਦੇ ਸੰਸਥਾਪਕ ਅਤੇ ਚੇਅਰਮੈਨ ਹਨ, ਜੋ ਤਿੰਨ ਹਸਪਤਾਲ ਚਲਾ ਰਹੇ ਹਨ। ਇਨ੍ਹਾਂ ਹਸਪਤਾਲਾਂ ਵਿਚ ਤਜਰਬੇਕਾਰ ਅਤੇ ਅਨੁਭਵੀ ਡਾਕਟਰਾਂ ਤੇ ਸਰਜਨਾਂ ਦੀ ਟੀਮ ਵਲੋਂ



ਮਰੀਜ਼ਾਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਮਰੀਜ਼ਾਂ ਵਾਸਤੇ ਦਵਾਈਆਂ, ਟੈਸਟ, ਅਪ੍ਰੇਸ਼ਨ ਅਤੇ ਐਮਰਜੈਂਸੀ ਸੇਵਾਵਾਂ ਮੁਫ਼ਤ ਉਪਲਬਧ ਹਨ। ਬਿਰਧਾਂ, ਵਿਕਲਾਂਗਾਂ, ਨਿਮਾਣਿਆਂ, ਨਿਤਾਣਿਆਂ ਦਾ ਇਲਾਜ ਪਹਿਲ ਦੇ ਆਧਾਰ 'ਤੇ ਕੀਤਾ ਜਾਂਦਾ ਹੈ। ਇਲਾਕਾ ਵਾਸੀਆਂ ਲਈ ਬਲੱਡ ਬੈਂਕ ਦੀ ਸਹੂਲਤ ਵੀ ਉਪਲੱਬਧ ਹੈ ਤੇ ਹਸਪਤਾਲ ਵਿਚ ਆਉਣ ਵਾਲੇ ਮਰੀਜ਼ਾ ਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਵਾਸਤੇ ਫਰੀ ਲੰਗਰ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ।

ਇਸ ਦੇ ਨਾਲ ਨਾਲ ਵਨ ਬੀਟ ਮੈਡੀਕਲ ਗਰੁੱਪ ਵਲੋਂ ਨਵ ਬੀਟ ਆਈ ਅੱਖਾਂ ਦਾ ਹਸਪਤਾਲ ਵੀ ਚਮਕੌਰ ਸਾਹਿਬ ਵਿਖੇ ਖੋਲ੍ਹਿਆ ਗਿਆ ਹੈ, ਜਿੱਥੇ ਓ.ਪੀ.ਡੀ., ਅੱਖਾਂ ਦੀ ਜਾਂਚ, ਨੇੜੇ ਦੀ ਨਿਗ੍ਹਾ ਦੀਆਂ ਐਨਕਾਂ, ਮੋਤੀਆਬਿੰਦ ਦਾ ਆਪ੍ਰੇਸ਼ਨ, ਨਾਖੂਨਾਂ ਦਾ ਆਪ੍ਰੇਸ਼ਨ ਮੁਫਤ ਕਰਨ ਦੇ ਨਾਲ-ਨਾਲ ਦਵਾਈਆਂ ਵੀ ਮੁਫਤ ਦਿੱਤੀਆਂ ਜਾਂਦੀਆਂ ਹਨ। ਬਹਾਦਰ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਸਮਾਜ ਲਈ ਪਾਏ ਜਾ ਰਹੇ ਇਸ ਯੋਗਦਾਨ ਸਦਕਾ ਹੀ ਉਨ੍ਹਾਂ ਨੂੰ ਇਹ ਉਚ ਪੱਧਰੀ ਸਨਮਾਨ ਹਾਸਲ ਹੋਇਆ ਹੈ।

ਇਸ ਮੌਕੇ ਰਾਜਪਾਲ ਸ੍ਰੀ ਕਟਾਰੀਆ ਨੇ ਕਿਹਾ ਕਿ ਵੱਖ ਵੱਖ ਖੇਤਰਾਂ ਵਿਚ ਸ਼ਾਨਦਾਰ ਕੰਮ ਕਰਨ ਵਾਲਿਆਂ ਨੂੰ ਸਨਮਾਨਿਤ ਕਰਨਾ ਨਾ ਸਿਰਫ਼ ਉਨ੍ਹਾਂ ਦੇ ਕੰਮ ਦੀ ਹੌਸਲਾ-ਅਫ਼ਜ਼ਾਈ ਕਰਨਾ ਹੈ, ਸਗੋਂ ਇਹ ਹੋਰਨਾਂ ਨੂੰ ਵੀ ਸਮਾਜ ਸੇਵਾ ਲਈ ਪ੍ਰੇਰਿਤ ਕਰਦਾ ਹੈ। ਉਨ੍ਹਾਂ ਆਖਿਆ ਕਿ ਇਮਾਨਦਾਰੀ ਅਤੇ ਵਫਾਦਾਰੀ ਲੰਮੇ ਸਮੇਂ ਦੀ ਕਾਮਯਾਬੀ ਦੀ ਚਾਬੀ ਹੁੰਦੀ ਹੈ। ਪਬਲਿਕ ਰਿਲੇਸ਼ਨ ਕੌਂਸਲ ਆਫ ਇੰਡੀਆ, ਚੰਡੀਗੜ੍ਹ ਚੈਪਟਰ ਦੇ ਚੇਅਰਮੈਨ ਡਾ. ਰੁਪੇਸ਼ ਸਿੰਘ ਨੇ ਵੀ ਸੰਬੋਧਨ ਕੀਤਾ।

ਸ. ਬਹਾਦਰ ਸਿੰਘ ਨੇ ਇਹ ਸਨਮਾਨ ਮਿਲਣ 'ਤੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਉਹ ਲੋਕਾਂ ਦੀ ਭਲਾਈ ਲਈ ਕਾਰਜ ਕਰ ਰਹੇ ਹਨ ਅਤੇ ਅਗਾਂਹ ਵੀ ਉਹ ਅਤੇ ਉਨ੍ਹਾਂ ਦਾ ਪੂਰਾ ਪਰਿਵਾਰ ਸਮਾਜ ਸੇਵਾ ਨੂੰ ਸਮਰਪਿਤ ਰਹੇਗਾ। ਉਨ੍ਹਾਂ ਨੇ ਮਰੀਜ਼ਾਂ ਨੂੰ ਵਨ ਬੀਟ ਹਸਪਤਾਲ ਵਿਚ ਆ ਕੇ ਸੇਵਾਵਾਂ ਲੈਣ ਦੀ ਅਪੀਲ ਵੀ ਕੀਤੀ।

ਜ਼ਿਕਰਯੋਗ ਹੈ ਕਿ ਸ. ਬਹਾਦਰ ਸਿੰਘ ਕੈਲੀਫੋਰਨੀਆ ਦੀ ਸਟੇਟ ਓਰੇਗਾਂਨ ਦੇ ਵਸਨੀਕ ਹਨ, ਜਿੱਥੇ ਉਹ ਕਮਿਊਨਿਟੀ ਦੇ ਕਾਰਜਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦੇ ਹਨ।

# ਪੰਥਕ ਮਸਲਿਆਂ ਦੇ ਹੱਲ ਲਈ ਸ਼੍ਰੋਮਣੀ ਕਮੇਟੀ ਦਾ ਵਿਸ਼ੇਸ਼ ਇਜਲਾਸ ਬੁਲਾਇਆ ਜਾਵੇ: ਬੀਬੀ ਜਗੀਰ ਕੌਰ

## -ਦੋ ਹਫ਼ਤਿਆਂ ਦਾ ਦਿੱਤਾ ਅਲਟੀਮੇਟਮ -ਕਿਹਾ, ਕੌਮ ਨੂੰ ਦੁਬਿਧਾ 'ਚੋਂ ਕੱਢਣ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਪਹਿਲ ਕਰਨ

**ਜਲੰਧਰ:** ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਸਿੱਖ ਸੰਸਥਾਵਾਂ 'ਚ ਸਿਆਸੀ ਦਖਲ ਅੰਦਾਜੀ ਅਤੇ ਸਿੱਖੀ ਸਿਧਾਂਤਾਂ ਤੇ ਮਰਿਆਦਾ ਦੀ ਹੋ ਰਹੀ ਉਲੰਘਣਾ ਦਾ ਮੁੱਦਾ ਚੁੱਕਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਸ਼ੇਸ਼ ਇਜਲਾਸ ਬੁਲਾਏ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਅੱਜ ਇੱਥੇ 12 ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਇਕ ਅਹਿਮ ਇਕੱਤਰਤਾ ਤੋਂ ਬਾਅਦ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਇਜਲਾਸ ਬੁਲਾਏ ਜਾਣ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਨੂੰ ਦੋ ਹਫਤਿਆਂ ਦਾ ਅਲਟੀਮੇਟਮ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ ਸਮੇਂ ਦੌਰਾਨ ਪ੍ਰਧਾਨ ਵਲੋਂ ਇਜਲਾਸ ਨਹੀਂ ਸੱਦਿਆ ਜਾਂਦਾ ਤਾਂ ਸ਼੍ਰੋਮਣੀ ਕਮੇਟੀ ਮੈਂਬਰ ਆਪਣੇ ਪੱਧਰ 'ਤੇ ਇਜਲਾਸ ਬੁਲਾਉਣ ਲਈ ਮਜ਼ਬੂਰ ਹੋਣਗੇ। ਬੀਬੀ ਜਗੀਰ ਕੌਰ ਨੇ ਕਿਹਾ ਕਿ ਅੱਜ ਸਿੱਖ ਕੌਮ ਦੀ ਸਰਬਉੱਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ ਤੇ ਤਖਤ ਸਾਹਿਬਾਨਾਂ ਦੇ ਜਥੇਦਾਰਾਂ ਵਿਚਕਾਰ ਬੇਲੋੜਾ ਟਕਰਾਅ ਪੈਦਾ ਕੀਤਾ ਜਾ ਰਿਹਾ ਹੈ ਅਤੇ ਸਿਆਸੀ ਦਖਲ ਅੰਦਾਜ਼ੀ ਦੇ ਚਲਦਿਆਂ ਜਥੇਦਾਰਾਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਧੱਕੇ ਨਾਲ ਲਾਹਿਆ ਜਾ ਰਿਹਾ ਹੈ। ਜਿਸ ਨਾਲ ਨਾ ਕੇਵਲ ਸਿੱਖ ਸੰਸਥਾਵਾਂ ਦੀ ਮਾਣ-ਮਰਿਆਦਾ ਤੇ ਪਰੰਪਰਾ ਨੂੰ ਹੀ ਵੱਡੀ ਪੱਧਰ 'ਤੇ ਢਾਅ ਨਹੀਂ ਲੱਗ ਰਹੀ ਬਲਕਿ ਸਿੱਖ ਕੌਮ ਅੰਦਰ ਵੀ ਵੱਡੀ ਦੁਬਿਧਾ ਪੈਦਾ ਹੋ ਰਹੀ ਹੈ। ਅਜਿਹੇ ਹਾਲਾਤ 'ਚ



ਕੌਮ ਨੂੰ ਇਕਸੁਰਤਾ ਦੇ ਧਾਗੇ 'ਚ ਪਰੋਣ ਅਤੇ ਸਿੱਖੀ ਸਿਧਾਂਤਾਂ ਨੂੰ ਮਜ਼ਬੂਤ ਕਰਨ ਲਈ ਗੰਭੀਰ ਵਿਚਾਰ ਚਰਚਾ ਕੀਤੇ ਜਾਣ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਪਿਛਲੇ ਸਾਲ 2 ਦਸੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਹੋਏ ਹੁਕਮਨਾਮੇ ਤੋਂ ਬਾਅਦ ਜਿਸ ਤਰ੍ਹਾਂ ਜਥੇਦਾਰਾਂ ਸਾਹਿਬਾਨ ਦੇ ਖਿਲਾਫ਼ ਕਾਰਵਾਈ ਕੀਤੀ ਗਈ, ਉਸ ਦੇ ਖਿਲਾਫ਼ ਵੀ 42 ਦੇ ਕਰੀਬ ਸ਼੍ਰੋਮਣੀ ਕਮੇਟੀ ਮੈਂਬਰਾਂ ਵਲੋਂ 31 ਮਾਰਚ ਨੂੰ ਬਜਟ ਇਜਲਾਸ ਦੌਰਾਨ ਵੀ ਵਿਸ਼ੇਸ਼ ਇਜਲਾਸ ਬੁਲਾਏ ਜਾਣ ਦੀ ਮੰਗ ਕੀਤੀ ਸੀ ਪਰ ਹੁਣ ਤਿੰਨ ਮਹੀਨੇ ਬੀਤ ਗਏ ਹਨ ਤਾਂ ਸ਼੍ਰੋਮਣੀ ਕਮੇਟੀ ਦਾ ਵਿਸ਼ੇਸ਼ ਇਜਲਾਸ ਬੁਲਾਇਆ ਜਾਣਾ ਚਾਹੀਦਾ ਹੈ। ਇਸ ਮੌਕੇ ਬੀਬੀ ਜਗੀਰ ਕੌਰ ਨੇ ਇਹ ਵੀ ਕਿਹਾ ਕਿ ਪਿਛਲੇ ਸਮਿਆਂ ਦੌਰਾਨ ਵੀ ਜਦੋਂ ਕੌਮ ਨੂੰ ਪੰਥਕ ਮਸਲਿਆਂ ਦਾ ਸਾਹਮਣਾ ਕਰਨਾ ਪਿਆ ਤਾਂ ਅਜਿਹੇ ਇਜਲਾਸ ਬੁਲਾਏ ਜਾਂਦੇ ਰਹੇ ਹਨ ਤੇ ਖਾਸ ਕਰਕੇ ਪਿਛਲੇ ਸਮੇਂ ਦੌਰਾਨ ਜਦੋਂ ਪੰਜਾਬ ਸਰਕਾਰ ਵਲੋਂ ਗੁਰਬਾਣੀ ਕੀਰਤਨ ਦੇ ਅਧਿਕਾਰਾਂ ਸੰਬੰਧੀ ਬਿੱਲ ਪਾਸ ਕੀਤਾ ਗਿਆ ਸੀ, ਤਾਂ ਉਸ ਦੇ ਵਿਰੋਧ 'ਚ 25 ਜੂਨ 2023 ਨੂੰ ਅਤੇ ਹਰਿਆਣਾ ਕਮੇਟੀ ਦਾ ਬਿੱਲ ਪਾਸ ਹੋਣ ਉਪਰੰਤ ਵੀ 3 ਮਾਰਚ 2023 ਨੂੰ ਸ਼੍ਰੋਮਣੀ ਕਮੇਟੀ ਵਲੋਂ ਅਜਿਹੇ ਇਜਲਾਸ ਸੱਦੇ ਗਏ ਸਨ। ਇਸ ਮੌਕੇ ਉਨ੍ਹਾਂ ਦੇ ਨਾਲ ਬੀਬੀ ਕਿਰਨਜੋਤ ਕੌਰ, ਬੀਬੀ ਕੁਲਦੀਪ ਕੌਰ ਟੌਹੜਾ, ਬੀਬੀ ਸੁਰਿੰਦਰ ਕੌਰ ਦਿਆਲ ਲੁਧਿਆਣਾ, ਕਰਨੈਲ ਸਿੰਘ ਪੰਜੋਲੀ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਮਿੱਠੂ ਸਿੰਘ ਕਾਹਨੇਕੇ, ਜਰਨੈਲ ਸਿੰਘ ਕਰਤਾਰਪੁਰ, ਤੇਜਾ ਸਿੰਘ ਕਮਾਲਪੁਰ, ਮਲਕੀਤ ਸਿੰਘ ਚੰਗਾਲ, ਅਮਰੀਕ ਸਿੰਘ ਸ਼ਾਹਪੁਰ, ਬੀਬੀ ਪਰਮਜੀਤ ਕੌਰ ਲਾਂਡਰਾਂ ਤੇ ਜਥੇਦਾਰ ਪਰਮਜੀਤ ਸਿੰਘ ਰਾਏਪੁਰ (ਸਾਰੇ ਸ਼੍ਰੋਮਣੀ ਕਮੇਟੀ ਮੈਂਬਰ) ਵੀ ਮੌਜੂਦ ਸਨ।

### 30 ਮੈਂਬਰ ਆਪਣੇ ਤੌਰ 'ਤੇ ਬੁਲਾ ਸਕਦੇ ਨੇ ਇਜਲਾਸ

ਇਸ ਦੌਰਾਨ ਬੀਬੀ ਜਗੀਰ ਕੌਰ ਨੇ 1925 ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟ ਦੇ ਹਵਾਲੇ ਨਾਲ ਦਾਅਵਾ ਕੀਤਾ ਹੈ ਕਿ ਸ਼੍ਰੋਮਣੀ ਕਮੇਟੀ ਦੇ 10 ਮੈਂਬਰ ਇਜਲਾਸ ਬੁਲਾਏ ਜਾਣ ਦੀ ਮੰਗ ਕਰ ਸਕਦੇ ਹਨ ਤੇ ਜੇਕਰ ਇਸ ਦੇ ਬਾਵਜੂਦ ਪ੍ਰਧਾਨ ਵਲੋਂ ਇਜਲਾਸ ਨਹੀਂ ਬੁਲਾਇਆ ਜਾਂਦਾ ਤਾਂ ਸ਼੍ਰੋਮਣੀ ਕਮੇਟੀ ਮੈਂਬਰ ਆਪਣੇ ਤੌਰ 'ਤੇ ਇਜਲਾਸ ਬੁਲਾ ਸਕਦੇ ਹਨ, ਕਿਉਂਕਿ ਇਜਲਾਸ ਵਿਚ ਘੱਟੋ-ਘੱਟ 30 ਮੈਂਬਰਾਂ ਦਾ ਹਾਜ਼ਰ ਹੋਣਾ ਲਾਜ਼ਮੀ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜਲਦ ਹੀ ਉਹ ਵੱਡੀ ਗਿਣਤੀ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਦਸਤਖਤਾਂ ਹੇਠ ਇਕ ਮੰਗ ਪੱਤਰ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਸੌਂਪ ਕੇ ਦੋ ਹਫਤਿਆਂ 'ਚ ਇਜਲਾਸ ਬੁਲਾਏ ਜਾਣ ਦੀ ਮੰਗ ਕਰਨਗੇ, ਜੇਕਰ ਉਹ ਅਜਿਹਾ ਨਹੀਂ ਕਰਦੇ ਤਾਂ ਫਿਰ ਉਹ ਆਪਣੇ ਪੱਧਰ 'ਤੇ ਇਜਲਾਸ ਦੀ ਕਾਰਵਾਈ ਅਮਲ 'ਚ ਲਿਆਉਣਗੇ।

# ਨਿਯਮ ਤੋੜੇ ਤਾਂ ਵੀਜ਼ਾ ਕਰਾਂਗੇ ਰੱਦ: ਅਮਰੀਕਾ

## ਭਾਰਤੀ ਯਾਤਰੀਆਂ ਨੂੰ ਤਾਜ਼ਾ ਚਿਤਾਵਨੀ ਜਾਰੀ

**ਨਵੀਂ ਦਿੱਲੀ:** ਭਾਰਤ 'ਚ ਸਥਿਤ ਅਮਰੀਕੀ ਸਫ਼ਾਰਤਖ਼ਾਨੇ ਨੇ ਅਮਰੀਕੀ ਵੀਜ਼ਾ ਧਾਰਕ ਭਾਰਤੀਆਂ ਨੂੰ ਤੈਅ ਇਮੀਗ੍ਰੇਸ਼ਨ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਚਿਤਾਵਨੀ




ਦਿੱਤੀ ਹੈ। ਇਸ ਚਿਤਾਵਨੀ 'ਚ ਸਾਫ਼ ਕਿਹਾ ਗਿਆ ਹੈ ਕਿ ਅਜਿਹਾ ਕਰਨ 'ਚ ਨਾਕਾਮ ਰਹਿਣ 'ਤੇ ਵੀਜ਼ਾ ਰੱਦ ਕਰਕੇ ਸੰਬੰਧਿਤ ਵਿਅਕਤੀ ਨੂੰ ਅਮਰੀਕਾ 'ਚੋਂ ਡਿਪੋਰਟ ਕੀਤਾ ਜਾ ਸਕਦਾ ਹੈ। ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਉਤੇ ਇਕ ਪੋਸਟ 'ਚ ਦੂਤਘਰ ਨੇ ਕਿਹਾ ਕਿ ਵੀਜ਼ਾ ਜਾਰੀ ਹੋਣ ਤੋਂ ਬਾਅਦ ਵੀਜ਼ਾ ਸਕ੍ਰੀਨਿੰਗ ਬੰਦ ਨਹੀਂ ਹੁੰਦੀ। ਅਸੀਂ ਇਹ ਯਕੀਨੀ ਬਣਾਉਣ ਲਈ ਵੀਜ਼ਾ ਧਾਰਕਾਂ ਦੀ ਲਗਾਤਾਰ ਜਾਂਚ ਕਰਦੇ ਹਾਂ ਕਿ ਉਹ ਸਾਰੇ ਅਮਰੀਕੀ ਕਾਨੂੰਨਾਂ ਅਤੇ ਇਮੀਗ੍ਰੇਸ਼ਨ ਨਿਯਮਾਂ ਦੀ ਪਾਲਣਾ ਕਰਦੇ ਹਨ ਜਾਂ ਨਹੀਂ। ਜੇ ਉਹ ਅਜਿਹਾ ਨਹੀਂ ਕਰਦੇ ਤਾਂ ਅਸੀਂ ਉਨ੍ਹਾਂ ਦੇ ਵੀਜ਼ੇ ਰੱਦ ਕਰ ਦੇਵਾਂਗੇ ਅਤੇ ਉਨ੍ਹਾਂ ਨੂੰ ਦੇਸ਼ ਨਿਕਾਲਾ (ਡਿਪੋਰਟ) ਦੇ ਦੇਵਾਂਗੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਅਮਰੀਕਾ ਨੇ ਇਕ ਸਲਾਹ ਜਾਰੀ ਕੀਤੀ ਸੀ, ਜਿਸ 'ਚ ਵੀਜ਼ਾ ਬਿਨੈਕਾਰਾਂ ਲਈ ਆਪਣੇ ਸੋਸ਼ਲ ਮੀਡੀਆ ਖਾਤਿਆਂ ਦੇ ਵੇਰਵੇ ਮੁਹੱਈਆ ਕਰਾਉਣੇ ਜ਼ਰੂਰੀ ਕੀਤੇ ਗਏ ਸਨ। ਇਸ ਦਾ ਮਕਸਦ ਇਨ੍ਹਾਂ ਵੀਜ਼ਾ ਖ਼ਾਤਿਆਂ ਦੀ ਅਮਰੀਕੀ ਕਾਨੂੰਨਾਂ ਦੇ ਉਲਟ ਕਿਸੇ ਵੀ ਸਮਗਰੀ ਜਾਂ ਵਿਚਾਰਾਂ ਲਈ ਇਨ੍ਹਾਂ ਦੀ ਪੜਤਾਲ ਕਰਨਾ ਹੈ।

# ਰਾਸ਼ਟਰੀ ਸਰਵੇਖਣ 'ਚ ਪੰਜਾਬ ਨੇ ਸਿੱਖਿਆ ਦੇ ਖੇਤਰ 'ਚ ਮੱਲਿਆ ਪਹਿਲਾ ਸਥਾਨ

## ਅਧਿਆਪਕਾਂ ਨੂੰ ਬਿਨਾਂ ਕਿਸੇ ਦਬਾਅ ਦੇ ਉਤਸ਼ਾਹਿਤ ਕੀਤਾ ਜਾ ਰਿਹੈ: ਬੈਂਸ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਪੱਤਰਕਾਰ ਸੰਮੇਲਨ ਦੌਰਾਨ ਕਿਹਾ ਕਿ ਅਧਿਆਪਕਾਂ ਦੀ ਕੀਤੀ ਸਖ਼ਤ ਮਿਹਨਤ ਸਦਕਾ ਭਾਰਤ ਸਰਕਾਰ ਦੇ ਰਾਸ਼ਟਰੀ ਸਰਵੇਖਣ 'ਚ ਪੰਜਾਬ ਨੇ ਸਿੱਖਿਆ ਦੇ ਖੇਤਰ 'ਚ ਪਹਿਲਾ ਸਥਾਨ ਹਾਸਿਲ ਕੀਤਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਪਿਛਲੇ ਸਾਢੇ ਤਿੰਨ ਸਾਲਾਂ 'ਚ ਸੂਬੇ ਦੀ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਵੱਲ ਇਤਿਹਾਸਕ ਕਦਮ ਚੁੱਕੇ ਹਨ। ਉਨ੍ਹਾਂ ਨੇ ਕਿਹਾ ਕਿ ਪਿਛਲੀਆਂ ਕਾਂਗਰਸ, ਅਕਾਲੀ-ਭਾਜਪਾ ਸਰਕਾਰਾਂ ਦੌਰਾਨ ਸਰਕਾਰੀ ਸਕੂਲਾਂ ਦੀ ਹਾਲਤ ਬਹੁਤ ਮਾੜੀ ਸੀ, ਪਰ 2022 'ਚ 'ਆਪ' ਸਰਕਾਰ ਬਣਨ ਤੋਂ ਬਾਅਦ ਅਸੀਂ ਸਰਕਾਰੀ ਸਕੂਲਾਂ ਨੂੰ ਸੁਧਾਰਿਆ। ਅਸੀਂ ਨਵੇਂ ਕਲਾਸ-ਰੂਮ ਬਣਾਏ, ਅਤਿ-ਆਧੁਨਿਕ ਪ੍ਰਯੋਗਸ਼ਾਲਾਵਾਂ, ਸੁਰੱਖਿਆ ਗਾਰਡ, ਕੈਂਪਸ ਮੈਨੇਜਰ, ਆਵਾਜਾਈ ਸੇਵਾਵਾਂ, ਵਰਦੀਆਂ ਅਤੇ ਕਿਤਾਬਾਂ ਦੀ ਸਮੇਂ ਸਿਰ ਸਪਲਾਈ ਸ਼ੁਰੂ ਕੀਤੀ ਅਤੇ ਸਕੂਲ ਆਫ਼ ਐਮੀਨੈਂਸ ਵਰਗੇ ਕਈ ਸੁਧਾਰ ਕੀਤੇ। ਅਧਿਆਪਕਾਂ ਨੂੰ ਵਿਸ਼ਵ ਪੱਧਰੀ ਸਿਖਲਾਈ ਲਈ ਵਿਦੇਸ਼ ਭੇਜਿਆ ਅਤੇ ਵਿਦਿਆਰਥੀਆਂ ਲਈ ਐਕਸਪੋਜ਼ਰ ਵਿਜ਼ਿਟ ਵਰਗੀਆਂ ਯੋਜਨਾਵਾਂ ਰਾਹੀਂ ਨਿਵੇਕਲੇ ਕਦਮ ਵੀ




ਪੁੱਟੇ ਗਏ। ਕੈਬਨਿਟ ਮੰਤਰੀ ਨੇ ਇਹ ਵੀ ਕਿਹਾ ਕਿ 'ਮਿਸ਼ਨ ਸਮਰੱਥ' ਤਹਿਤ ਉਨ੍ਹਾਂ ਬੱਚਿਆਂ ਦੀ ਪਛਾਣ ਕੀਤੀ ਗਈ ਜੋ ਪੜ੍ਹਨ-ਲਿਖਣ ਜਾਂ ਗਣਿਤ 'ਚ ਕਮਜ਼ੋਰ ਸਨ। ਇਹ ਮਿਸ਼ਨ ਸਫਲਤਾਪੂਰਵਕ ਲਾਗੂ ਕੀਤਾ ਗਿਆ। ਜਿਸ ਦੇ ਨਤੀਜੇ ਭਾਰਤ ਸਰਕਾਰ ਦੇ ਰਾਸ਼ਟਰੀ ਮੁਲਾਂਕਣ ਸਰਵੇਖਣ 'ਚ ਦੇਖੇ ਗਏ, ਜਿਸ 'ਚ ਪੰਜਾਬ ਨੇ ਪੂਰੇ ਦੇਸ਼ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਨੇ ਇਸ ਉਪਲਬਧੀ ਲਈ ਪੰਜਾਬ ਦੇ ਅਧਿਆਪਕਾਂ ਦੇ ਕੰਮਾਂ ਦੀ ਪ੍ਰਸੰਸਾ ਕਰਦਿਆਂ ਵਧਾਈ ਵੀ ਦਿੱਤੀ। ਉਨ੍ਹਾਂ ਨੇ ਕਿਹਾ ਕਿ ਸਰਕਾਰ ਫਾਊਂਡੇਸ਼ਨ ਲਰਨਿੰਗ ਨੂੰ ਤਰਜੀਹ ਦੇ ਰਹੀ ਹੈ। ਬੱਚਿਆਂ ਨੂੰ ਇਕ ਮਜ਼ਬੂਤ ਵਿੱਦਿਅਕ ਆਧਾਰ ਪ੍ਰਦਾਨ ਕਰਨ ਲਈ ਅਧਿਆਪਕਾਂ ਨੂੰ ਬਿਨਾਂ ਕਿਸੇ ਦਬਾਅ ਦੇ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਸਰਕਾਰ ਦਾ ਉਦੇਸ਼ ਹੈ ਕਿ ਹਰ ਬੱਚਾ ਆਤਮਵਿਸ਼ਵਾਸ ਅਤੇ ਗੁਣਵੱਤਾ ਨਾਲ ਅੱਗੇ ਵਧੇ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਟੋਰਾਂਟੋ 'ਚ ਰੱਥ ਯਾਤਰਾ ਦੌਰਾਨ ਅੰਡੇ ਸੁੱਟਣਾ ਮੰਦਭਾਗਾ ਕਰਾਰ

**ਨਵੀਂ ਦਿੱਲੀ:** ਭਾਰਤ ਨੇ ਕੈਨੇਡਾ ਦੇ ਟੋਰਂਟੋ ਵਿਚ ਕੱਢੀ ਗਈ ਰੱਥ ਯਾਤਰਾ ਦੌਰਾਨ ਗੜਬੜ ਕਰਨ ਦੇ ਯਤਨਾਂ ਨੂੰ ਘਿਨਾਉਣਾ ਕਰਾਰ ਦਿੱਤਾ ਹੈ। ਭਾਰਤ ਨੇ ਕਿਹਾ ਹੈ ਕਿ ਇਸ ਮਾਮਲੇ ਨੂੰ ਕੈਨੇਡਾ ਦੇ ਅਧਿਕਾਰੀਆਂ ਅੱਗੇ ਮਜ਼ਬੂਤੀ ਨਾਲ ਰੱਖਿਆ ਹੈ। ਮੀਡੀਆ ਵਿਚ ਆਈਆਂ ਖ਼ਬਰਾਂ ਮੁਤਾਬਕ ਰੱਥ ਯਾਤਰਾ ਦੌਰਾਨ ਕੁਝ ਸ਼ਰਾਰਤੀ ਤੱਤਾਂ ਨੇ ਅੰਡੇ ਸੁੱਟੇ ਸਨ। ਇਸ ਸਾਲਾਨਾ ਰੱਥ ਯਾਤਰਾ ਵਿਚ ਭਗਵਾਨ ਜਗਨਨਾਥ ਦਾ ਸ਼ਾਨਦਾਰ ਰੱਥ ਸ਼ਾਮਲ ਸੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਮੁਤਾਬਕ ਅਜਿਹੇ ਘਿਨਾਉਣੇ ਕਾਰੇ ਤਿਉਹਾਰ ਦੀ ਭਾਵਨਾ ਦੇ ਖ਼ਿਲਾਫ਼ ਹਨ।



# ਬਿਸ਼ਨੋਈ ਗੈਂਗ ਨੂੰ ਕੈਨੇਡਾ 'ਚ ਅੱਤਵਾਦੀ ਗਰੁੱਪ ਐਲਾਨਣ ਦੀ ਮੰਗ

**ਐਡਮਿੰਟਨ:** ਬ੍ਰਿਟਿਸ਼ ਕੋਲੰਬੀਆਦੇ ਪ੍ਰੀਮੀਅਰ ਡੇਵਿਡ ਏਬੀ ਤੇ ਬਰੈਂਪਟਨ ਦੇ ਮੇਅਰ ਪੈਟ੍ਰਿਕ ਬਰਾਊਨ ਤੋਂ ਬਾਅਦ ਹੁਣ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿੱਥ ਨੇ ਨੇ ਵੀ ਕੈਨੇਡਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਲਾਰੈਂਸ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਗਰੁੱਪ ਐਲਾਨਿਆ ਜਾਵੇ। ਅੱਜ ਪ੍ਰੀਮੀਅਰ ਸਮਿੱਥ ਤੇ ਅਲਬਰਟਾ ਦੇ ਜਨਤਕ ਸੁਰੱਖਿਆ ਤੇ ਐਮਰਜੈਂਸੀ ਸੇਵਾਵਾਂ ਮੰਤਰੀ ਮਾਇਕ ਏਲਿਸ ਨੇ ਬਿਆਨ ਜਾਰੀ ਕਰ ਕੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਤੋਂ ਮੰਗ ਕੀਤੀ ਹੈ ਕਿ ਕੈਨੇਡਾ ਵਿਚ ਫਿਰੌਤੀ ਮੰਗਣ ਦੀਆਂ ਘਟਨਾਵਾਂ, ਜਾਇਦਾਦ ਨੂੰ ਜਾਣ ਬੁੱਝ ਕੇ ਅੱਗ ਲਗਾਉਣ ਦੀਆਂ ਘਟਨਾਵਾਂ ਵਿਚ ਵਾਧਾ ਹੋ ਰਿਹਾ ਹੈ। ਇਨ੍ਹਾਂ ਵਿਚ ਬਿਸ਼ਨੋਈ ਗੈਂਗ ਦਾ ਹੱਥ ਦੱਸਿਆ ਜਾ ਰਿਹਾ ਹੈ।



# ਸ੍ਰੀ ਅਕਾਲ ਤਖ਼ਤ ਅਤੇ ਪਟਨਾ ਸਾਹਿਬ ਵਿਚਾਲੇ ਵਿਵਾਦ ਸੁਲਝਿਆ; ਦੋਵਾਂ ਵੱਲੋਂ ਹੁਕਮਨਾਮੇ ਰੱਦ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਚਕਾਰ ਲੰਬੇ ਸਮੇਂ ਤੋਂ ਚੱਲ ਰਿਹਾ ਵਿਵਾਦ ਸੋਮਵਾਰ ਨੂੰ ਖ਼ਤਮ ਹੋ ਗਿਆ। ਦੋਵਾਂ ਤਖ਼ਤਾਂ ਦੇ ਪੰਜ ਸਿੰਘ ਸਾਹਿਬਾਨ ਨੇ ਇਕਮਤ ਹੋ ਕੇ ਪਿਛਲੇ ਦਿਨੀਂ ਦੋਵਾਂ ਵੱਲੋਂ ਜਾਰੀ ਕੀਤੇ ਗਏ ਹੁਕਮਨਾਮੇ ਰੱਦ ਕਰਨ ਦਾ ਫੈਸਲਾ ਕੀਤਾ। ਇਸ ਦੇ ਨਾਲ ਹੀ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਤਨਖ਼ਾਹੀਏ ਐਲਾਨੇ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਬਾਬਾ ਟੇਕ ਸਿੰਘ ਧਨੌਲਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੋਸ਼ ਮੁਕਤ ਹੋ ਗਏ ਹਨ। ਇਸੇ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਤਨਖਾਹੀਆ ਕਰਾਰ ਦਿੱਤੇ ਗਏ। ਪਟਨਾ ਸਾਹਿਬ ਦੇ ਹੈੱਡ ਗ੍ਰੰਥੀ ਸਮੇਤ ਤਿੰਨ ਅਹੁਦੇਦਾਰਾਂ ਨੂੰ ਵੀ ਦੋਸ਼ਾਂ ਤੋਂ ਮੁਕਤ ਕਰ ਦਿੱਤਾ ਗਿਆ ਹੈ। ਇਸ ਦੀ ਪੁਸ਼ਟੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕੀਤੀ ਹੈ। ਇਸ ਇਕੱਤਰਤਾ ਵਿੱਚ ਉਨ੍ਹਾਂ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਤਿੰਨ ਗ੍ਰੰਥੀ ਸਿੰਘ ਸਾਹਿਬਾਨ ਗਿਆਨੀ ਰਾਜਦੀਪ ਸਿੰਘ, ਗਿਆਨੀ ਸੁਲਤਾਨ ਸਿੰਘ, ਗਿਆਨੀ ਕੇਵਲ ਸਿੰਘ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਟੇਕ ਸਿੰਘ ਸ਼ਾਮਲ ਸਨ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਨੇ ਦੱਸਿਆ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਕਮੇਟੀ ਦਾ 12 ਮਈ ਨੂੰ ਇਕ ਪੱਤਰ ਹਾਸਲ ਹੋਇਆ। ਇਸ ਪੱਤਰ 'ਚ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਰਬਉੱਚ ਮੰਨਦੇ ਹੋਏ ਇਸ ਪ੍ਰਤੀ ਸਮਰਪਿਤ ਰਹਿਣ ਦਾ ਸੰਕਲਪ ਲਿਆ। ਇਸ ਦੇ ਨਾਲ ਹੀ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਤਖ਼ਤ ਸ੍ਰੀ ਪਟਨਾ ਸਾਹਿਬ ਸੰਬੰਧੀ ਪਹਿਲਾਂ ਲਏ ਗਏ ਫ਼ੈਸਲਿਆਂ 'ਤੇ ਨਜ਼ਰਸਾਨੀ ਕਰਨ ਦੀ ਅਪੀਲ ਕੀਤੀ। ਇਸ ਪੱਤਰ 'ਤੇ ਵਿਚਾਰ ਕਰਨ ਲਈ ਸੋਮਵਾਰ ਨੂੰ ਪੰਜ ਸਿੰਘ ਸਾਹਿਬਾਨ ਦੀ ਕਮੇਟੀ ਨੇ ਬੈਠਕ ਕਰ ਕੇ ਪਹਿਲਾਂ ਦਿੱਤੇ ਗਏ ਹੁਕਮ ਵਾਪਸ ਲੈ ਲਏ। ਓਧਰ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਸਿੰਘ ਸਾਹਿਬਾਨ ਨੇ ਵੀ ਬੈਠਕ ਕਰ ਕੇ ਪਹਿਲਾਂ ਦਿੱਤੇ ਗਏ ਹੁਕਮ ਵਾਪਸ ਲੈਣ ਦਾ ਐਲਾਨ ਕੀਤਾ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਇਸ ਦੇ ਨਾਲ ਹੀ ਦੋਵਾਂ ਤਖ਼ਤ ਸਾਹਿਬਾਨ ਵਿਚਕਾਰ ਜਿਹੜਾ ਵਿਵਾਦ ਚੱਲ ਰਿਹਾ ਸੀ, ਉਹ ਹੁਣ ਪੰਥਕ ਏਕਤਾ ਦੀ ਭਾਵਨਾ ਨਾਲ ਪੂਰਨ ਆਪਸੀ ਸਹਿਯੋਗ ਨਾਲ ਖ਼ਤਮ ਹੋ ਗਿਆ ਹੈ।



## ਬੇਅਦਬੀ ਵਿਰੁੱਧ ਸਜ਼ਾ...

(ਪਹਿਲੇ ਸਫ਼ੇ ਦਾ ਬਾਕੀ)

ਸਹਿਣਸ਼ੀਲਤਾ ਦਾ ਰਸਤਾ ਦਿਖਾਇਆ ਹੈ।

ਮੁੱਖ ਮੰਤਰੀ ਨੇ ਕਿਹਾ ਹੈ ਕਿ ਸਰਕਾਰ ਨੇ ਅਜਿਹੇ ਸਖ਼ਤ ਅਪਰਾਧਾਂ ਲਈ ਸਖ਼ਤ ਤੋਂ ਸਖ਼ਤ ਸਜ਼ਾ ਸਮੇਤ ਗੰਭੀਰ ਨਤੀਜਿਆਂ ਤੋਂ ਬਚਣ ਲਈ ਇੱਕ ਮਜ਼ਬੂਤ ਕਾਨੂੰਨ ਦਾ ਖਰੜਾ ਤਿਆਰ ਕਰਨ ਲਈ ਪ੍ਰਮੁੱਖ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕੀਤਾ ਹੈ।

ਨਿਆਂ ਪ੍ਰਤੀ ਆਪਣੀ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ, ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਨ੍ਹਾਂ ਬੇਅਦਬੀ ਦੇ ਕੰਮਾਂ ਵਿੱਚ ਸ਼ਾਮਲ ਹਰੇਕ ਵਿਅਕਤੀ, ਭਾਵੇਂ ਸਿੱਧੇ ਜਾਂ ਅਸਿੱਧੇ ਤੌਰ 'ਤੇ, ਨੂੰ ਮਿਸਾਲੀ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ। ਨਵਾਂ ਕਾਨੂੰਨ ਬਣਨ ਉਪਰੰਤ ਪੰਜਾਬ 'ਚ ਧਾਰਮਿਕ ਗ੍ਰੰਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਟਕਾ ਸਾਹਿਬ, ਰਾਮਾਇਣ, ਭਗਵਤ ਗੀਤਾ, ਬਾਈਬਲ, ਕੁਰਾਨ ਸ਼ਰੀਫ਼ ਆਦਿ ਦੀ ਬੇਅਦਬੀ ਕੀਤੀ ਗਈ ਤਾਂ ਪੂਰੀ ਉਮਰ ਜੇਲ੍ਹ ਵਿਚ ਬਿਤਾਉਣੀ ਪੈ ਸਕਦੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਸੋਮਵਾਰ ਨੂੰ ਕੈਬਨਿਟ ਵਿਚ ਪਾਸ ਕਰਾਉਣ ਤੋਂ ਬਾਅਦ 'ਪੰਜਾਬ ਪਵਿੱਤਰ ਗ੍ਰੰਥਾਂ ਖ਼ਿਲਾਫ਼ ਅਪਰਾਧ ਰੋਕਥਾਮ ਬਿੱਲ-2025' ਵਿਧਾਨ ਸਭਾ ਵਿਚ ਪੇਸ਼ਕੀਤਾ ਸੀ। ਮੁੱਖ ਮੰਤਰੀ ਮਾਨ ਨੇ ਪਿਛਲੇ ਹਫ਼ਤੇ ਇਕ ਪ੍ਰੈੱਸ ਕਾਨਫ਼ਰੰਸ ਵਿਚ ਕਿਹਾ ਸੀ ਕਿ ਸਰਕਾਰ ਇਸ ਬਿੱਲ ਨੂੰ ਸਲਾਹਕਾਰ ਕਮੇਟੀ ਨੂੰ ਸੌਂਪੇਗੀ ਅਤੇ ਉਸ ਨੂੰ ਗੁਜ਼ਾਰਿਸ਼ ਕਰੇਗੀ ਕਿ ਸਾਰੇ ਧਰਮਾਂ ਤੇ ਸੰਸਥਾਵਾਂ ਨਾਲ ਚਰਚਾ ਕਰ ਕੇ ਇਸ ਵਿਚ ਸਜ਼ਾ ਦੀ ਤਜਵੀਜ਼ ਕੀਤੀ ਜਾਵੇ। ਬਿੱਲ ਮੁਤਾਬਕ ਬੇਅਦਬੀ ਦੇ ਕੇਸ ਸਿਰਫ਼ ਸੈਸ਼ਨ ਕੋਰਟ ਵਿਚ ਹੀ ਸੁਣੇ ਜਾ ਸਕਣਗੇ। ਇਸ ਤੋਂ ਹੇਠਲੀ ਅਦਾਲਤ ਵਿਚ ਸੁਣਵਾਈ ਨਹੀਂ ਹੋਵੇਗੀ। ਬੇਅਦਬੀ ਕਰਨ ਵਾਲੇ ਕੇਸਾਂ ਦੀ ਜਾਂਚ ਡੀਐੱਸਪੀ ਤੋਂ ਹੇਠਲੇ ਰੈਂਕ ਦਾ ਅਧਿਕਾਰੀ ਨਹੀਂ ਕਰ ਸਕੇਗਾ। ਸਰਕਾਰ ਮੁਤਾਬਕ ਇਸ ਕਦਮ ਨਾਲ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਲਈ ਸਖ਼ਤ ਸਜ਼ਾ ਯਕੀਨੀ ਬਣਾਉਣ ਨਾਲ ਸਮਾਜ ਤੇ ਰਾਸ਼ਟਰ ਵਿਰੋਧੀ ਸਰਗਰਮੀਆਂ

### ਨਵੇਂ ਬਿੱਲ 'ਚ ਬੀ.ਐੱਨ.ਐੱਸ. ਤੋਂ ਵੱਖ ਤਜਵੀਜ਼ਾਂ

ਸਰਕਾਰ ਨੇ ਇਸ ਬਿੱਲ ਵਿਚ ਭਾਰਤੀ ਨਿਆਂ ਸੰਹਿਤਾ ਤੋਂ ਵੱਖ ਆਪਣੀਆਂ ਤਸਵੀਜ਼ਾਂ ਪੇਸ਼ ਕੀਤੀਆਂ ਹਨ। ਜ਼ਿਕਰਯੋਗ ਹੈ ਕਿ ਤੱਤਕਾਲੀਨ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਿਚ 28 ਅਗਸਤ 2018 ਨੂੰ ਬੇਅਦਬੀ ਬਿੱਲ ਪਾਸ ਕਰ ਕੇ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਭੇਜਿਆ ਗਿਆ ਸੀ, ਜਿਸ ਨੂੰ ਪਿਛਲੇ ਸਮੇਂ ਕੇਂਦਰ ਸਰਕਾਰ ਨੇ ਇਹ ਕਹਿੰਦੇ ਹੋਏ ਵਾਪਸ ਕਰ ਦਿੱਤਾ ਕਿ ਹੁਣ ਭਾਰਤੀ ਦੰਡ ਸੰਹਿਤਾ (ਆਈਪੀਸੀ) ਦੀ ਜਗ੍ਹਾ ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ) ਲਾਗੂ ਕਰ ਦਿੱਤੀ ਗਈ ਹੈ। ਹੈ ਅਤੇ ਉਸ ਵਿਚ ਧਾਰਮਿਕ ਗ੍ਰੰਥਾਂ ਨੂੰ ਲੈ ਲੈ ਕੇ ਜਿਨ੍ਹਾਂ ਸਜ਼ਾਵਾਂ ਦੀ ਤਜਵੀਜ਼ ਕੀਤੀ ਗਈ ਹੈ, ਉਸ ਦੀ ਰੋਸ਼ਨੀ ਵਿਚ ਸਰਕਾਰ ਆਪਣਾ ਕਾਨੂੰਨ ਬਣਾ ਲਵੇ।

## ਅਮਰੀਕਾ ਦੇਵੇਗਾ...

(ਪਹਿਲੇ ਸਫ਼ੇ ਦਾ ਬਾਕੀ)

ਕਰਨ ਦਾ ਫ਼ੈਸਲਾ ਲਿਆ ਹੈ।

ਤਕਰੀਬਨ 6 ਮਹੀਨਿਆਂ ਦੇ ਕਾਰਜਕਾਲ ਵਿਚ ਰਾਸ਼ਟਰਪਤੀ ਟਰੰਪ ਨੇ ਪਹਿਲੀ ਵਾਰ ਯੂਕਰੇਨ ਨੂੰ ਹਥਿਆਰ ਦੇਣ ਦਾ ਐਲਾਨ ਕੀਤਾ ਹੈ। ਹਾਲੇ ਤੱਕ ਸਾਬਕਾ ਰਾਸ਼ਟਰਪਤੀ ਜੋ ਬਾਇਡਨ ਦੇ ਕਾਰਜਕਾਲ ਵਚ ਪ੍ਰਵਾਨਤ ਹਥਿਆਰਾਂ ਦੀ ਸਪਲਾਈ ਯੂਕਰੇਨ ਨੂੰ ਹੋ ਰਹੀ ਸੀ। ਇਸ ਤੋਂ ਪਹਿਲਾਂ ਟਰੰਪ ਨੇ ਰੂਸੀ ਰਾਸ਼ਟਰਪਤੀ ਪੁਤਿਨ ਦੇ ਯੂਕਰੇਨ ਜੰਗ ਨੂੰ ਲੈ ਕੇ ਰੁਖ਼ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਪੁਤਿਨ ਦਿਨ ਸਮੇਂ ਮਿੱਠੀਆਂ ਗੱਲਾਂ ਕਰਦੇ ਹਨ ਰਾਤ ਵੇਲੇ ਯੂਕਰੇਨ 'ਤੇ ਬੰਬਾਰੀ ਕਰਵਾਉਂਦੇ ਹਨ, ਇਹ ਸਹੀ ਨਹੀਂ। ਟਰੰਪ ਨੇ ਕਿਹਾ ਕਿ ਯੂਕਰੇਨ ਨੂੰ ਹੁਣ ਅਸੀਂ ਬੇਹਦ ਸੰਵੇਦਨਸ਼ੀਲ ਹਥਿਆਰਾਂ ਦੀ ਸਪਲਾਈ ਕਰਾਂਗੇ। ਪਤਾ ਚੱਲਿਆ ਹੈ ਕਿ ਇਨ੍ਹਾਂ ਹਥਿਆਰਾਂ ਦੀ ਕੀਮਤ ਯੂਰਪੀ ਯੂਨੀਅਨ ਦੇ ਮੁਲਕ ਅਦਾ ਕਰਨਗੇ। ਇਸ ਸਿਲਸਿਲੇ ਵਿਚ ਜਰਮਨੀ ਦੇ ਰੱਖਿਆ ਮੰਤਰੀ ਬੋਰਿਸ ਪਿਸਟੋਰੀਅਸ ਇਸੇ ਹਫ਼ਤੇ ਵਾਸ਼ਿੰਗਟਨ ਆਉਣਗੇ ਤੇ ਹਮਰੁਤਬਾ ਪੀਟ ਹੇਗਸੇਥ ਨਾਲ ਗੱਲਬਾਤ ਕਰਨਗੇ।

ਟਰੰਪ ਦੇ ਨਾਲ ਤਿੰਨ ਜੁਲਾਈ ਨੂੰ ਆਪਣੀ ਅੰਤਮ ਟੈਲੀਫੋਨ ਗੱਲਬਾਤ ਵਿਚ ਰੂਸੀ ਰਾਸ਼ਟਰਪਤੀ ਪੁਤਿਨ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਯੂਕਰੇਨ ਵਿਚ ਟੀਚਿਆਂ ਦੀ ਪ੍ਰਾਪਤੀ ਹੋਣ ਮਗਰੋਂ ਹੀ ਉਥੇ ਜੰਗ ਰੁਕਾ ਦਿੱਤੀ ਜਾਵੇਗੀ। ਇਸ ਤੋਂ ਪਹਿਲਾਂ ਯੂਕਰੇਨ ਦੇ ਨਾਲ ਇਸਤੰਬੁਲ ਵਿਚ ਹੋਈ ਗੱਲਬਾਤ ਵਿਚ ਰੂਸ ਨੇ ਸਾਫ਼ ਕਰ ਦਿੱਤਾ ਸੀ ਕਿ ਯੂਕਰੇਨ ਨੂੰ ਫ਼ੌਜੀ ਜਥੇਬੰਦੀ ਨਾਟੋ ਵਿਚ ਵਾੜਣ ਦੀ ਅਰਜ਼ੀ ਵਾਪਸ ਲੈਣੀ ਪਵੇਗੀ। ਨਾਲ ਹੀ ਜੰਗ ਦੌਰਾਨ ਰੂਸ ਦੇ ਕਬਜ਼ੇ ਵਿਚ ਲਏ ਗਏ ਇਲਾਕਿਆਂ 'ਤੇ ਯੂਕਰੇਨ ਨੂੰ ਦਾਅਵਾ ਛੱਡਣਾ ਪਵੇਗਾ। ਯੂਕਰੇਨ ਵੱਲੋਂ ਇਨ੍ਹਾਂ ਦੋਵਾਂ ਸ਼ਰਤਾਂ ਨੂੰ ਨਾਂ ਮੰਨਣ ਦੀ ਵਜ੍ਹਾ ਨਾਲ ਦੋਵਾਂ ਮੁਲਕਾਂ ਵਿਚ ਸ਼ਾਂਤੀ ਬਾਰੇ ਗੱਲਬਾਤ ਅੱਗੇ ਨਹੀਂ ਵੱਧ ਸਕੀ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਟਰੰਪ ਨੇ ਯੂਰਪੀਅਨ ਸੰਘ, ਮੈਕਸੀਕੋ ਵਿਰੁੱਧ 1 ਅਗਸਤ ਤੋਂ 30 ਫ਼ੀਸਦੀ ਟੈਰਿਫ ਲਗਾਉਣ ਦਾ ਕੀਤਾ ਐਲਾਨ


**ਬ੍ਰਿਜਵਾਟਰ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੈਕਸੀਕੋ ਤੇ ਯੂਰਪੀ ਸੰਘ (ਈ.ਯੂ.) 'ਤੇ 30 ਫ਼ੀਸਦੀ ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ। ਇਨ੍ਹਾਂ ਦੇਸ਼ਾਂ 'ਤੇ ਟੈਰਿਫ 1 ਅਗਸਤ ਤੋਂ ਲਾਗੂ ਹੋਵੇਗਾ। ਇਸ ਤੋਂ ਪਹਿਲਾਂ ਬੁੱਧਵਾਰ ਨੂੰ ਟਰੰਪ ਨੇ ਅਮਰੀਕਾ ਦੇ 7 ਛੋਟੇ ਵਪਾਰਕ ਭਾਈਵਾਲਾਂ ਨੂੰ ਇਕ ਟੈਰਿਫ ਪੱਤਰ ਭੇਜਿਆ ਸੀ, ਜਿਸ 'ਚ ਫਿਲੀਪੀਨਜ਼, ਬਰੂਨੇਈ, ਮੋਲਡੋਵਾ, ਅਲਜੀਰੀਆ, ਲੀਬੀਆ, ਇਰਾਕ ਤੇ ਸ਼੍ਰੀਲੰਕਾ ਵਰਗੇ ਦੇਸ਼ ਸ਼ਾਮਲ ਹਨ। ਟਰੰਪ ਨੇ 'ਟਰੂਥ' ਸੋਸ਼ਲ ਪਲੇਟਫਾਰਮ 'ਤੇ ਆਪਣੇ ਹੈਂਡਲ 'ਤੇ ਮੈਕਸੀਕੋ ਤੇ ਯੂਰਪੀਅਨ ਯੂਨੀਅਨ ਨੂੰ ਭੇਜੇ ਗਏ ਟੈਰਿਫ ਪੱਤਰ ਸਾਂਝੇ ਕੀਤੇ। ਟਰੰਪ ਨੇ ਮੈਕਸੀਕਨ ਰਾਸ਼ਟਰਪਤੀ ਨੂੰ ਲਿਖੇ ਇਕ ਪੱਤਰ 'ਚ ਲਿਖਿਆ ਕਿ ਇਹ ਮੇਰੇ ਲਈ ਬਹੁਤ ਸਨਮਾਨ ਦੀ ਗੱਲ ਹੈ ਕਿ ਤੁਹਾਨੂੰ ਇਹ ਪੱਤਰ ਭੇਜ ਰਿਹਾ ਹਾਂ ਕਿਉਂਕਿ ਇਹ ਸਾਡੇ ਵਪਾਰਕ ਸੰਬੰਧਾਂ ਦੀ ਮਜ਼ਬੂਤੀ ਤੇ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਹ ਵੀ ਸੱਚ ਹੈ ਕਿ ਅਮਰੀਕਾ ਮੈਕਸੀਕੋ ਨਾਲ ਕੰਮ ਕਰਨਾ ਜਾਰੀ ਰੱਖਣ ਲਈ ਸਹਿਮਤ ਹੋਇਆ ਹੈ।



ਪੱਤਰ 'ਚ ਕਿਹਾ ਗਿਆ ਹੈ ਕਿ ਇਹ ਅੰਸ਼ਕ ਤੌਰ 'ਤੇ ਮੈਕਸੀਕੋ ਦੀ ਕਾਰਟੈਲ ਨੂੰ ਰੋਕਣ 'ਚ ਅਸਫਲਤਾ ਕਾਰਨ ਹੈ। ਟਰੰਪ ਦੇ ਅਨੁਸਾਰ, ਮੈਕਸੀਕੋ ਮੇਰੀ ਸਰਹੱਦ ਨੂੰ ਸੁਰੱਖਿਅਤ ਕਰਨ ਵਿੱਚ ਮਦਦ ਕਰ ਰਿਹਾ ਹੈ ਪਰ ਇਸ ਦੇਸ਼ ਨੇ ਜੋ ਕੀਤਾ ਹੈ ਉਹ ਕਾਫ਼ੀ ਨਹੀਂ ਹੈ। ਮੈਕਸੀਕੋ ਨੇ ਅਜੇ ਤੱਕ ਉਨ੍ਹਾਂ ਕਾਰਟੈਲਾਂ ਨੂੰ ਨਹੀਂ ਰੋਕਿਆ ਹੈ ਜੋ ਪੂਰੇ ਉੱਤਰੀ ਅਮਰੀਕਾ ਨੂੰ ਨਾਰਕੋ-ਤਸਕਰੀ ਦੇ ਮੈਦਾਨ 'ਚ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ। ਸਪੱਸ਼ਟ ਹੈ, ਮੈਂ ਅਜਿਹਾ ਨਹੀਂ ਹੋਣ ਦਿਆਂਗਾ। ਇਸ ਪੱਤਰ ਦੇ ਅਨੁਸਾਰ 1 ਅਗਸਤ, 2025 ਤੋਂ ਅਮਰੀਕਾ ਮੈਕਸੀਕੋ ਤੋਂ ਅਮਰੀਕਾ ਭੇਜੇ ਜਾਣ ਵਾਲੇ ਮੈਕਸੀਕਨ ਉਤਪਾਦਾਂ 'ਤੇ 30 ਫ਼ੀਸਦੀ ਤੱਕ ਦਾ ਟੈਰਿਫ ਲਗਾਏਗਾ, ਜੋ ਕਿ ਸਾਰੇ ਖੇਤਰੀ ਟੈਰਿਫਾਂ ਤੋਂ ਵੱਖਰਾ ਹੋਵੇਗਾ।

# ਸੀ.ਬੀ.ਆਈ. ਦੇ ਯਤਨਾਂ ਸਦਕਾ 4 ਲੱਖ ਪੌਂਡ ਦੇ ਕਰੀਬ ਲੋਕਾਂ ਨਾਲ ਧੋਖਾਧੜੀ ਕਰਨ ਵਾਲੇ ਗਰੋਹ ਦਾ ਪਰਦਾਫਾਸ਼

**ਲੰਡਨ:** ਬਰਤਾਨੀਆਂ ਦੀ ਰਾਸ਼ਟਰੀ ਅਪਰਾਧ ਏਜੰਸੀ (ਐਨ.ਸੀ.ਏ.) ਨੇ ਨੋਇਡਾ ਤੋਂ ਚੱਲ ਰਹੇ ਇਕ ਕਾਲ ਸੈਂਟਰ ਤੋਂ ਧੋਖਾਧੜੀ ਦਾ ਪਰਦਾਫਾਸ਼ ਕਰਨ ਲਈ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਤੇ ਕਈ ਅਮਰੀਕੀ ਟੀਮਾਂ ਨਾਲ ਕੀਤੇ ਗਏ 'ਸ਼ਾਨਦਾਰ ਸਹਿਯੋਗ' ਦੇ ਵੇਰਵੇ ਸਾਂਝੇ ਕੀਤੇ ਹਨ। ਇਸ ਕਾਲ ਸੈਂਟਰ ਵਲੋਂ ਕੀਤੇ ਗਏ ਘੁਟਾਲੇ 'ਚ 100 ਦੇ ਕਰੀਬ ਪੀੜਤ ਬਰਤਾਨਵੀ ਲੋਕ ਸ਼ਾਮਿਲ ਸਨ। ਐਨ.ਸੀ.ਏ. ਮੁਤਾਬਿਕ ਅੰਤਰਰਾਸ਼ਟਰੀ ਜਾਂਚ ਪਿਛਲੇ ਸਾਲ ਦੇ ਸ਼ੁਰੂ 'ਚ ਸ਼ੁਰੂ ਹੋਈ ਸੀ ਜਦੋਂ ਅਮਰੀਕਾ 'ਚ ਇਸਦੇ ਅੰਤਰਰਾਸ਼ਟਰੀ ਸੰਪਰਕ ਅਧਿਕਾਰੀਆਂ ਨੂੰ ਮਾਈਕ੍ਰੋਸਾਫਟ ਤੋਂ ਜਾਣਕਾਰੀ ਮਿਲੀ ਸੀ। ਐਨ.ਸੀ.ਏ. ਅਤੇ ਯੂ.ਐਸ.ਫੈਡਰਲ. ਬਿਊਰੋ ਆਫ਼ ਇਨਵੈਸਟੀਗੇਸ਼ਨ (ਐਫ. ਆਈ.ਬੀ) ਦੇ ਅਧਿਕਾਰੀਆਂ ਨੇ ਸੀ.ਬੀ.ਆਈ. ਨਾਲ ਆਪਣੀ ਖੁਫੀਆ ਜਾਣਕਾਰੀ ਸਾਂਝੀ ਕੀਤੀ, ਜਿਸ ਦੇ ਨਤੀਜੇ ਵਜੋਂ ਤੁਰੰਤ ਕਾਰਵਾਈ ਕਰਦਿਆਂ 2 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਰਿਪੋਰਟ 'ਚ ਕਿਹਾ ਗਿਆ ਹੈ ਕਿ, ਇਕੱਲੇ ਯੂ.ਕੇ. 'ਚ ਪੀੜਤਾਂ ਨੂੰ ਲੱਗਭੱਗ 4 ਲੱਖ ਪੌਂਡ ਤੋਂ ਵੱਧ ਦਾ ਨੁਕਸਾਨ ਹੋਇਆ। ਘੁਟਾਲੇ 'ਚ ਸ਼ਾਮਲ ਲੋਕਾਂ ਨੇ




ਮਾਈਕ੍ਰੋਸਾਫਟ ਦੇ ਕਰਮਚਾਰੀ ਹੋਣ ਦਾ ਦਿਖਾਵਾ ਕਰਕੇ 100 ਤੋਂ ਵੱਧ ਬਰਤਾਨਵੀ ਨਾਗਰਿਕਾਂ ਨੂੰ ਸਾਫਟਵੇਅਰ ਸਮੱਸਿਆਵਾਂ ਦੇ ਹੱਲ ਦੀ ਪੇਸ਼ਕਸ਼ ਕੀਤੀ ਸੀ। ਉਹੀ ਕਾਲ ਸੈਂਟਰ ਅਮਰੀਕੀ ਨਾਗਰਿਕਾਂ ਨੂੰ ਵੀ ਨਿਸ਼ਾਨਾ ਬਣਾ ਰਿਹਾ ਸੀ। ਜਾਂਚ ਤੋਂ ਪਤਾ ਲੱਗਾ ਕਿ ਘੁਟਾਲੇ 'ਚ ਸ਼ਾਮਲ ਅਪਰਾਧੀ ਕਈ ਦੇਸ਼ਾਂ ਦੇ ਸਰਵਰਾਂ ਰਾਹੀਂ ਜਾਅਲੀ ਫੋਨ ਨੰਬਰਾਂ ਦੀ ਵਰਤੋਂ ਕਰਦੇ ਸਨ।

# ਪ੍ਰਧਾਨ ਮੰਤਰੀ ਖ਼ਿਲਾਫ਼ ਟਿੱਪਣੀਆਂ ਕਰਨ ਦੇ ਰੋਸ ਵਜੋਂ ਭਾਜਪਾ ਵਲੋਂ 'ਆਪ' ਖ਼ਿਲਾਫ਼ ਪ੍ਰਦਰਸ਼ਨ

**ਜਲੰਧਰ:** ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤੇ ਗਏ ਵਿਦੇਸ਼ ਦੌਰਿਆਂ ਨੂੰ ਲੈ ਕੇ ਕੀਤੀ ਗਈ ਟਿੱਪਣੀ ਦੇ ਰੋਸ ਵਜੋਂ ਜਲੰਧਰ ਭਾਜਪਾ ਦੇ ਪ੍ਰਧਾਨ ਸੁਸ਼ੀਲ ਸ਼ਰਮਾ ਦੀ ਅਗਵਾਈ ਵਿਚ ਅੱਜ ਭਾਜਪਾ ਵੱਲੋਂ ਅੱਜ ਕੰਪਨੀ ਬਾਗ਼ (ਸ੍ਰੀ ਰਾਮ ਚੌਕ) ਵਿਚ ਮੁੱਖ ਮੰਤਰੀ ਦਾ ਪੁਤਲਾ ਸਾੜ ਕੇ 'ਆਪ' ਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ।

ਇਸ ਮੌਕੇ ਭਾਜਪਾ ਆਗੂਆਂ ਨੇ ਮੁੱਖ ਮੰਤਰੀ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਦੇਸ਼ ਦੌਰਿਆਂ ਨੂੰ ਲੈ ਕੇ ਕੀਤੀ ਗਈ ਟਿੱਪਣੀਆਂ ਕਰਨ 'ਤੇ ਰੋਸ ਜ਼ਾਹਿਰ ਕਰਦਿਆਂ ਕਿਹਾ ਕਿ ਸ੍ਰੀ ਨਰਿੰਦਰ ਮੋਦੀ ਸੰਸਾਰ ਭਰ ਵਿਚ ਦੇਸ਼ ਦਾ ਨਾਂਅ ਉੱਚਾ ਕਰ ਰਹੇ ਹਨ ਤੇ ਉਨ੍ਹਾਂ ਨੇ ਸਮੇਂ-ਸਮੇਂ 'ਤੇ ਦੂਜੇ ਦੇਸ਼ਾਂ ਵਿਚ ਫਸੇ ਹੋਏ ਭਾਰਤੀਆਂ ਨੂੰ ਕੱਢ ਕੇ ਸ਼ਲਾਘਾਯੋਗ ਕੰਮ ਕੀਤੇ ਹਨ ਸਗੋਂ ਉਨ੍ਹਾਂ ਨੇ ਕੁਦਰਤੀ ਆਪਦਾ ਵੇਲੇ ਵੀ ਕਈ ਦੇਸ਼ਾਂ ਨੂੰ ਸਹਾਇਤਾ ਉਪਲਬਧ ਕਰਵਾਈ ਗਈ ਹੈ ਜਿਸ ਕਰਕੇ ਕਈ ਦੇਸ਼ਾਂ ਵਲੋਂ ਪ੍ਰਧਾਨ ਮੰਤਰੀ ਨੂੰ ਸਰਵਉੱਚ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ ਹੈ ਪਰ ਦੂਜੇ ਪਾਸੇ ਉਨ੍ਹਾਂ ਦੇ ਵਿਦੇਸ਼ ਦੌਰਿਆਂ ਨੂੰ ਲੈ ਕੇ ਕੀਤੀਆਂ ਗਈਆਂ ਟਿੱਪਣੀਆਂ ਨਾਲ ਨਾ ਸਿਰਫ਼ ਭਾਜਪਾ ਦੇ ਵਰਕਰਾਂ ਵਿਚ ਭਾਰੀ ਰੋਸ ਹੈ ਸਗੋਂ ਦੇਸ਼ ਵਾਸੀਆਂ ਵਿਚ ਭਾਰੀ ਰੋਸ ਹੈ ਕਿ ਦੇਸ਼ ਦਾ ਨਾਂਅ ਉੱਚਾ ਕਰਨ ਵਾਲੇ ਪ੍ਰਧਾਨ ਮੰਤਰੀ 'ਤੇ ਇਕ ਮੁੱਖ ਮੰਤਰੀ ਵੱਲੋਂ ਟਿੱਪਣੀਆਂ ਕੀਤੀਆਂ ਗਈਆਂ ਹਨ ਜਿਹੜੀਆਂ ਕਿ ਕਾਫੀ ਮੰਦਭਾਗੀ ਗੱਲ ਹੈ। ਉਨ੍ਹਾਂ ਨੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਉਨ੍ਹਾਂ ਨੂੰ ਇਸ ਮਾਮਲੇ ਵਿਚ ਮੁਆਫ਼ੀ ਮੰਗਣੀ ਚਾਹੀਦੀ ਹੈ। ਇਸ ਮੌਕੇ ਸੁਸ਼ੀਲ ਸ਼ਰਮਾ ਤੋਂ ਇਲਾਵਾ ਭਾਜਪਾ ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਮਨੋਰੰਜਨ ਕਾਲੀਆ, ਸਾਬਕਾ ਸੰਸਦ ਮੈਂਬਰ ਸੁਸ਼ੀਲ ਰਿੰਕੂ, ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ, ਰਾਕੇਸ਼ ਰਾਠੌਰ, ਵਿਪਨ ਸਭਰਵਾਲ, ਅਨਿਲ ਸੱਚਰ, ਕਿਸ਼ਨ ਲਾਲ ਸ਼ਰਮਾ, ਸਾਗਰ ਜਾਰਜ, ਸੁਭਾਸ਼ ਸੂਦ, ਰਵੀ ਮਹਿੰਦਰੂ, ਹਰਪ੍ਰੀਤ ਸਿੰਘ ਕੀਵੀ, ਰਾਜੀਵ ਢੀਂਗਰਾ, ਅਸ਼ੋਕ ਸਰੀਨ ਹਿੱਕੀ, ਰਵਿੰਦਰ ਧੀਰ, ਦਵਿੰਦਰ ਭਾਰਦਵਾਜ, ਮਨੋਜ ਅਗਰਵਾਲ, ਅਜਮੇਰ ਸਿੰਘ ਬਾਦਲ, ਰਾਜੇਸ਼ ਕਪੂਰ ਤੇ ਹੋਰ ਵੀ ਹਾਜ਼ਰ ਸਨ।




## ਸਿੱਖ ਧਰਮ ਤੇ ਇਤਿਹਾਸ ਸਬੰਧੀ ਕਿਤਾਬਾਂ ਖਰੀਦੋ

*ਸਿੱਖ ਧਰਮ ਅਤੇ ਇਤਿਹਾਸ ਨਾਲ ਸਬੰਧਤ ਕਿਤਾਬਾਂ ਖਰੀਦਣ ਦੇ ਚਾਹਵਾਨ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ ਇਹ ਕਿਤਾਬਾਂ ਘਰ ਬੈਠਿਆਂ ਉਨ੍ਹਾਂ ਦੇ ਸਿਰਨਾਵੇਂ 'ਤੇ ਪਹੁੰਚਾਈਆਂ ਜਾ ਸਕਦੀਆਂ ਹਨ।*

*ਇਨ੍ਹਾਂ ਕਿਤਾਬਾਂ ਵਿਚ*

**ਡਾ. ਹਰਜਿੰਦਰ ਸਿੰਘ ਦਿਲਗੀਰ ਲਿਖਤ:**

* ਸਿੱਖ ਤਵਾਰੀਖ਼ 1469-2022 (5 ਜਿਲਦਾਂ) US $ 70 (including courier charges)
* ਨਵਾਂ ਤੇ ਵੱਡਾ ਮਹਾਨ ਕੋਸ਼ 2748 ਸਫ਼ੇ, ਸੈਂਕੜੇ ਰੰਗੀਨ ਤਸਵੀਰਾਂ (4 ਜਿਲਦਾਂ) US $ 120 (including courier charges)
* ਸਿੱਖ ਇਤਿਹਾਸ ਵਿਚ ਅੱਜ ਦਾ ਦਿਨ (2 ਜਿਲਦਾਂ) US $ 40 (including courier charges)
* 100 ਸਿੱਖ ਬੀਬੀਆਂ US $ 20 (incluidng courier charges)
* ਨਾਨਕਸ਼ਾਹੀ ਕੈਲੰਡਰ ਤੇ ਹੋਰ ਲੇਖ US $ 20 (including courier charges)
* ਮਾਤਾ ਗੁਜਰੀ, ਚਾਰ ਸਾਹਿਬਜ਼ਾਦੇ, 40 ਮੁਕਤੇ US $ 20 (including courier charges)
* ਜਪੁਜੀ ਸਾਹਿਬ ਟੀਕਾ US $ 20 (including courier charges)
* ਕੀਰਤਪੁਰ ਸਾਹਿਬ ਇਤਿਹਾਸ US $ 20 (including courier charges)

**ਬੀਬੀ ਜਗਦੀਸ਼ ਕੌਰ ਪ੍ਰਯਾਗਰਾਜ ਲਿਖਤ**

*101 ਮਹਾਨ ਹਸਤੀਆਂ: ਜਿਨ੍ਹਾਂ ਨੇ ਸਿੱਖ ਇਤਿਹਾਸ ਸਿਰਜਿਆ US $ 25 (including courier charges)

**ਪ੍ਰਿੰਸੀਪਲ ਕਿਰਨਜੀਤ ਰੰਧਾਵਾ ਲਿਖਤ**

* 550 ਸਵਾਲ (ਗੁਰੂ ਨਾਨਕ ਸਾਹਿਬ ਸਬੰਧੀ) US $ 20 (including courier charges)

## English books: (by Dr Harjinder Singh Dilgeer)

* Guru Granth Sahib (English translation) 7 volumes. US $ 125 (including courier charges)
* Sikh History in 10 Volumes. US $ 100 (including courier charges)
* Amritsar & Darbar Sahib (Illustrated. with dozens of precious coloured photos of Darbar Sahib) US$ 40 (including courier charges)
* Heritage of the Punjab (with dozens of precious photos of historical buildings of Punjab) US $ 50 (including courier charges)
* Encyclopedia of Jalandhar District (with dozens of precious photos of historical buildings of Punjab) US $ 50 (including courier charges)
* Historical Sikh Shrines (with hundreds of precious photos of historical Gurdwaras of all the Gurus) US $ 125 (including courier charges)

**All books will be delivered to you at your door.**

**ਜਸਪ੍ਰੀਤ ਕੌਰ ਫੋਨ: 224-422-4773, ਹਰਜਿੰਦਰ ਸਿੰਘ ਦਿਲਗੀਰ ਫੋਨ: +44 777 549 9320**

# ਚੀਫ਼ ਖ਼ਾਲਸਾ ਦੀਵਾਨ ਜਨਰਲ ਹਾਊਸ ਦੀ ਅਹਿਮ ਇਕੱਤਰਤਾ

## 63 ਮੈਂਬਰਾਂ ਦੀ ਮੈਂਬਰਸ਼ਿਪ ਖਾਰਜ ਕਰਨ ਵਾਲਾ ਮਤਾ ਰੱਦ



**ਅੰਮ੍ਰਿਤਸਰ:** ਪੁਰਾਤਨ ਸਿੱਖ ਸੰਸਥਾ ਚੀਫ ਖ਼ਾਲਸਾ ਦੀਵਾਨ ਦੇ ਪ੍ਰਧਾਨ ਤੇ ਵਿਧਾਇਕ ਡਾ: ਇੰਦਰਬੀਰ ਸਿੰਘ ਨਿੱਜਰ ਦੀ ਅਗਵਾਈ ਵਿਚ ਅੱਜ ਹੋਏ ਜਨਰਲ ਇਜਲਾਸ ਦੌਰਾਨ ਸਰਬਸੰਮਤੀ ਨਾਲ ਮਤੇ ਪਾਸ ਕਰਕੇ ਕੁਝ ਮਹੀਨੇ ਪਹਿਲਾਂ ਦੀਵਾਨ ਦੀਆਂ ਪਿਛਲੇ ਲੰਮੇ ਸਮੇਂ ਤੋਂ ਇਕੱਤਰਤਾਵਾਂ ਵਿਚ ਸ਼ਾਮਿਲ ਨਾ ਹੋਣ ਵਾਲੇ ਮੈਂਬਰ ਸਤਿਆਜੀਤ ਸਿੰਘ ਮਜੀਠੀਆ ਸਮੇਤ 63 ਮੈਂਬਰਾਂ ਦੀ ਮੈਂਬਰਸ਼ਿਪ ਖਾਰਜ ਕਰਨ ਵਾਲੇ ਵਿਵਾਦਤ ਮਤੇ ਨੂੰ ਰੱਦ ਕਰਨ ਤੇ 20 ਜੁਲਾਈ ਨੂੰ ਕਰਵਾਏ ਜਾ ਰਹੇ ਸਾਲਾਨਾ ਮਹਾਨ ਕੀਰਤਨ ਦਰਬਾਰ ਦੇ ਪ੍ਰਬੰਧਾਂ ਸਮੇਤ ਦੀਵਾਨ ਨਾਲ ਸੰਬੰਧਿਤ ਹੋਰ ਕਈ ਅਹਿਮ ਮਾਮਲਿਆਂ 'ਤੇ ਵਿਚਾਰ ਚਰਚਾ ਕਰਦਿਆਂ ਸ੍ਰੀ ਅਕਾਲ ਤਖ਼ਤ ਨੂੰ ਸਮਰਪਿਤ ਹੋਣ ਦਾ ਅਹਿਦ ਦੁਹਰਾਇਆ। ਦੀਵਾਨ ਦੇ ਗੁਰਦੁਆਰਾ ਸਾਹਿਬ ਵਿਖੇ ਅੱਜ ਪਹਿਲਾਂ ਕਾਰਜਕਾਰਨੀ ਕਮੇਟੀ ਤੇ ਫਿਰ ਜਨਰਲ ਹਾਊਸ ਇਕੱਤਰਤਾਵਾਂ ਵਿਚ ਦੀਵਾਨ ਦੇ 150 ਦੇ ਕਰੀਬ ਮੈਂਬਰਾਂ ਨੇ ਸ਼ਿਰਕਤ ਕੀਤੀ। ਆਨਰੇਰੀ ਸਕੱਤਰ ਰਮਨੀਕ ਸਿੰਘ ਫ੍ਰੀਡਮ ਨੇ ਮਤਾ ਪੇਸ਼ ਕਰਦਿਆਂ ਜਨਰਲ ਹਾਊਸ ਵਲੋਂ ਮੈਂਬਰਸ਼ਿਪ ਤੋਂ ਖਾਰਜ ਕੀਤੇ ਗਏ 63 ਮੈਂਬਰਾਂ ਦੀ ਸੂਚੀ ਵਿਚ ਬਹੁਤ ਊਣਤਾਈਆਂ ਹੋਣ ਕਰਕੇ ਮੈਂਬਰਸ਼ਿਪ ਸੰਬੰਧੀ ਮਤਾ ਵਾਪਸ ਲੈਣ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ। ਇਕੱਤਰਤਾ ਉਪਰੰਤ ਗੱਲਬਾਤ ਕਰਦਿਆਂ ਪ੍ਰਧਾਨ ਡਾ: ਨਿੱਝਰ ਨੇ ਕਿਹਾ ਕਿ ਦੀਵਾਨ ਹਮੇਸ਼ਾਂ ਸ੍ਰੀ ਅਕਾਲ ਤਖ਼ਤ ਤੇ ਸਿੱਖ ਕੌਮ ਨੂੰ ਸਮਰਪਿਤ ਰਿਹਾ ਹੈ। ਉਨ੍ਹਾਂ ਕਿਹਾ ਕਿ 22 ਜੁਲਾਈ ਨੂੰ ਦੀਵਾਨ ਦੀ ਕਾਰਜਕਾਰਨੀ ਵਿਚਾਰ ਚਰਚਾ ਹਿਤ ਅਕਾਲ ਤਖ਼ਤ ਸਕੱਤਰੇਤ ਵਿਖੇ ਪੇਸ਼ ਹੋਵੇਗੀ। ਇਕੱਤਰਤਾ ਦੌਰਾਨ ਆਨ: ਸਕੱਤਰ ਰਮਨੀਕ ਸਿੰਘ ਫ੍ਰੀਡਮ, ਵਧੀਕ ਆਨ: ਸਕੱਤਰ ਜਸਪਾਲ ਸਿੰਘ ਢਿੱਲੋਂ, ਮੁੱਖ ਦਫ਼ਤਰ ਮੈਂਬਰ ਇੰਚਾਰਜ ਤੇ ਵਧੀਕ ਆਨ: ਸਕੱਤਰ ਹਰਵਿੰਦਰ ਪਾਲ ਸਿੰਘ ਚੁੱਘ ਤੇ ਹਰਿੰਦਰਪਾਲ ਸਿੰਘ ਸੇਠੀ, ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਆਨਰੇਰੀ ਜਾਇੰਟ ਸਕੱਤਰ ਇੰਜੀ. ਜਸਪਾਲ ਸਿੰਘ ਦੀਵਾਨ ਮੈਂਬਰ ਤੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ, ਰਜਿੰਦਰ ਸਿੰਘ ਮਰਵਾਹ, ਜਸਵਿੰਦਰ ਸਿੰਘ ਢਿੱਲੋਂ, ਡਾ: ਸਤਵਿੰਦਰ ਸਿੰਘ ਬਸਰਾ ਸਮੇਤ ਹੋਰ ਮੈਂਬਰ ਹਾਜ਼ਰ ਸਨ, ਜਦੋਂ ਕਿ ਦੀਵਾਨ ਦੇ ਇੱਕ ਆਨ: ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਸਮੇਤ ਕਈ ਸਥਾਨਕ ਮੈਂਬਰ ਸ਼ਾਮਿਲ ਨਹੀਂ ਹੋਏ।

# ਟੈਕਸਾਸ ਦੀ ਮਦਦ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ: ਟਰੰਪ



**ਸੈਕਰਾਮੈਂਟੋ:** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹੜ੍ਹ ਨਾਲ ਪ੍ਰਭਾਵਿਤ ਟੈਕਸਾਸ ਦਾ ਦੌਰਾ ਕੀਤਾ। ਉਹ ਹੜ੍ਹਾਂ ਕਾਰਨ ਮਾਰੇ ਗਏ ਬੱਚਿਆਂ ਤੇ ਹੋਰ ਵਿਅਕਤੀਆਂ ਦੇ ਪਰਿਵਾਰਾਂ ਨੂੰ ਮਿਲੇ ਤੇ ਉਨਾਂ ਨਾਲ ਦੁੱਖ ਸਾਂਝਾ ਕੀਤਾ। ਇਕ ਹਫਤਾ ਪਹਿਲਾਂ ਆਏ ਹੜ੍ਹ 'ਚ 30 ਤੋਂ ਵਧ ਛੋਟੀਆਂ ਬੱਚੀਆਂ ਸਮੇਤ 120 ਲੋਕ ਮਾਰੇ ਗਏ ਸਨ ਤੇ 160 ਅਜੇ ਵੀ ਲਾਪਤਾ ਹਨ ਜਿਨਾਂ ਦੀ ਭਾਲ ਕੀਤੀ ਜਾ ਰਹੀ ਹੈ ਹਾਲਾਂਕਿ ਅਧਿਕਾਰੀ ਸਪੱਸ਼ਟ ਕਰ ਚੁੱਕੇ ਹਨ ਕਿ ਹੁਣ ਕਿਸੇ ਦੇ ਜਿੰਦਾ ਬਚੇ ਹੋਣ ਦੀ ਸੰਭਾਵਨਾ ਬਹੁਤ ਘੱਟ ਹੈ। ਟਰੰਪ ਨੇ ਕਿਹਾ ਕਿ ਇਹ ਬਹੁਤ ਮੁਸ਼ਕਿਲਾਂ ਭਰਿਆ ਸਮਾਂ ਹੈ ਤੇ ਤਬਾਹੀ ਬਾਰੇ ਵਿਸ਼ਵਾਸ ਨਹੀਂ ਹੋ ਰਿਹਾ। 100 ਸਾਲ ਪੁਰਾਣੇ ਦਰੱਖਤ ਪਾਣੀ 'ਚ ਰੁੜ ਗਏ ਹਨ, ਮੈਂ ਅਜਿਹੀ ਤਬਾਹੀ ਪਹਿਲਾਂ ਕਦੇ ਨਹੀਂ ਵੇਖੀ। ਉਨਾਂ ਨੇ ਕੇਰਵਿਲੇ, ਟੈਕਸਾਸ 'ਚ ਸਥਾਨਕ, ਰਾਜ ਤੇ ਸੰਘੀ ਪੱਧਰ ਦੇ ਅਧਿਕਾਰੀਆਂ ਨਾਲ ਹੋਈ ਤਬਾਹੀ ਬਾਰੇ ਵਿਚਾਰ ਵਟਾਂਦਰਾ ਕੀਤਾ। ਰਾਸ਼ਟਰਪਤੀ ਉਨਾਂ ਮਾਪਿਆਂ ਨੂੰ ਮਿਲੇ ਜਿਨਾਂ ਦੇ ਬੱਚੇ ਹੜ੍ਹਾਂ ਦੀ ਲਪੇਟ 'ਚ ਆ ਕੇ ਮਾਰੇ ਗਏ ਸਨ। ਉਨਾਂ ਕਿਹਾ ਕਿ ਕਿਸੇ ਨੂੰ ਵੀ ਕੋਈ ਅੰਦਾਜਾ ਨਹੀਂ ਸੀ ਕਿ ਇਸ ਕਿਸਮ ਦੀ ਘਟਨਾ ਵਾਪਰ ਸਕਦੀ ਹੈ। ਉਨਾਂ ਨੇ ਗਰਮ ਰੁੱਤ ਦੇ ਲੜਕੀਆਂ ਦੇ ਮਿਸਟਿਕ ਵਿਖੇ ਲੱਗੇ ਕੈਂਪ 'ਚ ਮਾਰੀਆਂ ਗਈਆਂ ਬੱਚੀਆਂ ਨੂੰ ਯਾਦ ਕੀਤਾ ਤੇ ਉਨਾਂ ਦੇ ਮਾਪਿਆਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਉਨਾਂ ਕਿਹਾ ਕਿ ਬੱਚੀਆਂ ਦੇ ਮਾਰੇ ਜਾਣ ਦਾ ਦੁੱਖ ਹਰ ਇਕ ਨੂੰ ਹੈ, ਪੂਰਾ ਰਾਸ਼ਟਰ ਦੁਖੀ ਹੈ, ਅਸੀਂ ਗਹਿਰੇ ਸਦਮੇ 'ਚ ਹਾਂ ਤੇ ਅਜੇ ਵੀ ਲਾਪਤਾ ਬੱਚੀਆਂ ਨੂੰ ਲੱਭਣ ਦੀ ਕੋਸ਼ਿਸ਼ ਵਿੱਚ ਹਾਂ। ਟਰੰਪ ਦੇ ਨਾਲ ਉਨਾਂ ਦੀ ਪਤਨੀ ਮੇਲਾਨੀਆ ਟਰੰਪ ਵੀ ਸੀ ਜੋ ਹਰ ਪੀੜਤ ਪਰਿਵਾਰਾਂ ਦੇ ਦੁੱਖ 'ਚ ਸ਼ਰੀਕ ਹੋਈ ਤੇ ਉਨਾਂ ਨਾਲ ਦਿੱਲ ਦੀਆਂ ਡੂੰਘਾਈਆਂ ਤੋਂ ਹਮਦਰਦੀ ਦਾ ਇਜ਼ਹਾਰ ਕੀਤਾ। ਡੈਮੋਕਰੈਟਿਕ ਆਗੂਆਂ ਵੱਲੋਂ ਕੀਤੀ ਗਈ ਸਖਤ ਅਲੋਚਨਾ ਤੋਂ ਬਾਅਦ ਰਾਸ਼ਟਰਪਤੀ ਹੜ੍ਹ ਪੀੜਤ ਖੇਤਰ ਦਾ ਦੌਰਾ ਕਰਨ ਗਏ ਹਨ। ਹੜ ਤੋਂ ਬਾਅਦ ਡੈਮੋਕਰੈਟਿਕਾਂ ਨੇ ਅਲੋਚਨਾ ਕਰਦਿਆਂ ਦੋਸ਼ ਲਾਇਆ ਸੀ ਕਿ ਰਾਸ਼ਟਰਪਤੀ ਵੱਲੋਂ ਰਾਸ਼ਟਰੀ ਮੌਸਮ ਸੇਵਾ 'ਚ ਕੀਤੀ ਕਟੌਤੀ ਕਾਰਨ ਮੌਸਮ ਬਾਰੇ ਭਵਿੱਖਬਾਣੀ ਕਰਨ ਦੇ ਅਮਲ ਦੀ ਰਫਤਾਰ ਮੱਧਮ ਹੋ ਗਈ ਹੈ ਜਿਸ ਕਾਰਨ 4 ਜੁਲਾਈ ਦੀ ਸਵੇਰ ਨੂੰ ਆਇਏ ਮੀਂਹ ਤੇ ਗੁਆਡਾਲੂਪ ਦਰਿਆ 'ਚ ਆਏ ਹੜ ਬਾਰੇ ਕਿਸੇ ਨੂੰ ਪਹਿਲਾਂ ਪਤਾ ਹੀ ਨਹੀਂ ਲੱਗਾ।

# ਸਕੂਲ ਮੈਨੇਜਮੈਂਟ ਕਮੇਟੀਆਂ 'ਚ ਬਾਹਰਲਿਆਂ ਨੂੰ ਸ਼ਾਮਿਲ ਕਰਨਾ ਮੰਦਭਾਗਾ: ਜੀ. ਟੀ. ਯੂ.

**ਐੱਸ. ਏ. ਐੱਸ. ਨਗਰ:** ਸਕੂਲ ਮੈਨੇਜਮੈਂਟ ਕਮੇਟੀਆਂ ਵਿਚ ਉਸੇ ਪਿੰਡ ਦੇ ਗ੍ਰੈਜੂਏਟ ਤੇ ਸਿੱਖਿਆ ਸਰੋਕਾਰਾਂ ਨਾਲ ਜੁੜੇ ਵਿਅਕਤੀਆਂ ਨੂੰ ਅਣਗੌਲਿਆ ਕਰਕੇ ਸਿਆਸੀ ਰੰਗਤ ਤਹਿਤ ਬਾਹਰਲੇ ਵਿਅਕਤੀਆਂ ਨੂੰ ਸ਼ਾਮਿਲ ਕਰਨ ਨੂੰ ਮੰਦਭਾਗਾ ਕਰਾਰ ਦਿੰਦਿਆਂ ਗੌਰਮਿੰਟ ਟੀਚਰਜ਼ ਯੂਨੀਅਨ (ਜੀ. ਟੀ. ਯੂ.) ਦੀ ਮੁਹਾਲੀ ਇਕਾਈ ਦੇ ਪ੍ਰਧਾਨ ਰਵਿੰਦਰ ਸਿੰਘ ਪੱਪੀ ਸਿੱਧੂ ਤੇ ਜਨਰਲ ਸਕੱਤਰ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਸੰਬੰਧ 'ਚ ਜਾਰੀ ਸਰਕਾਰੀ ਨੋਟੀਫਿਕੇਸ਼ਨ ਅਨੁਸਾਰ ਸਮੂਹ ਸਰਕਾਰੀ ਪ੍ਰਾਇਮਰੀ, ਮਿਡਲ ਤੇ ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ 'ਚ ਹੁਣ ਅਗਲੇ ਦੋ ਸਾਲਾਂ (2025-2027) ਲਈ ਸਕੂਲ ਮੈਨੇਜਮੈਂਟ ਕਮੇਟੀਆਂ ਗਠਿਤ ਕੀਤੀਆਂ ਜਾਣੀਆਂ ਹਨ। ਇਸ ਸੰਬੰਧੀ ਡਾਇਰੈਕਟਰ ਸਿੱਖਿਆ ਵਿਭਾਗ ਵਲੋਂ 7 ਜੁਲਾਈ ਨੂੰ ਜਾਰੀ ਪੱਤਰ ਅਨੁਸਾਰ ਹਰ ਇਕ ਸਕੂਲ ਮੈਨੇਜਮੈਂਟ ਕਮੇਟੀ ਵਿਚ 12 ਮੈਂਬਰ ਸਕੂਲ ਵਿਚ ਪੜ੍ਹ ਰਹੇ ਵਿਦਿਆਰਥੀਆਂ ਦੇ ਮਾਤਾ-ਪਿਤਾ ਜਾਂ ਸਰਪ੍ਰਸਤਾਂ 'ਚੋਂ ਚੁਣੇ ਜਾਣਗੇ, ਜਿਨ੍ਹਾਂ 'ਚ ਘੱਟੋ-ਘੱਟ 6 ਮਹਿਲਾਵਾਂ ਮੈਂਬਰ ਹੋਣਗੀਆਂ, ਜਦਕਿ ਇਕ ਮੈਂਬਰ ਸਕੂਲ ਮੁਖੀ, ਇਕ ਮੈਂਬਰ ਸਕੂਲ ਅਧਿਆਪਕ, ਇਕ ਮੈਂਬਰ ਇਲਾਕੇ ਦਾ ਚੁਣਿਆ ਹੋਇਆ ਜਨਤਕ ਪ੍ਰਤੀਨਿਧੀ ਜਾਂ ਉਸ ਵਲੋਂ ਨਾਮਜ਼ਦ ਨੁਮਾਇੰਦਾ ਤੇ ਇਕ ਮੈਂਬਰ ਸਿੱਖਿਆ ਕਰਮਚਾਰੀ ਸਮੇਤ ਕੁੱਲ 16 ਮੈਂਬਰ ਹੋਣਗੇ। ਆਗੂਆਂ ਨੇ ਕਿਹਾ ਕਿ ਸਿੱਖਿਆ ਕਰਮਚਾਰੀ ਤੇ ਇਲਾਕੇ ਦੇ ਚੁਣੇ ਹੋਏ ਜਨਤਕ ਪ੍ਰਤੀਨਿਧੀ ਜਾਂ ਉਸ ਵਲੋਂ ਨਾਮਜ਼ਦ ਨੁਮਾਇੰਦੇ ਦੀ ਚੋਣ ਕਰਦਿਆਂ ਆਮ ਆਦਮੀ ਪਾਰਟੀ ਵਲੋਂ ਆਪਣੇ



ਰਾਜਨੀਤਿਕ ਬੰਦੇ ਫਿੱਟ ਕਰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਸੂਚੀਆਂ ਜਾਰੀ ਕਰਦਿਆਂ ਕੁਝ ਵਿਸ਼ੇਸ਼ ਵਿਅਕਤੀਆਂ ਨੂੰ ਕਮੇਟੀ ਮੈਂਬਰ ਲੈਣ ਦੇ ਜ਼ੁਬਾਨੀ ਸੰਦੇਸ਼ ਪ੍ਰਾਪਤ ਹੋਏ ਹਨ, ਜਿਸ ਕਾਰਨ ਜ਼ਿਲ੍ਹਾ ਸਿੱਖਿਆ ਅਫ਼ਸਰ ਵੀ ਸਰਕਾਰੀ ਹੁਕਮਾਂ ਦੇ ਦਬਾਅ ਵਿਚ ਹਨ। ਇਨ੍ਹਾਂ ਸੂਚੀਆਂ ਨਾਲ ਆਏ ਜ਼ੁਬਾਨੀ ਹੁਕਮਾਂ ਕਾਰਨ ਹੀ ਕਮੇਟੀਆਂ ਵਿਚ ਪਿੰਡ ਤੋਂ ਬਾਹਰ ਦੇ ਅਤੇ ਸਿੱਖਿਆ ਸਰੋਕਾਰਾਂ ਤੋਂ ਕੋਰੇ ਵਿਅਕਤੀਆਂ ਨੂੰ ਲਿਆ ਜਾ ਰਿਹਾ ਹੈ ਤੇ ਪਿੰਡ 'ਚ ਉਪਲੱਬਧ ਗ੍ਰੈਜੂਏਟ ਅਤੇ ਸਿੱਖਿਆ ਸਰੋਕਾਰਾਂ ਨਾਲ ਜੁੜੇ ਵਿਅਕਤੀਆਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਕਈ ਜ਼ਿਲ੍ਹਿਆਂ ਵਿਚ 10-10 ਜਾਂ ਇਸ ਤੋਂ ਵੀ ਵੱਧ ਸਕੂਲਾਂ ਲਈ ਇਕ ਸਿੱਖਿਆ ਕਰਮਚਾਰੀ ਦਿੱਤਾ ਗਿਆ ਹੈ ਜੋ ਕਿ ਉਨ੍ਹਾਂ ਸਾਰੇ ਸਕੂਲਾਂ ਦੀਆਂ ਮੈਨੇਜਮੈਂਟ ਕਮੇਟੀਆਂ ਦਾ ਮੈਂਬਰ ਬਣੇਗਾ। ਆਗੂਆਂ ਨੇ ਸਰਕਾਰ ਨੂੰ ਸਵਾਲ ਕਰਦਿਆਂ ਕਿਹਾ ਕਿ ਅਜਿਹਾ ਮੈਂਬਰ ਸਾਰੇ ਸਕੂਲਾਂ ਦੀਆਂ ਕਮੇਟੀਆਂ ਨਾਲ ਕਿਵੇਂ ਨਿਆਂ ਕਰ ਸਕੇਗਾ।

# ਸਪੀਕਰ ਵਿਧਾਨ ਸਭਾ ਦੇ ਵਧੇ ਹੋਏ ਇਜਲਾਸ 'ਚ ਅਹਿਮ ਮੁੱਦਿਆਂ ਨੂੰ ਤਰਜੀਹ ਦੇਣ: ਬਾਜਵਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸਦਨ ਦੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਚਿੱਠੀ ਲਿਖੀ ਹੈ। ਬਾਜਵਾ ਨੇ ਸਪੀਕਰ ਨੂੰ ਲਿਖੀ ਚਿੱਠੀ 'ਚ 14 ਤੇ 15 ਜੁਲਾਈ, 2025 ਨੂੰ ਹੋਣ ਵਾਲੇ ਵਿਸ਼ੇਸ਼ ਇਜਲਾਸ ਦੌਰਾਨ ਦੋ ਮਹੱਤਵਪੂਰਨ ਮੁੱਦਿਆਂ 'ਤੇ ਸਮਰਪਿਤ ਚਰਚਾ ਦੀ ਮੰਗ ਦੁਹਰਾਈ ਹੈ। ਬਾਜਵਾ ਨੇ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਕਾਨੂੰਨ ਵਿਵਸਥਾ ਦੇ ਸੰਕਟ ਤੇ ਲੈਂਡ ਪੂਲਿੰਗ ਨੀਤੀ ਦਾ ਕਾਰੋਬਾਰ ਦੀ ਸੂਚੀ 'ਚ ਸਪੱਸ਼ਟ ਤੌਰ 'ਤੇ ਜ਼ਿਕਰ ਨਹੀਂ ਕੀਤਾ ਜਾਂਦਾ, ਉਦੋਂ ਤੱਕ ਵਾਧੂ ਬੈਠਕਾਂ ਨੂੰ ਇਕ ਦਿਖਾਵੇ ਦੀ ਕਵਾਇਦ ਤੱਕ ਸੀਮਤ ਕਰ ਦਿੱਤਾ ਜਾਵੇਗਾ। ਉਨ੍ਹਾਂ ਨੇ ਸਾਰਥਕ, ਪਾਰਦਰਸ਼ੀ ਤੇ ਜਵਾਬਦੇਹ ਬਹਿਸ ਦੀ ਲੋੜ 'ਤੇ ਜ਼ੋਰ ਦਿੱਤਾ।


# ਨਸ਼ਿਆਂ ਵਿਰੁੱਧ ਕਾਨੂੰਨ ਵੀ ਸੰਵਿਧਾਨਕ ਅਧਿਕਾਰਾਂ ਨੂੰ ਕੁਚਲਣ ਦਾ ਲਾਇਸੈਂਸ ਨਹੀਂ ਦਿੰਦਾ: ਹਾਈ ਕੋਰਟ

**ਚੰਡੀਗੜ੍ਹ:** ਨਸ਼ੀਲੇ ਪਦਾਰਥਾਂ ਦੀ ਤਸਕਰੀ ਸਮਾਜ ਦੇ ਤਾਣੇ-ਬਾਣੇ ਨੂੰ ਸਿਉਂਕ ਵਾਂਗ ਖਾ ਰਹੀ ਹੈ, ਪਰ ਅਪਰਾਧ ਦੀ ਗੰਭੀਰਤਾ ਨੂੰ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਦਾ ਸਾਧਨ ਨਹੀਂ ਬਣਾਇਆ ਜਾ ਸਕਦਾ, ਇਸ ਟਿੱਪਣੀ ਦੇ ਨਾਲ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵਪਾਰਕ ਮਾਤਰਾ ਦੀ ਵਸੂਲੀ ਦੇ ਬਾਵਜੂਦ ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਇਕ ਮਾਮਲੇ 'ਚ ਦੋਸ਼ੀ ਨੂੰ ਜ਼ਮਾਨਤ ਦੇ ਦਿੱਤੀ। ਜਸਟਿਸ ਮੰਜਰੀ ਨਹਿਰੂ ਕੌਲ ਦੀ ਸਿੰਗਲ ਬੈਂਚ ਨੇ ਇਹ ਹੁਕਮ ਸੁਣਾਉਂਦੇ ਹੋਏ ਕਿਹਾ ਕਿ ਮੁਕੱਦਮੇ ਦੀ ਲਾਪਰਵਾਹੀ ਕਾਰਨ ਕਿਸੇ ਦੋਸ਼ੀ ਨੂੰ ਅਣਮਿੱਥੇ ਸਮੇਂ ਲਈ ਹਿਰਾਸਤ 'ਚ ਰੱਖਣਾ ਨਿਆਂਇਕ ਪ੍ਰਕਿਰਿਆ ਦੀ ਦੁਰਵਰਤੋਂ ਹੈ। ਦਰਅਸਲ ਇਸ ਮਾਮਲੇ 'ਚ ਫਗਵਾੜਾ ਦੇ ਵਸਨੀਕ ਕੁਲਦੀਪ ਤੋਂ 1.540 ਕਿਲੋਗ੍ਰਾਮ ਟਰਾਮਾਡੋਲ ਬਰਾਮਦ ਕੀਤਾ ਗਿਆ ਸੀ, ਜੋ ਕਿ ਵਪਾਰਕ ਸ਼੍ਰੇਣੀ 'ਚ ਆਉਂਦਾ ਹੈ। ਦੋਸ਼ੀ ਪਿਛਲੇ 2 ਸਾਲ ਤੇ 3 ਮਹੀਨਿਆਂ ਤੋਂ ਨਿਆਂਇਕ ਹਿਰਾਸਤ ਵਿਚ ਸੀ। ਮਾਰਚ 2023 'ਚ ਦੋਸ਼ ਆਇਦ ਕੀਤੇ ਗਏ ਸਨ, ਪਰ ਹੁਣ ਤੱਕ 16 ਵਿਚੋਂ ਸਿਰਫ਼ 3 ਗਵਾਹ ਹੀ ਗਵਾਹੀ ਦੇ ਸਕੇ ਹਨ। ਪਟੀਸ਼ਨਕਰਤਾ ਦੇ ਵਕੀਲ ਨੇ ਦਲੀਲ ਦਿੱਤੀ ਕਿ ਇਸਤਗਾਸਾ ਪੱਖ ਦੇ ਬਾਕੀ ਸਾਰੇ ਗਵਾਹ ਪੁਲਿਸ ਵਾਲੇ ਹਨ, ਜੋ ਪੇਸ਼ ਨਹੀਂ ਹੋਏ। ਇਹ ਸਥਿਤੀ 27 ਸੁਣਵਾਈਆਂ 'ਚ ਦੁਹਰਾਈ ਗਈ ਹੈ। ਪਟੀਸ਼ਨਕਰਤਾ ਨੂੰ ਜ਼ਮਾਨਤ ਦਿੰਦੇ ਹੋਏ, ਅਦਾਲਤ ਨੇ ਪੰਜਾਬ ਦੇ ਪੁਲਿਸ ਡਾਇਰੈਕਟਰ ਜਨਰਲ ਨੂੰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਤੇ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਭਵਿੱਖ 'ਚ ਸਰਕਾਰੀ ਵਕੀਲ ਦੇ ਪੁਲਿਸ ਗਵਾਹ ਸਮੇਂ ਸਿਰ ਅਦਾਲਤ 'ਚ ਪੇਸ਼ ਹੋਣ।




# ਜ਼ਰਦਾਰੀ ਰਾਸ਼ਟਰਪਤੀ ਬਣੇ ਰਹਿਣਗੇ, ਮੁਨੀਰ ਨੇ ਕਦੇ ਰਾਸ਼ਟਰਪਤੀ ਬਣਨ ਦੀ ਇੱਛਾ ਨਹੀਂ ਪ੍ਰਗਟਾਈ: ਸ਼ਾਹਬਾਜ਼ ਸ਼ਰੀਫ

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਇਨ੍ਹਾਂ ਅਟਕਲਾਂ ਨੂੰ ਖਾਰਜ ਕਰ ਦਿੱਤਾ ਹੈ ਕਿ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੂੰ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ ਤੇ ਫੌਜ ਮੁਖੀ ਫੀਲਡ ਮਾਰਸ਼ਲ ਅਸਿਮ ਮੁਨੀਰ ਰਾਸ਼ਟਰਪਤੀ ਬਣ ਸਕਦੇ ਹਨ। ਸ਼ਰੀਫ ਨੇ ਕਿਹਾ ਕਿ ਇਹ ਸਾਰੀਆਂ ਕਾਲਪਨਿਕ ਗੱਲਾਂ ਤੇ ਅਫਵਾਹਾਂ ਹਨ। ਪ੍ਰਧਾਨ ਮੰਤਰੀ ਸ਼ਰੀਫ ਨੇ ਸ਼ੁੱਕਰਵਾਰ ਨੂੰ 'ਦ ਨਿਊਜ਼' ਨੂੰ ਦੱਸਿਆ ਕਿ ਫੀਲਡ ਮਾਰਸ਼ਲ ਅਸਿਮ ਮੁਨੀਰ ਨੇ ਕਦੇ ਵੀ ਰਾਸ਼ਟਰਪਤੀ ਬਣਨ ਦੀ ਇੱਛਾ ਨਹੀਂ ਪ੍ਰਗਟਾਈ ਤੇ ਨਾ ਹੀ ਅਜਿਹੀ ਕੋਈ ਯੋਜਨਾ ਹੈ। ਸ਼ਰੀਫ ਨੇ ਇਹ ਵੀ ਕਿਹਾ ਕਿ ਜ਼ਰਦਾਰੀ, ਮੁਨੀਰ ਤੇ ਉਨ੍ਹਾਂ ਵਿਚਕਾਰ ਸੰਬੰਧ ਆਪਸੀ ਸਤਿਕਾਰ 'ਤੇ ਇਕ ਸਾਂਝੇ ਉਦੇਸ਼ 'ਤੇ ਅਧਾਰਤ ਹਨ ਤੇ ਉਹ ਉਦੇਸ਼ ਹੈ - ਪਾਕਿਸਤਾਨ ਦੀ ਤਰੱਕੀ ਅਤੇ ਖੁਸ਼ਹਾਲੀ। ਸ਼ਾਹਬਾਜ਼ ਸ਼ਰੀਫ ਦਾ ਇਹ ਬਿਆਨ ਉਸ ਸਮੇਂ ਆਇਆ ਜਦੋਂ ਵੀਰਵਾਰ ਨੂੰ ਪਾਕਿਸਤਾਨ ਦੇ ਗ੍ਰਹਿ ਮੰਤਰੀ ਮੋਹਸਿਨ ਨਕਵੀ ਨੇ 'ਐਕਸ' 'ਤੇ ਇੱਕ ਪੋਸਟ 'ਚ ਜ਼ਰਦਾਰੀ, ਸ਼ਰੀਫ ਤੇ ਮੁਨੀਰ ਵਿਰੁੱਧ ਚੱਲ ਰਹੀ ਕਥਿਤ ਪ੍ਰਚਾਰ ਮੁਹਿੰਮ ਦੀ ਨਿੰਦਾ ਕੀਤੀ। ਨਕਵੀ ਨੇ ਕਿਹਾ ਕਿ ਅਸੀਂ ਜਾਣਦੇ ਹਾਂ ਕਿ ਇਸ ਪ੍ਰਚਾਰ ਪਿੱਛੇ ਕੌਣ ਹੈ। ਨਕਵੀ ਨੂੰ ਫੌਜ ਦੇ ਉੱਚ ਅਧਿਕਾਰੀਆਂ ਦਾ ਕਰੀਬੀ ਮੰਨਿਆ ਜਾਂਦਾ ਹੈ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਨਾ ਤਾਂ ਰਾਸ਼ਟਰਪਤੀ ਤੋਂ ਅਸਤੀਫੇ ਦੀ ਕੋਈ ਗੱਲ ਹੋਈ ਹੈ ਤੇ ਨਾ ਹੀ ਫੌਜ ਮੁਖੀ ਨੂੰ ਰਾਸ਼ਟਰਪਤੀ ਬਣਾਉਣ ਦੀ ਕੋਈ ਯੋਜਨਾ ਹੈ। ਨਕਵੀ ਨੇ ਇਹ ਵੀ ਦੋਸ਼ ਲਗਾਇਆ ਕਿ ਅਫਵਾਹਾਂ ਫੈਲਾਉਣ ਦੀ ਇਸ ਮੁਹਿੰਮ 'ਚ ਵਿਦੇਸ਼ੀ ਦੁਸ਼ਮਣ ਤਾਕਤਾਂ ਦੀ ਵੀ ਭੂਮਿਕਾ ਹੈ। ਉਨ੍ਹਾਂ ਕਿਹਾ ਕਿ ਜੋ ਲੋਕ ਅਜਿਹੀਆਂ ਗੱਲਾਂ ਫੈਲਾਅ ਰਹੇ ਹਨ, ਉਹ ਭਾਵੇਂ ਕਿੰਨੀ ਵੀ ਯੋਜਨਾ ਬਣਾ ਲੈਣ, ਦੁਸ਼ਮਣ ਏਜੰਸੀਆਂ ਨਾਲ ਮਿਲ ਕੇ ਕੁਝ ਵੀ ਕਰਨ, ਪਰ ਅਸੀਂ ਆਪਣਾ ਕੰਮ ਕਰਦੇ ਰਹਾਂਗੇ ਅਤੇ ਉਹ ਹੈ ਪਾਕਿਸਤਾਨ ਨੂੰ ਮਜ਼ਬੂਤ ਬਣਾਉਣਾ। ਫੀਲਡ ਮਾਰਸ਼ਲ ਅਸਿਮ ਮੁਨੀਰ ਨੂੰ 2022 'ਚ ਫੌਜ ਮੁਖੀ ਨਿਯੁਕਤ ਕੀਤਾ ਗਿਆ ਸੀ। ਪਹਿਲਾਂ ਉਨ੍ਹਾਂ ਦਾ ਕਾਰਜਕਾਲ 3 ਸਾਲਾਂ ਲਈ ਸੀ, ਪਰ ਸਰਕਾਰ ਨੇ ਬਾਅਦ 'ਚ ਇਸਨੂੰ 5 ਸਾਲ ਤੱਕ ਵਧਾ ਦਿੱਤਾ। ਜੇਕਰ ਸਰਕਾਰ ਚਾਹੇ ਤਾਂ ਇਸਨੂੰ ਹੋਰ ਵੀ ਵਧਾ ਸਕਦੀ ਹੈ। ਜ਼ਰਦਾਰੀ ਪਿਛਲੇ ਸਾਲ ਰਾਸ਼ਟਰਪਤੀ ਚੁਣੇ ਗਏ ਸਨ। ਇਹ ਫੈਸਲਾ ਉਸ ਰਾਜਨੀਤਿਕ ਸਮਝੌਤੇ ਦੇ ਤਹਿਤ ਲਿਆ ਗਿਆ ਸੀ ਜਿਸ 'ਚ ਉਨ੍ਹਾਂ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਸ਼ਾਹਬਾਜ਼ ਸ਼ਰੀਫ ਦਾ ਸਮਰਥਨ ਕੀਤਾ ਸੀ।



**ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਨਾ ਤਾਂ ਰਾਸ਼ਟਰਪਤੀ ਤੋਂ ਅਸਤੀਫੇ ਦੀ ਕੋਈ ਗੱਲ ਹੋਈ ਹੈ ਤੇ ਨਾ ਹੀ ਫੌਜ ਮੁਖੀ ਨੂੰ ਰਾਸ਼ਟਰਪਤੀ ਬਣਾਉਣ ਦੀ ਕੋਈ ਯੋਜਨਾ ਹੈ। ਨਕਵੀ ਨੇ ਇਹ ਵੀ ਦੋਸ਼ ਲਗਾਇਆ ਕਿ ਅਫਵਾਹਾਂ ਫੈਲਾਉਣ ਦੀ ਇਸ ਮੁਹਿੰਮ 'ਚ ਵਿਦੇਸ਼ੀ ਦੁਸ਼ਮਣ ਤਾਕਤਾਂ ਦੀ ਵੀ ਭੂਮਿਕਾ ਹੈ।**

# ਦੋਵੇਂ ਇੰਜਣ ਬੰਦ ਹੋਣ ਕਾਰਨ ਵਾਪਰਿਆ ਸੀ ਅਹਿਮਦਾਬਾਦ ਜਹਾਜ਼ ਹਾਦਸਾ

## ਕਈ ਸਵਾਲ ਪੈਦਾ ਕਰਦੀ ਹੈ ਮੁਢਲੀ ਜਾਂਚ ਰਿਪੋਰਟ

**ਨਵੀਂ ਦਿੱਲੀ:** ਪਿਛਲੇ ਮਹੀਨੇ ਗੁਜਰਾਤ ਦੇ ਅਹਿਮਦਾਬਾਦ ਵਿਖੇ ਹੋਏ ਭਿਆਨਕ ਜਹਾਜ਼ ਹਾਦਸੇ (ਏ.ਆਈ.171) ਦੀ 15 ਪੰਨਿਆਂ ਦੀ ਮੁਢਲੀ ਜਾਂਚ ਰਿਪੋਰਟ ਏਅਰ ਕਰਾਫ਼ਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ (ਏ.ਏ.ਆਈ.ਬੀ.) ਨੇ ਜਨਤਕ ਕਰ ਦਿੱਤੀ ਹੈ, ਜਿਸ ਮੁਤਾਬਿਕ ਇਹ ਹਾਦਸਾ ਜਹਾਜ਼ ਦੇ ਦੋਵੇਂ ਇੰਜਣ ਬੰਦ ਹੋਣ ਕਾਰਨ ਹੋਇਆ ਸੀ। 'ਟੇਕ ਆਫ਼' ਦੇ ਕੁਝ ਹੀ ਸਕਿੰਟ ਬਾਅਦ ਬੋਇੰਗ ਡ੍ਰੀਮਲਾਈਨਰ ਬੀ-787-8 ਦਾ ਸੰਤੁਲਨ ਵਿਗੜ ਗਿਆ ਸੀ ਅਤੇ ਉਹ ਇਕ ਮੈਡੀਕਲ ਕਾਲਜ ਦੇ ਹੋਸਟਲ 'ਤੇ ਡਿੱਗ ਗਿਆ ਸੀ ।ਇਸ ਭਿਆਨਕ ਹਾਦਸੇ ਵਿਚ 240 ਯਾਤਰੀ ਮਾਰੇ ਗਏ ਸਨ, ਹਾਲਾਂਕਿ ਇਕ ਯਾਤਰੀ ਚਮਤਕਾਰੀ ਢੰਗ ਨਾਲ ਜ਼ਿੰਦਾ ਬੱਚ ਗਿਆ ਸੀ ।ਰਿਪੋਰਟ ਮੁਤਾਬਿਕ 'ਟੇਕਆਫ' ਤੋਂ ਤੁਰੰਤ ਬਾਅਦ ਇਕ-ਇਕ ਕਰਕੇ ਦੋਵੇਂ 'ਫਿਊਲ ਸਵਿੱਚ' ਇਕ ਸਕਿੰਟ ਦੇ ਅੰਦਰ 'ਰਨ' ਤੋਂ 'ਕਟਆਫ' ਦੀ ਸਥਿਤੀ 'ਚ ਚਲੇ ਗਏ, ਜਿਸ ਕਾਰਨ ਦੋਵੇਂ ਇੰਜਣ ਬੰਦ ਹੋ ਗਏ। ਇਸ ਦੌਰਾਨ ਕਾਕਪਿਟ ਰਿਕਾਰਡਿੰਗ ਤੋਂ ਪਤਾ ਲੱਗਾ ਹੈ ਕਿ ਸਵਿਚ ਬੰਦ ਹੋਣ ਨੂੰ ਲੈ ਕੇ ਦੋਵਾਂ ਪਾਇਲਟਾਂ 'ਚ ਭਰਮ ਦੀ ਸਥਿਤੀ ਸੀ, ਜਿਸ ਦੌਰਾਨ ਇਕ ਪਾਇਲਟ ਨੇ ਦੂਜੇ ਨੂੰ ਪੁੱਛਿਆ ਸੀ ਕਿ ਕੀ ਤੁਸੀਂ ਸਵਿੱਚ ਬੰਦ ਕਰ ਦਿੱਤਾ ਹੈ? ਦੂਜੇ ਨੇ, 'ਨਹੀਂ' ਵਿਚ ਜਵਾਬ ਦਿੱਤਾ ਸੀ । ਰਿਪੋਰਟ ਮੁਤਾਬਿਕ 'ਟੇਕਆਫ' ਤੋਂ ਲੈ ਕੇ ਹਾਦਸੇ ਤੱਕ ਪੂਰੀ ਉਡਾਣ ਸਿਰਫ਼ 32 ਸਕਿੰਟ ਚੱਲੀ ।ਰਿਪੋਰਟ 'ਚ ਇਸ ਗੱਲ ਦਾ ਕੋਈ ਖ਼ੁਲਾਸਾ ਨਹੀਂ ਕੀਤਾ ਗਿਆ ਕਿ ਜਹਾਜ਼ ਦੇ ਹਵਾ 'ਚ ਉੱਡਣ ਨਾਲ ਦੋ 'ਫਿਊਲ ਸਵਿੱਚਾਂ' ਨੂੰ ਕਿਉਂ ਅਤੇ ਕਿਸ ਵਲੋਂ 'ਕਟਆਫ' ਸਥਿਤੀ 'ਚ ਲਿਜਾਇਆ ਗਿਆ ਸੀ, ਜਿਸ ਕਾਰਨ ਦੋਵਾਂ ਇੰਜਣਾਂ ਨੂੰ 'ਲਿਫਟ' ਲਈ ਲੋੜੀਂਦਾ 'ਥ੍ਰਸਟ' ਨਹੀਂ ਮਿਲ ਸਕਿਆ ਅਤੇ ਨਾ ਹੀ ਹਾਦਸੇ ਲਈ ਸਪਸ਼ਟ ਦੋਸ਼ ਤੈਅ ਕੀਤੇ ਗਏ ਹਨ। ਇਸ ਨੇ 'ਵਾਇਸ ਰਿਕਾਰਡਿੰਗ' ਵਿਚ ਪਾਇਲਟਾਂ ਦੀ ਪਛਾਣ ਵੀ ਨਹੀਂ ਕੀਤੀ ਪਰ ਇਸ ਨੇ 'ਫਿਊਲ ਕੰਟਰੋਲ ਸਵਿੱਚ' ਵਿਚ ਕਿਸੇ ਵੀ ਨੁਕਸ ਨੂੰ ਵੀ ਰੱਦ ਕਰ ਦਿੱਤਾ ਹੈ। ਰਿਪੋਰਟ ਅਨੁਸਾਰ ਰੱਖ ਰਖਾਅ ਦੇ ਰਿਕਾਰਡਾਂ ਦੀ ਪੂਰੀ ਜਾਂਚ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ 'ਕੰਪੋਨੈਂਟ ਈਂਧਨ ਸਵਿੱਚ' ਇਰਾਦੇ (ਜਿਸ ਤਰ੍ਹਾਂ ਕੰਮ ਕਰਨ ਲਈ ਸੈੱਟ ਕੀਤਾ ਹੋਵੇ) ਅਨੁਸਾਰ ਕੰਮ ਕਰ ਰਿਹਾ ਸੀ। ਜਾਂਚ ਦੌਰਾਨ ਜਹਾਜ਼ 'ਚ ਕੋਈ ਨੁਕਸ ਨਹੀਂ ਪਾਇਆ ਗਿਆ, ਜਿਸ ਕਾਰਨ ਸਿਰਫ ਪਾਇਲਟ ਦੀ ਗਲਤੀ ਦੀ ਸੰਭਾਵਨਾ ਹੀ ਰਹਿ ਗਈ ਹੈ। ਕੰਟਰੋਲ 'ਤੇ ਫਸਟ ਅਫ਼ਸਰ ਕਲਾਈਵ ਕੁੰਦਰ (32) ਸਨ, ਜਦੋਂਕਿ ਸੁਮੀਤ ਸੱਭਰਵਾਲ ਉਡਾਣ ਦੀ ਨਿਗਰਾਨੀ ਕਰਨ ਵਾਲੇ 'ਸੀਨੀਅਰ ਕਾਕਪਿਟ ਆਕੂਪੈਂਟ ਇਨ ਕਮਾਂਡ' ਸਨ, ਜੋ ਕਿ ਏਅਰ ਇੰਡੀਆ 'ਚ 30 ਸਾਲਾਂ ਦਾ ਤਜਰਬਾ ਰੱਖਣ ਵਾਲਾ ਇਕ ਅਨੁਭਵੀ ਪਾਇਲਟ ਸੀ। ਹਾਲਾਂਕਿ, ਰਿਪੋਰਟ 'ਚ ਯੂ.ਐਸ. ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ ਵਲੋਂ 2018 ਦੇ ਇਕ 'ਏਅਰਵਰਥੀਨੈੱਸ ਬੁਲੇਟਿਨ' ਦਾ ਹਵਾਲਾ ਦਿੱਤਾ ਗਿਆ ਹੈ, ਜਿਸ 'ਚ 'ਫਿਊਲ ਸਵਿੱਚ' ਨੂੰ ਲੈ ਕੇ ਚਿਤਾਵਨੀ ਦਿੱਤੀ ਗਈ ਸੀ ਕਿ ਜਾਂ ਤਾਂ ਇਸ ਨੂੰ ਬਦਲ ਦਿੱਤਾ ਜਾਵੇ ਜਾਂ ਇਸ 'ਚ ਤਕਨੀਕੀ ਸੁਧਾਰ ਕੀਤਾ ਜਾਵੇ। ਰਿਪੋਰਟ ਵਿਚ ਮੌਸਮ, ਪੰਛੀਆਂ ਨਾਲ ਟਕਰਾਉਣ ਅਤੇ ਭੰਨਤੋੜ ਵਰਗੇ ਕਿਸੇ ਵੀ ਕਾਰਨ ਦਾ ਜ਼ਿਕਰ ਨਹੀਂ ਹੈ ।ਰਿਪੋਰਟ ਮੁਤਾਬਿਕ ਹਾਦਸਾਗ੍ਰਸਤ ਜਹਾਜ਼ ਦੇ ਦੋਵੇਂ ਇੰਜਣਾਂ ਦੇ 'ਫਿਊਲ ਸਵਿੱਚ' ਬੰਦ ਸਨ, ਜਿਸ ਤੋਂ ਬਾਅਦ ਪਾਇਲਟਾਂ ਨੇ ਦੋਵੇਂ ਇੰਜਣਾਂ ਨੂੰ ਮੁੜ ਚਾਲੂ ਕਰਨ ਦੀ ਕੋਸ਼ਿਸ਼ ਕੀਤੀ ਪਰ ਜਹਾਜ਼ ਬਹੁਤ ਘੱਟ ਉਚਾਈ 'ਤੇ ਸੀ, ਇਸ ਲਈ ਇੰਜਣਾਂ ਨੂੰ ਤਾਕਤ ਪ੍ਰਾਪਤ ਕਰਨ ਦਾ ਸਮਾਂ ਨਹੀਂ ਮਿਲਿਆ ਅਤੇ ਜਹਾਜ਼ ਹਾਦਸਾਗ੍ਰਸਤ ਹੋ ਗਿਆ । ਰਿਪੋਰਟ 'ਚ ਕਿਹਾ ਗਿਆ ਹੈ ਕਿ ਹਾਦਸੇ ਤੋਂ ਪਹਿਲਾਂ ਪਾਇਲਟ ਨੇ 'ਮੇਅਡੇਅ ਕਾਲ' (ਐਮਰਜੈਂਸੀ ਸੁਨੇਹਾ) ਕੀਤੀ ਸੀ । ਜਹਾਜ਼ ਦਾ ਆਖ਼ਰੀ ਸਿਗਨਲ 190 ਮੀਟਰ (625 ਫੁੱਟ) ਦੀ ਉਚਾਈ 'ਤੇ ਪ੍ਰਾਪਤ ਹੋਇਆ ਸੀ, ਜੋ ਕਿ ਉਡਾਣ ਭਰਨ ਤੋਂ ਤੁਰੰਤ ਬਾਅਦ ਆਇਆ ਸੀ । ਜਹਾਜ਼ ਨੇ 12 ਜੂਨ ਨੂੰ ਦੁਪਹਿਰ 1:39 ਵਜੇ ਰਨਵੇਅ 23 ਤੋਂ ਉਡਾਣ ਭਰੀ ਸੀ। ਉਡਾਣ ਭਰਨ ਤੋਂ ਬਾਅਦ ਜਹਾਜ਼ ਦੇ ਪਾਇਲਟ ਨੇ ਏਅਰ ਟਰੈਫ਼ਿਕ ਕੰਟਰੋਲਰ ਨੂੰ ਐਮਰਜੈਂਸੀ ਸੁਨੇਹਾ ਭੇਜਿਆ ਪਰ ਉਸ ਤੋਂ ਬਾਅਦ ਕੋਈ ਜਵਾਬ ਨਹੀਂ ਆਇਆ । ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਇੰਜਣ ਬੰਦ ਹੁੰਦੇ ਹੀ 'ਰੈਮ ਏਅਰ ਟਰਬਾਈਨ' (ਆਰ.ਏ.ਟੀ.) ਚਾਲੂ ਹੋ ਗਈ, ਜੋ ਹਵਾ ਦੀ ਗਤੀ ਨਾਲ ਘੁੰਮਦੀ ਹੈ ਅਤੇ ਬਿਜਲੀ ਅਤੇ ਹਾਈਡ੍ਰੌਲਿਕ ਪਾਵਰ ਪੈਦਾ ਕਰਦੀ ਹੈ । ਖ਼ਾਸ ਕਰਕੇ ਜਦੋਂ ਜਹਾਜ਼ ਦੀ ਮੁੱਖ ਪਾਵਰ ਕੱਟ ਹੋ ਜਾਵੇ ਜਾਂ ਹਾਈਡ੍ਰੌਲਿਕ ਸਿਸਟਮ ਫੇਲ੍ਹ ਹੋ ਜਾਵੇ । ਆਰ.ਏ.ਟੀ. ਜਹਾਜ਼ ਨੂੰ ਘੱਟੋ-ਘੱਟ ਨੇਵੀਗੇਸ਼ਨ ਅਤੇ ਕੰਟਰੋਲ ਸਿਸਟਮ ਨੂੰ ਕੁਝ ਹੱਦ ਤੱਕ ਚਾਲੂ ਰੱਖਣ 'ਚ ਮਦਦ ਕਰਦਾ ਹੈ ।ਰਿਪੋਰਟ 'ਚ ਬੋਇੰਗ 787-8 ਜਹਾਜ਼ ਅਤੇ ਜੀ.ਈ. ਜੀਈਐਨਐਕਸ-18 ਇੰਜਣ ਸੰਬੰਧੀ ਕਿਸੇ ਵੀ ਆਪਰੇਟਰ ਲਈ ਕੋਈ ਚਿਤਾਵਨੀ ਜਾਂ ਕਾਰਵਾਈ ਦੀ ਸਿਫ਼ਾਰਸ਼ ਵੀ ਨਹੀਂ ਕੀਤੀ ਗਈ ਹੈ।



## ਏਅਰ ਕਰਾਫ਼ਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ ਦੀ ਰਿਪੋਰਟ 'ਚ 10 ਵੱਡੇ ਖ਼ੁਲਾਸੇ

ਏ.ਏ.ਆਈ.ਬੀ. ਦੀ ਰਿਪੋਰਟ ਅਨੁਸਾਰ 'ਟੇਕਆਫ' ਦੌਰਾਨ ਜਿਵੇਂ ਹੀ ਜਹਾਜ਼ 180 ਨਾਟਸ ਦੀ ਸਪੀਡ 'ਤੇ ਪਹੁੰਚਿਆ, ਦੋਵਾਂ ਇੰਜਣਾਂ ਦੇ ਫਿਊਲ ਕੱਟਆਫ ਸਵਿੱਚ ਆਪਣੇ ਆਪ 'ਰਨ' ਤੋਂ 'ਕਟ ਆਫ਼' ਉਤੇ ਚਲੇ ਗਏ । ਇਸ ਦਾ ਮਤਲਬ ਹੈ ਕਿ ਜਹਾਜ਼ ਨੂੰ ਚਲਾਉਣ ਵਾਲੀ 'ਫਿਊਲ' ਸਪਲਾਈ ਬੰਦ ਹੋ ਗਈ। ਦੋਵੇਂ ਇੰਜਣ ਕੁਝ ਸਕਿੰਟ ਵਿਚ ਬੰਦ ਹੋ ਗਏ ।

-ਕਾਕਪਿਟ ਵਾਇਸ ਰਿਕਾਰਡਰ (ਸੀ.ਵੀ.ਆਰ) ਅਨੁਸਾਰ ਪਾਇਲਟਾਂ ਵਿਚ ਭਰਮ ਦੀ ਸਥਿਤੀ ਸੀ। ਇਕ ਪਾਇਲਟ ਨੇ ਦੂਜੇ ਨੂੰ ਪੁੱਛਿਆ ਕਿ ਤੁਸੀਂ ਫਿਊਲ ਕਿਉਂ ਕੱਟਿਆ? ਜਵਾਬ ਸੀ ਮੈਂ ਨਹੀਂ ਕੱਟਿਆ। ਇਸ ਤੋਂ ਸਪਸ਼ਟ ਹੈ ਕਿ 'ਕੱਟਆਫ' ਸ਼ਾਇਦ ਅਨਜਾਣੇ ਵਿਚ ਜਾਂ ਸਿਸਟਮ ਵਿਚ ਕਿਸੇ ਖ਼ਰਾਬੀ ਕਾਰਨ ਹੋਇਆ ਸੀ ।

-ਜਿਵੇਂ ਹੀ ਕੱਟਆਫ ਹੋਇਆ, ਪਾਇਲਟਾਂ ਨੇ ਦੋਵੇਂ ਇੰਜਣਾਂ ਨੂੰ ਚਾਲੂ ਕਰਨ ਦੀ ਕੋਸ਼ਿਸ਼ ਕੀਤੀ । ਈ.ਜੀ.ਟੀ. (ਐਗਜ਼ੌਸਟ ਗੈਸ ਤਾਪਮਾਨ) ਵੀ ਵਧਿਆ ਪਰ ਇੰਜਣ ਦੀ ਗਤੀ (ਐਨ 2) ਘੱਟੋ-ਘੱਟ ਤੋਂ ਵੀ ਹੇਠਾਂ ਰਹੀ, ਯਾਨੀ ਕਿ ਇੰਜਣ ਸ਼ੁਰੂ ਨਹੀਂ ਹੋ ਸਕੇ ।

—ਰਿਪੋਰਟ ਅਨੁਸਾਰ ਇੰਜਣ 1 ਦੀ ਕੋਰ ਸਪੀਡ ਵਿਚ ਗਿਰਾਵਟ ਰੁਕ ਗਈ ਸੀ ਅਤੇ ਉਸ ਵਿਚ ਥੋੜ੍ਹੀ ਜਿਹੀ ਰਿਕਵਰੀ ਦੇ ਸੰਕੇਤ ਸਨ ਪਰ ਇੰਜਣ 2 ਪੂਰੀ ਤਰ੍ਹਾਂ ਡਗਮਗਾ ਗਿਆ ਸੀ ਅਤੇ ਰਿਕਵਰੀ ਨਹੀਂ ਹੋ ਪਾਈ ।

-ਐਮਰਜੈਂਸੀ ਸਥਿਤੀ ਵਿਚ ਆਰ.ਏ.ਟੀ. (ਰੈਮ ਏਅਰ ਟਰਬਾਈਨ) ਅਤੇ ਏ.ਪੀ.ਯੂ. ਵਰਗੇ ਸੁਰੱਖਿਆ ਪ੍ਰਣਾਲੀ ਖ਼ੁਦ ਐਕਟਿਵ ਹੋ ਗਈ ਪਰ ਜਹਾਜ਼ ਨੂੰ ਕੰਟਰੋਲ 'ਚ ਨਹੀਂ ਲਿਆਇਆ ਜਾ ਸਕਿਆ ।

-ਜਿਵੇਂ ਹੀ ਫਿਊਲ ਨੂੰ 'ਰਨ' ਵਿਚ ਵਾਪਸ ਲਿਆਂਦਾ ਗਿਆ, ਈ.ਜੀ.ਟੀ. ਵਿਚ ਇਕ ਉਛਾਲ ਦਰਜ ਹੋਇਆ, ਜਿਸ ਤੋਂ ਪਤਾ ਚਲਦਾ ਹੈ ਕਿ ਇੰਜਣ ਨੂੰ ਚਾਲੂ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਉਹ ਪੂਰੀ ਨਹੀਂ ਹੋ ਸਕੀ ।-ਹਾਦਸੇ ਦੇ ਸਮੇਂ ਐਨ 2 ਵੈਲਿਊ (ਕੋਰ ਸਪੀਡ) ਘੱਟੋ-ਘੱਟ ਲੋੜੀਂਦੇ ਪੱਧਰ ਤੋਂ ਹੇਠਾਂ ਸੀ, ਜਿਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਦੋਵੇਂ ਇੰਜਣ ਚਾਲੂ ਨਹੀਂ ਹੋ ਸਕੇ ।

-ਹਾਦਸੇ 'ਚ ਪਿਛਲਾ ਫਲਾਈਟ ਡਾਟਾ ਰਿਕਾਰਡਰ (ਈ.ਏ.ਐਫ਼.ਆਰ.) ਬੁਰੀ ਤਰ੍ਹਾਂ ਨੁਕਸਾਨਿਆ ਗਿਆ ਸੀ ਅਤੇ ਇਸ ਤੋਂ ਡਾਟਾ ਕੱਢਣਾ ਸੰਭਵ ਨਹੀਂ ਸੀ ਪਰ ਬਾਕੀ ਸਿਸਟਮ ਤੋਂ ਕੁਝ ਮਹੱਤਵਪੂਰਨ ਡਾਟਾ ਪ੍ਰਾਪਤ ਕੀਤਾ ਗਿਆ ਸੀ ।

-ਰਿਪੋਰਟ 'ਚ ਨਾ ਤਾਂ ਬੋਇੰਗ ਅਤੇ ਨਾ ਹੀ ਜੀ.ਈ. (ਇੰਜਣ ਨਿਰਮਾਤਾ) ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਅਜੇ ਤੱਕ ਕੋਈ ਸੁਰੱਖਿਆ ਸਿਫ਼ਾਰਸ਼ ਜਾਰੀ ਨਹੀਂ ਕੀਤੀ ਗਈ ਹੈ।

-ਏ.ਏ.ਆਈ.ਬੀ ਨੇ ਹੋਰ ਜਾਂਚ ਜਾਰੀ ਰੱਖੀ ਹੈ ਅਤੇ ਹੋਰ ਤਕਨੀਕੀ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ । ਇਸ ਤੋਂ ਬਾਅਦ ਹੀ ਅੰਤਿਮ ਰਿਪੋਰਟ 'ਚ ਇਹ ਫ਼ੈਸਲਾ ਕੀਤਾ ਜਾਵੇਗਾ ਕਿ ਇਹ ਕਿਸ ਦੀ ਗ਼ਲਤੀ ਸੀ ਅਤੇ ਭਵਿੱਖ 'ਚ ਕਿਹੜੇ ਸੁਧਾਰ ਕੀਤੇ ਜਾਣੇ ਚਾਹੀਦੇ ਹਨ।

## 'ਫਿਊਲ ਸਵਿੱਚ ਕੱਟਆਫ਼' ਅਚਾਨਕ ਹੋਈ ਗਲਤੀ ਨਹੀਂ ਸੀ: ਮਾਹਰ

**ਨਵੀਂ ਦਿੱਲੀ:** ਏ.ਏ.ਆਈ.ਬੀ. ਦੀ ਰਿਪੋਰਟ 'ਚ ਹਾਦਸਾਗ੍ਰਸਤ ਬੋਇੰਗ 787-8 ਦੇ 'ਫਿਊਲ ਸਵਿੱਚਾਂ' ਨੂੰ ਲੈ ਕੇ ਜਹਾਜ਼ ਦੇ ਪਾਇਲਟਾਂ 'ਚ ਉਲਝਣ ਦੀ ਸਥਿਤੀ 'ਤੇ ਰੌਸ਼ਨੀ ਪਾਈ ਗਈ ਹੈ। 'ਫਿਊਲ ਸਵਿੱਚ' ਜਹਾਜ਼ ਦੇ ਇੰਜਣਾਂ ਵਿਚ 'ਫਿਊਲ' ਦੇ ਪ੍ਰਵਾਹ ਨੂੰ ਕੰਟਰੋਲ ਕਰਦੇ ਹਨ। ਸਵਿੱਚ ਦੀਆਂ ਦੋ ਸਥਿਤੀਆਂ ਹਨ-'ਰਨ' ਅਤੇ 'ਕੱਟ ਆਫ', ਜੋ ਇੰਜਣਾਂ ਨੂੰ ਚਾਲੂ ਜਾਂ ਬੰਦ ਕਰਨ ਲਈ ਵਰਤੀਆਂ ਜਾਂਦੀਆਂ ਹਨ। ਇਕ ਤਜਰਬੇਕਾਰ ਪਾਇਲਟ ਅਨੁਸਾਰ 'ਫਿਊਲ ਸਵਿੱਚ' ਦੀ ਸਥਿਤੀ ਨੂੰ ਅਚਾਨਕ ਹੋਈ ਗਲਤੀ ਨਾਲ ਨਹੀਂ ਬਦਲਿਆ ਜਾ ਸਕਦਾ ਅਤੇ ਇਸ ਲਈ ਇਕ ਪ੍ਰਕਿਰਿਆ ਹੈ। 'ਫਿਊਲ ਸਵਿੱਚਾਂ' ਨੂੰ ਆਮ ਤੌਰ 'ਤੇ 'ਬਰੈਕਟਾਂ' ਨਾਲ ਸੁਰੱਖਿਅਤ ਰੱਖਿਆ ਜਾਂਦਾ ਹੈ ਤਾਂ ਜੋ ਕੋਈ ਦੁਰਘਟਨਾਪੂਰਨ ਹਰਕਤ ਨਾ ਹੋਵੇ। ਪਾਇਲਟ ਨੇ ਕਿਹਾ ਕਿ ਸਵਿੱਚਾਂ ਨੂੰ ਆਪਣੀ ਸਥਿਤੀ ਬਦਲਣ ਤੋਂ ਪਹਿਲਾਂ ਪਹਿਲਾਂ ਉੱਪਰ ਖਿੱਚਣਾ ਪੈਂਦਾ ਹੈ। ਬੋਇੰਗ 787 ਡ੍ਰੀਮਲਾਈਨਰ 'ਚ 'ਫਿਊਲ ਸਵਿੱਚ' 'ਥ੍ਰਸਟ ਲੀਵਰਾਂ' ਦੇ ਹੇਠਾਂ ਹੁੰਦੇ ਹਨ। ਬਦਕਿਸਮਤ ਏਆਈ 171 ਉਡਾਣ ਦੇ ਮਾਮਲੇ 'ਚ ਜਹਾਜ਼ ਦੇ ਦੋਵਾਂ ਇੰਜਣਾਂ ਦੇ 'ਫਿਊਲ ਸਵਿੱਚ' ਇਕ ਸਕਿੰਟ ਦੇ ਅੰਤਰਾਲ ਦੇ ਅੰਦਰ ਕੱਟ ਦਿੱਤੇ ਗਏ ਸਨ ਅਤੇ ਬਾਅਦ 'ਚ ਉਨ੍ਹਾਂ ਨੂੰ ਚਾਲੂ ਕਰ ਦਿੱਤਾ ਗਿਆ ਸੀ।



# ਹਿੰਦੂਆਂ ਤੇ ਸਿੱਖਾਂ ਨੂੰ ਵੰਡਣ ਦੀ ਕੋਸ਼ਿਸ਼ ਕਰਨ ਵਾਲਿਆਂ ਤੋਂ ਸਾਵਧਾਨ ਰਹੋ: ਯੋਗੀ


## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਬਲੀਦਾਨ ਸੰਦੇਸ਼ ਯਾਤਰਾ ਆਰੰਭ




**ਲਖਨਊ:** ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਦਾਅਵਾ ਕੀਤਾ ਕਿ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਪਾੜਾ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਲੋਕਾਂ ਨੂੰ ਅਜਿਹੀਆਂ ਹਰਕਤਾਂ ਤੋਂ ਸਾਵਧਾਨ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਹੁਣ ਜੇਲ੍ਹ 'ਚ ਬੰਦ ਬਲਰਾਮਪੁਰ ਦੇ ਛੰਗੂਰ ਬਾਬਾ ਨੇ ਧਰਮ ਪਰਿਵਰਤਨ ਲਈ ਦਰਾਂ ਨਿਰਧਾਰਤ ਕੀਤੀਆਂ ਸਨ, ਜਿਸ ਨਾਲ 100 ਕਰੋੜ ਰੁਪਏ ਦੇ ਲੈਣ-ਦੇਣ ਹੋਏ। ਆਦਿੱਤਿਆਨਾਥ ਨੇ ਇਹ ਟਿੱਪਣੀਆਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਯੂਪੀ-ਦਿੱਲੀ ਬਲੀਦਾਨ ਸੰਦੇਸ਼ ਯਾਤਰਾ ਨੂੰ ਹਰੀ ਝੰਡੀ ਦਿਖਾਉਣ ਮੌਕੇ ਕੀਤੀਆਂ। ਉਨ੍ਹਾਂ ਕਿਹਾ ਕਿ ਪੀਲੀਭੀਤ ਵਿਚ ਵੀ ਧਰਮ ਪਰਿਵਰਤਨ ਦੇ ਕੁਝ ਮਾਮਲੇ ਸਾਹਮਣੇ ਆਏ ਹਨ। ਉਨ੍ਹਾਂ ਕਿਹਾ ਕਿ ਤੁਸੀਂ ਦੇਖਿਆ ਹੋਵੇਗਾ ਕਿ ਕਿਸ ਤਰ੍ਹਾਂ ਦੀ ਸਾਜ਼ਿਸ਼ ਚੱਲ ਰਹੀ ਹੈ। ਅਸੀਂ ਹਾਲ ਹੀ 'ਚ ਬਲਰਾਮਪੁਰ ਵਿਚ ਇੱਕ ਵੱਡੀ ਕਾਰਵਾਈ ਕੀਤੀ ਹੈ। ਤੁਸੀਂ ਦੇਖਿਆ ਹੋਵੇਗਾ ਕਿ ਉਸ ਨੇ ਦਰਾਂ ਤੈਅ ਕੀਤੀਆਂ ਸਨ, ਭਾਵ ਧਰਮ ਪਰਿਵਰਤਨ ਦੇ ਪ੍ਰੋਗਰਾਮ ਨੂੰ ਕਿਵੇਂ ਅੱਗੇ ਵਧਾਇਆ ਜਾਵੇ। ਇਸ ਮੌਕੇ ਸਮਾਗਮ 'ਚ ਆਦਿੱਤਿਆਨਾਥ ਨੇ ਸਿੱਖ ਗੁਰੂਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਦੀ ਕੁਰਬਾਨੀ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਯਾਦ ਰੱਖੋ, ਬਹੁਤ ਸਾਰੇ ਲੋਕ ਹਿੰਦੂਆਂ ਅਤੇ ਸਿੱਖਾਂ ਵਿਚ ਵੰਡ ਪਾਉਣ ਦੀ ਕੋਸ਼ਿਸ਼ ਕਰਨਗੇ, ਸਾਡੇ ਵਿਚ ਵੰਡਣ ਅਤੇ ਕਮਜ਼ੋਰ ਕਰਨ ਦੀ ਸਾਜ਼ਿਸ਼ ਚੱਲ ਰਹੀ ਹੈ, ਇਸ ਤੋਂ ਸਾਨੂੰ ਕੌਣ ਬਚਾਏਗਾ? ਸਾਨੂੰ ਸਾਵਧਾਨ ਰਹਿਣਾ ਪਵੇਗਾ। ਆਦਿੱਤਿਆਨਾਥ ਨੇ ਮੁਗਲ ਸਮਰਾਟ ਔਰੰਗਜ਼ੇਬ ਦਾ ਵੀ ਜ਼ਿਕਰ ਕੀਤਾ ਅਤੇ ਉਸ ਦੇ ਅੱਤਿਆਚਾਰਾਂ ਲਈ ਉਸ ਦੀ ਨਿੰਦਾ ਕੀਤੀ।

# ਰਾਧਿਕਾ ਦੀ ਆਪਣੀ ਅਕੈਡਮੀ ਨਹੀਂ ਸੀ, ਟੈਨਿਸ ਕੋਰਟ ਬੁੱਕ ਕਰ ਕੇ ਦਿੰਦੀ ਸੀ ਸਿਖਲਾਈ: ਪੁਲਿਸ

**ਗੁਰੂਗ੍ਰਾਮ:** ਗੁਰੂਗ੍ਰਾਮ ਪੁਲਿਸ ਨੇ ਸਨਿਚਰਵਾਰ ਨੂੰ ਕਿਹਾ ਕਿ ਸੂਬਾ ਪੱਧਰੀ ਟੈਨਿਸ ਖਿਡਾਰਨ ਰਾਧਿਕਾ ਯਾਦਵ, ਜਿਸ ਦੀ ਉਸ ਦੇ ਪਿਤਾ ਨੇ ਹੱਤਿਆ ਕਰ ਦਿੱਤੀ ਸੀ, ਦੀ ਆਪਣੀ ਕੋਈ ਟੈਨਿਸ ਅਕੈਡਮੀ ਨਹੀਂ ਸੀ, ਸਗੋਂ ਉਹ ਵੱਖ-ਵੱਖ ਥਾਵਾਂ 'ਤੇ ਟੈਨਿਸ ਕੋਰਟ ਬੁੱਕ ਕਰਕੇ ਆਪਣੇ ਟਰੇਨੀ ਖਿਡਾਰੀਆਂ ਨੂੰ ਸਿਖਲਾਈ ਦਿੰਦੀ ਸੀ। ਦੱਸਿਆ ਜਾ ਰਿਹਾ ਹੈ ਕਿ ਇਸ 'ਤੇ ਉਸ ਦੇ ਪਿਤਾ ਨੂੰ ਇਤਰਾਜ਼ ਸੀ। ਇਸ 25 ਸਾਲਾ ਮੁਟਿਆਰ ਨੂੰ ਉਸ ਦੇ ਪਿਤਾ ਦੀਪਕ ਯਾਦਵ (49) ਨੇ ਵੀਰਵਾਰ ਨੂੰ ਗੁਰੂਗ੍ਰਾਮ ਦੇ ਸੈਕਟਰ 57 ਦੇ ਸੁਸ਼ਾਂਤ ਲੋਕ ਖੇਤਰ ਵਿਚ ਪਰਿਵਾਰ ਦੇ ਦੋ ਮੰਜ਼ਿਲਾ ਘਰ ਵਿਚ ਨੇੜੇ ਤੋਂ ਗੋਲੀਆਂ ਮਾਰ ਕੇ ਹਲਾਕ ਦਰ ਦਿੱਤਾ ਸੀ। ਇਸ ਤੋਂ ਪਹਿਲਾਂ ਪੁਲਿਸ ਨੇ ਕਿਹਾ ਸੀ ਕਿ ਰਾਧਿਕਾ ਇਕ ਟੈਨਿਸ ਅਕੈਡਮੀ ਚਲਾਉਂਦੀ ਸੀ, ਜੋ ਪਿਉ-ਧੀ ਵਿਚਲੇ ਝਗੜੇ ਦਾ ਕਾਰਨ ਬਣ ਗਈ ਸੀ ਕਿਉਂਕਿ ਦੀਪਕ ਨੂੰ ਅਕਸਰ ਆਪਣੀ ਧੀ ਦੀ ਆਮਦਨ 'ਤੇ ਗੁਜ਼ਾਰਾ ਕਰਨ ਲਈ ਲੋਕਾਂ ਵਲੋਂ ਕਥਿਤ ਤਾਅਨੇ ਮਾਰੇ ਜਾਂਦੇ ਸਨ। ਉਂਝ ਹਕੀਕਤ ਇਹ ਹੈ ਕਿ ਮੁਲਜ਼ਮ ਵਿੱਤੀ ਤੌਰ 'ਤੇ ਚੰਗੀ ਹਾਲਤ ਵਿਚ ਸੀ ਅਤੇ ਵੱਖ-ਵੱਖ ਜਾਇਦਾਦਾਂ ਤੋਂ ਕਿਰਾਏ ਦੀ ਚੰਗੀ ਆਮਦਨ ਕਮਾਉਂਦਾ ਸੀ ਅਤੇ ਇਸ ਲਈ ਉਹ ਆਪਣੀ ਧੀ ਦੀ ਕਮਾਈ 'ਤੇ ਨਿਰਭਰ ਨਹੀਂ ਸੀ, ਪਰ ਉਹ ਲੋਕਾਂ ਦੇ ਤਾਅਨਿਆਂ-ਮਿਹਣਿਆਂ ਕਾਰਨ ਪਿਛਲੇ ਕੁਝ ਹਫ਼ਤਿਆਂ ਤੋਂ ਉਦਾਸ ਸੀ। ਪੁਲਿਸ ਦੇ ਇਕ ਜਾਂਚ ਅਧਿਕਾਰੀ ਨੇ ਸ਼ਨਿਚਰਵਾਰ ਨੂੰ ਕਿਹਾ ਕਿ ਰਾਧਿਕਾ ਦੀ ਆਪਣੀ ਅਕੈਡਮੀ ਨਹੀਂ ਸੀ। ਉਹ ਵੱਖ-ਵੱਖ ਥਾਵਾਂ 'ਤੇ ਟੈਨਿਸ ਕੋਰਟ ਬੁੱਕ ਕਰਕੇ ਨਵੇਂ ਖਿਡਾਰੀਆਂ ਨੂੰ ਸਿਖਲਾਈ ਦਿੰਦੀ ਸੀ। ਇਹ ਵੀ ਦਾਅਵੇ ਕੀਤੇ ਗਏ ਸਨ ਕਿ ਦੀਪਕ ਸੋਸ਼ਲ ਮੀਡੀਆ 'ਤੇ ਰਾਧਿਕਾ ਦੀਆਂ ਸਰਗਰਮੀਆਂ ਤੇ ਇਨਫਲੂਐਂਸਰ ਬਣਨ ਦੀ ਖ਼ਾਹਿਸ਼ ਤੋਂ ਖੁਸ਼ ਨਹੀਂ ਸੀ। ਬਹੁਤ ਸਾਰੇ ਲੋਕਾਂ ਨੇ ਦਾਅਵਾ ਕੀਤਾ ਸੀ ਕਿ ਇਕ ਕਲਾਕਾਰ ਦੇ ਨਾਲ ਉਸ ਦੀ ਦਿਖਾਈ ਇਕ ਸੰਗੀਤ ਵੀਡੀਓ ਉਸ ਦੀ ਹੱਤਿਆ ਦਾ ਕਾਰਨ ਬਣੀ ਸੀ। ਇਸ ਬਾਰੇ ਸੈਕਟਰ 56 ਪੁਲਿਸ ਸਟੇਸ਼ਨ ਦੇ ਇੰਸਪੈਕਟਰ ਵਿਨੋਦ ਕੁਮਾਰ ਨੇ ਕਿਹਾ ਕਿ ਇਹ ਵੀਡੀਓ 2023 ਵਿਚ ਅਪਲੋਡ ਕੀਤਾ ਗਿਆ ਸੀ, ਇਸ ਦਾ ਕਤਲ ਨਾਲ ਕੋਈ ਸੰਬੰਧ ਨਹੀਂ ਹੈ। ਮੁਲਜ਼ਮ ਨੇ ਵਾਰ-ਵਾਰ ਕਿਹਾ ਹੈ ਕਿ ਉਹ ਨਹੀਂ ਚਾਹੁੰਦਾ ਸੀ ਕਿ ਉਸ ਦੀ ਧੀ ਸਿਖਲਾਈ ਰਾਹੀਂ ਕਮਾਈ ਕਰੇ। ਪੋਸਟਮਾਰਟਮ ਰਿਪੋਰਟ ਦੇ ਅਨੁਸਾਰ, ਰਾਧਿਕਾ ਨੂੰ ਚਾਰ ਗੋਲੀਆਂ ਲੱਗੀਆਂ ਸਨ। ਸ਼ੁੱਕਰਵਾਰ ਨੂੰ ਪਰਿਵਾਰ ਦੇ ਜੱਦੀ ਪਿੰਡ ਵਜ਼ੀਰਾਬਾਦ ਵਿਚ ਉਸਦਾ ਅੰਤਿਮ ਸੰਸਕਾਰ ਕੀਤਾ ਗਿਆ।



ਪੰਜਾਬ ਟਾਈਮਜ਼

*19 ਜੁਲਾਈ, ਸ਼ਨਿਚਰਵਾਰ*

# ਭਾਰਤ ਅਤੇ ਭ੍ਰਿਸ਼ਟਾਚਾਰ

*ਭਾਰਤ ਵਿਚ ਭ੍ਰਿਸ਼ਟਾਚਾਰ ਇਕ ਸਰਬਵਿਆਪੀ ਬਿਮਾਰੀ ਵਾਂਗ ਹੈ। ਜਿਸ ਦੇ ਅਨੇਕ ਰੂਪ ਅਤੇ ਅਨੇਕ ਪਰਤਾਂ ਹਨ। ਇਹ ਘਿਨਾਉਣੀਆਂ ਅਤੇ ਦਿਲਚਸਪ ਪਰਤਾਂ ਜਦੋਂ ਉਧੜਣ ਲਗਦੀਆਂ ਹਨ ਤਾਂ ਹੈਰਾਨੀਜਨਕ ਵੀ ਹੁੰਦੀਆਂ ਹਨ। ਇਨ੍ਹਾਂ ਪਰਤਾਂ ਦਾ ਇਕ ਰੂਪ ਫਰਜ਼ੀ ਚੰਦਿਆਂ ਦੇ ਰੂਪ ਵਿਚ ਸਾਹਮਣੇ ਆਇਆ ਹੈ। ਇਨਕਮ ਟੈਕਸ ਵਿਭਾਗ ਨੂੰ ਸਿਆਸੀ ਚੰਦੇ ਦੇ ਫ਼ਰਜ਼ੀ ਬਿੱਲ ਬਣਾਉਣ ਵਾਲਿਆਂ ਖ਼ਿਲਾਫ਼ ਦੇਸ਼ ਭਰ 'ਚ ਵੱਡੇ ਪੱਧਰ 'ਤੇ ਛਾਪੇਮਾਰੀ ਕਰਨੀ ਪਈ ਹੈ।*

*ਸਿਆਸੀ ਚੰਦੇ ਦੇ ਫ਼ਰਜ਼ੀ ਬਿੱਲ ਲਾ ਕੇ ਇਨਕਮ ਟੈਕਸ ਤੋਂ ਬਚਣ ਦਾ ਕੰਮ ਪਹਿਲਾਂ ਵੀ ਹੁੰਦਾ ਰਿਹਾ ਹੈ। ਮੰਨਿਆ ਜਾਂਦਾ ਸੀ ਕਿ ਇਸ 'ਚ ਕੁੱਝ ਕਮੀ ਆਈ ਹੋਵੇਗੀ ਪਰ ਲੱਗਦਾ ਹੈ ਕਿ ਹਾਲਾਤ ਜਿਉਂ ਦੇ ਤਿਉਂ ਹਨ। ਜੇ ਅਸਲ 'ਚ ਅਜਿਹਾ ਹੈ ਤਾਂ ਇਸ ਦਾ ਮਤਲਬ ਹੈ ਕਿ ਸਿਆਸੀ ਚੰਦੇ ਅਤੇ ਇਨਕਮ ਟੈਕਸ ਸਬੰਧੀ ਕਾਨੂੰਨ ਅਜਿਹੇ ਹਨ ਕਿ ਲੋਕ ਉਨ੍ਹਾਂ ਦੀ ਦੁਰਵਰਤੋਂ ਸੌਖਿਆਂ ਹੀ ਕਰ ਲੈਂਦੇ ਹਨ। ਇਹ ਬੜੀ ਸਪੱਸ਼ਟ ਗੱਲ ਹੈ ਕਿ ਜੇਕਰ ਨਿਯਮ-ਕਾਨੂੰਨ ਕਮਜ਼ੋਰ ਹੋਣਗੇ ਤਾਂ ਲੋਕ ਉਨ੍ਹਾਂ ਨੂੰ ਤੋੜਨ ਦਾ ਕੰਮ ਕਰਨਗੇ ਹੀ। ਇਹ ਠੀਕ ਹੈ ਕਿ ਲੋਕਾਂ ਨੂੰ ਜ਼ਿੰਮੇਵਾਰ ਹੋਣਾ ਚਾਹੀਦਾ ਹੈ ਪਰ ਆਖ਼ਰ ਸਰਕਾਰ ਦੀ ਵੀ ਤਾਂ ਕੋਈ ਜ਼ਿੰਮੇਵਾਰੀ ਬਣਦੀ ਹੈ। ਇਹ ਸਮਝਣਾ ਔਖਾ ਹੋ ਰਿਹਾ ਹੈ ਕਿ ਉਹ ਸਿਆਸੀ ਚੰਦੇ ਅਤੇ ਇਨਕਮ ਟੈਕਸ ਨਾਲ ਜੁੜੇ ਕਾਨੂੰਨ ਸਰਕਾਰ ਇਸ ਤਰ੍ਹਾਂ ਦੇ ਕਿਉਂ ਨਹੀਂ ਬਣਾ ਰਹੀ ਕਿ ਉਨ੍ਹਾਂ ਦੀ ਘੱਟੋ ਤੋਂ ਘੱਟ ਦੁਰਵਰਤੋਂ ਹੋ ਸਕੇ ਅਤੇ ਜੇ ਲੋਕ ਦੁਰਵਰਤੋਂ ਕਰਨ ਤਾਂ ਆਸਾਨੀ ਨਾਲ ਫੜ ਲਏ ਜਾਣ।*

*ਗੱਲ ਸਿਰਫ਼ ਇਨਕਮ ਟੈਕਸ ਕਾਨੂੰਨਾਂ ਦੀਆਂ ਖਾਮੀਆਂ ਦੀ ਹੀ ਨਹੀਂ ਹੈ। ਟੈਕਸ ਸੰਬੰਧੀ ਹੋਰ ਕਾਨੂੰਨ ਵੀ ਖਾਮੀਆਂ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਕੀਤੇ ਜਾ ਸਕੇ ਹਨ। ਇਨਕਮ ਟੈਕਸ ਦੀ ਤਰ੍ਹਾਂ ਜੀ.ਐੱਸ.ਟੀ. ਦੀ ਵੀ ਚੋਰੀ ਹੁੰਦੀ ਹੈ। ਇਹ ਠੀਕ ਹੈ ਕਿ ਟੈਕਸ ਦੀ ਉਗਰਾਹੀ ਵਧ ਰਹੀ ਹੈ ਪਰ ਓਨੀ ਨਹੀਂ, ਜਿੰਨੀ ਵਧਣੀ ਚਾਹੀਦੀ ਹੈ। ਉਂਜ ਤਾਂ ਟੈਕਸ ਚੋਰੀ ਦੁਨੀਆ ਭਰ 'ਚ ਹੁੰਦੀ ਹੈ ਪਰ ਇਸ ਦਾ ਇਹ ਮਤਲਬ ਨਹੀਂ ਕਿ ਭਾਰਤ 'ਚ ਵੀ ਉਹ ਹੁੰਦੀ ਰਹੇ ਤੇ ਉਸ 'ਤੇ ਕੋਈ ਅਸਰਦਾਰ ਲਗਾਮ ਨਾ ਲੱਗ ਸਕੇ। ਟੈਕਸ ਚੋਰੀ ਅਮੀਰ ਤਬਕਾ ਵੀ ਕਰਦਾ ਹੈ ਤੇ ਉਸ ਨੂੰ ਦੇਖ ਕੇ ਮੱਧ ਵਰਗ ਵੀ। ਟੈਕਸ ਚੋਰੀ 'ਤੇ ਸ਼ਾਇਦ ਪੂਰੀ ਰੋਕ ਨਹੀਂ ਲਗਾਈ ਜਾ ਸਕਦੀ ਪਰ ਇਹ ਚੋਰੀ ਕਰਨ ਵਾਲੇ ਲੋਕਾਂ ਦੇ ਮਨ 'ਚ ਕਾਨੂੰਨ ਦਾ ਡਰ ਵੀ ਤਾਂ ਹੋਣਾ ਚਾਹੀਦਾ ਹੈ। ਇਹ ਸ਼ੁਭ ਸੰਕੇਤ ਨਹੀਂ ਕਿ ਆਪਣੇ ਦੇਸ਼ 'ਚ ਸਾਰੇ ਦਾਅਵਿਆਂ ਤੋਂ ਬਾਅਦ ਵੀ ਟੈਕਸ ਢਾਂਚੇ 'ਚ ਤਸੱਲੀਬਖ਼ਸ਼ ਸੁਧਾਰ ਨਹੀਂ ਕੀਤਾ ਜਾ ਸਕਿਆ ਹੈ। ਹਾਲਾਂਕਿ 'ਇਕ ਦੇਸ਼-ਇਕ ਟੈਕਸ' ਲਿਆਉਣ ਤੋਂ ਬਾਅਦ ਕਿਹਾ ਜਾ ਰਿਹਾ ਸੀ ਕਿ ਇਸ ਨਾਲ ਜਿੱਥੇ ਵਪਾਰੀਆਂ ਦੀ ਖੱਜਲ-ਖੁਆਰੀ ਰੁਕੇਗੀ ਉੱਥੇ ਵੱਡੇ ਪੱਧਰ 'ਤੇ ਹੋ ਰਹੀ ਟੈਕਸ ਚੋਰੀ 'ਤੇ ਵੀ ਲਗਾਮ ਲੱਗੇਗੀ, ਪਰ ਅਜਿਹਾ ਨਹੀਂ ਹੋ ਸਕਿਆ। ਪਤਾ ਨਹੀਂ ਟੈਕਸ ਢਾਂਚੇ 'ਚ ਜ਼ਰੂਰੀ ਸੁਧਾਰ ਕਰਨ 'ਚ ਦੇਰੀ ਕਿਉਂ ਹੋ ਰਹੀ ਹੈ?*

*ਜੋ ਵੀ ਹੋਵੇ ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਨੋਟਬੰਦੀ ਤੋਂ ਬਾਅਦ ਇਹ ਜੋ ਦਾਅਵਾ ਕੀਤਾ ਗਿਆ ਸੀ ਕਿ ਨਕਦੀ ਦਾ ਰੁਝਾਨ ਘੱਟ ਹੋ ਜਾਵੇਗਾ, ਉਹ ਵੀ ਥੋਥਾ ਹੀ ਸਾਬਿਤ ਹੋਇਆ। ਇਸ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਕਿ ਨਕਦੀ ਦਾ ਇੰਨਾ ਵੱਧ ਰੁਝਾਨ ਕਿਉਂ ਹੈ? ਭ੍ਰਿਸ਼ਟਾਚਾਰ 'ਚ ਨਕਦੀ ਦੀ ਇਕ ਵੱਡੀ ਭੂਮਿਕਾ ਹੈ। ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਭ੍ਰਿਸ਼ਟ ਆਗੂਆਂ, ਨੌਕਰਸ਼ਾਹਾਂ ਕੋਲ ਤਾਂ ਕਰੋੜਾਂ-ਅਰਬਾਂ ਰੁਪਏ ਦੀ ਨਕਦੀ ਮਿਲਦੀ ਹੀ ਰਹਿੰਦੀ ਹੈ। ਜੇ ਆਗੂਆਂ, ਨੌਕਰਸ਼ਾਹਾਂ ਦੀ ਰਿਸ਼ਵਤਖੋਰੀ 'ਤੇ ਅਸਲ 'ਚ ਲਗਾਮ ਲਾਉਣੀ ਹੈ ਤਾਂ ਨਕਦੀ ਦੇ ਰੁਝਾਨ ਨੂੰ ਘੱਟ ਕਰਨਾ ਪਵੇਗਾ ਤੇ ਮਨੀ ਟ੍ਰੇਲ ਦਾ ਪਤਾ ਲਾਉਣ ਦੀ ਕੋਈ ਪੁਖ਼ਤਾ ਵਿਵਸਥਾ ਵੀ ਕਰਨੀ ਪਵੇਗੀ। ਜੇ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਅਜਿਹੇ ਦਾਅਵਿਆਂ ਦਾ ਕੋਈ ਮਤਲਬ ਨਹੀਂ ਕਿ ਮੋਦੀ ਸਰਕਾਰ ਭ੍ਰਿਸ਼ਟਾਚਾਰ ਉਤੇ ਰੋਕ ਲਾਉਣ 'ਚ ਸਫ਼ਲ ਰਹੀ ਹੈ। ਭ੍ਰਿਸ਼ਟਾਚਾਰ ਦੀ ਇਕ ਹੋਰ ਪਰਤ ਬੈਂਕਿੰਗ ਧੋਖਾ-ਧੜੀ ਦੀ ਚੁਣੌਤੀ ਵੀ ਹੈ।*

*ਪਿਛਲੇ ਦਿਨੀਂ ਆਰ.ਬੀ.ਆਈ. ਵੱਲੋਂ ਜਾਰੀ ਕੀਤੇ ਗਏ ਬੈਂਕਿੰਗ ਧੋਖਾਧੜੀ ਦੇ ਅੰਕੜੇ ਵੀ ਚਿੰਤਾਜਨਕ ਹਨ। ਇਸ ਮੁਤਾਬਕ ਦੇਸ਼ ਵਿਚ ਬੈਂਕਿੰਗ ਧੋਖਾਧੜੀ ਦਾ ਘੇਰਾ ਤੇਜ਼ੀ ਨਾਲ ਵਧ ਰਿਹਾ ਹੈ। ਵਿੱਤੀ ਸਾਲ 2023-24 ਵਿਚ ਧੋਖਾਧੜੀ ਦੀ ਰਕਮ 12,230 ਕਰੋੜ ਰੁਪਏ ਸੀ, ਜੋ ਕਿ 2024-25 ਵਿਚ ਲਗਪਗ ਤਿੰਨ ਗੁਣਾ ਵਧ ਕੇ 36,014 ਕਰੋੜ ਰੁਪਏ ਹੋ ਗਈ। ਇਸ ਵਿਚ ਸਰਕਾਰੀ ਬੈਂਕਾਂ ਵਿਚ ਧੋਖਾ-ਧੜੀ ਦੀ ਰਕਮ 25,667 ਕਰੋੜ ਰੁਪਏ ਸੀ ਅਤੇ ਨਿੱਜੀ ਖੇਤਰ ਦੇ ਬੈਂਕਾਂ ਵਿਚ ਧੋਖਾਧੜੀ ਦੀ ਰਕਮ 10,088 ਕਰੋੜ ਰੁਪਏ ਸੀ। ਆਰ.ਬੀ.ਆਈ. ਮੁਤਾਬਕ ਇਸ ਵਾਧੇ ਦਾ ਇਕ ਵੱਡਾ ਕਾਰਨ 2023 ਵਿਚ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ 122 ਪੁਰਾਣੇ ਮਾਮਲਿਆਂ ਨੂੰ ਜੋੜਨਾ ਹੈ। ਹਾਲਾਂਕਿ ਇਸ ਨਾਲ ਬੈਂਕਾਂ ਤੋਂ 36,014 ਕਰੋੜ ਰੁਪਏ ਦੇ ਗ਼ਾਇਬ ਹੋਣ ਦੀ ਸਮੱਸਿਆ ਘੱਟ ਨਹੀਂ ਹੁੰਦੀ। ਬੈਂਕਿੰਗ ਧੋਖਾਧੜੀ ਦਾ ਪ੍ਰਭਾਵ ਵਿੱਤੀ ਨੁਕਸਾਨ ਤੱਕ ਸੀਮਿਤ ਨਹੀਂ ਹੈ। ਇਹ ਬੈਂਕਾਂ ਵਿਚ ਜਨਤਾ ਦੇ ਵਿਸ਼ਵਾਸ ਨੂੰ ਵੀ ਘੱਟ ਕਰਦਾ ਹੈ। ਸਾਲ 2016 ਵਿਚ ਨਵੇਂ ਨੋਟ ਛਾਪਦੇ ਸਮੇਂ ਆਰ.ਬੀ.ਆਈ. ਨੇ ਦਾਅਵਾ ਕੀਤਾ ਸੀ ਕਿ ਇਨ੍ਹਾਂ ਵਿਚ ਚੁੱਕੇ ਗਏ ਸੁਰੱਖਿਆ ਉਪਾਵਾਂ ਕਾਰਨ ਉਨ੍ਹਾਂ ਨੂੰ ਨਕਲੀ ਬਣਾਉਣਾ ਬਹੁਤ ਮੁਸ਼ਕਲ ਹੋ ਜਾਵੇਗਾ, ਫਿਰ ਵੀ ਇਸ ਨੂੰ ਰੋਕਿਆ ਨਹੀਂ ਜਾ ਰਿਹਾ ਹੈ। 2024-25 ਵਿਚ ਬੈਂਕਿੰਗ ਖੇਤਰ ਵਿਚ ਫੜੇ ਗਏ ਨਕਲੀ ਨੋਟਾਂ ਦੀ ਗਿਣਤੀ ਵਿਚ 200 ਰੁਪਏ ਅਤੇ 500 ਰੁਪਏ ਦੀ ਸ਼੍ਰੇਣੀ ਵਿਚ ਕ੍ਰਮਵਾਰ 14 ਫ਼ੀਸਦੀ ਅਤੇ 37 ਫ਼ੀਸਦੀ ਦਾ ਵਾਧਾ ਹੋਇਆ। ਇਹ ਨਹੀਂ ਕਿਹਾ ਜਾ ਸਕਦਾ ਕਿ ਸਰਕਾਰ ਅਤੇ ਰਿਜ਼ਰਵ ਬੈਂਕ, ਇਸ ਨੂੰ ਰੋਕਣ ਲਈ ਯਤਨ ਨਹੀਂ ਕਰ ਰਹੇ, ਪਰ ਜਿਵੇਂ-ਜਿਵੇਂ ਨੋਟਾਂ ਦੀ ਸੁਰੱਖਿਆ ਵਧਾਉਣ ਲਈ ਨਵੇਂ ਉਪਾਅ ਕੀਤੇ ਜਾ ਰਹੇ ਹਨ, ਠੱਗ ਉਨ੍ਹਾਂ ਨੂੰ ਨਕਲੀ ਬਣਾਉਣ ਲਈ ਤਕਨੀਕਾਂ ਵੀ ਵਿਕਸਤ ਕਰ ਰਹੇ ਹਨ। ਇਸ ਨਾਲ ਆਮ ਆਦਮੀ ਲਈ ਨਕਲੀ ਅਤੇ ਅਸਲੀ ਨੋਟਾਂ ਵਿਚ ਫ਼ਰਕ ਕਰਨਾ ਮੁਸ਼ਕਲ ਹੋ ਗਿਆ ਹੈ।*

*ਰਾਸ਼ਟਰੀ ਜਾਂਚ ਏਜੰਸੀ (ਐੱਨ.ਆਈ.ਏ.) ਨੇ ਪਾਇਆ ਹੈ ਕਿ ਇਨ੍ਹਾਂ ਨਕਲੀ ਨੋਟਾਂ ਨੂੰ ਭਾਰਤ ਭੇਜਣ ਲਈ ਨੇਪਾਲ ਅਤੇ ਪਾਕਿਸਤਾਨ ਦੇ ਰਸਤੇ ਦੀ ਵਰਤੋਂ ਕੀਤੀ ਜਾ ਰਹੀ ਹੈ। ਰਿਪੋਰਟਾਂ ਅਨੁਸਾਰ ਇਹ ਨਕਲੀ ਨੋਟ ਪਾਕਿਸਤਾਨ ਵਿਚ ਛਾਪੇ ਜਾਂਦੇ ਹਨ। ਬਾਜ਼ਾਰ ਵਿਚ ਨਕਲੀ ਕਰੰਸੀ ਦੇ ਆਉਣ ਨਾਲ ਸਰਕੂਲੇਸ਼ਨ ਵਿਚ ਪੈਸੇ ਦੀ ਮਾਤਰਾ ਵਧ ਜਾਂਦੀ ਹੈ, ਜਿਸ ਨਾਲ ਬਾਜ਼ਾਰ ਵਿਚ ਮਹਿੰਗਾਈ ਵਧਦੀ ਹੈ ਅਤੇ ਵਸਤੂਆਂ ਅਤੇ ਸੇਵਾਵਾਂ ਦੀ ਭਾਰੀ ਮੰਗ ਪੈਦਾ ਹੁੰਦੀ ਹੈ। ਇਸ ਤੋਂ ਇਲਾਵਾ, ਅਤਿਵਾਦੀਆਂ ਵੱਲੋਂ ਭਾਰਤ ਖ਼ਿਲਾਫ਼ ਅਜਿਹੇ ਨਕਲੀ ਨੋਟ ਵਰਤੇ ਜਾ ਰਹੇ ਹਨ। ਨਕਲੀ ਨੋਟ ਕਿਸੇ ਵੀ ਅਰਥਚਾਰੇ ਲਈ ਘਾਤਕ ਹਨ। ਇਸ 'ਤੇ ਕਾਬੂ ਕਰਨਾ ਆਰ.ਬੀ.ਆਈ. ਅਤੇ ਸਰਕਾਰ ਲਈ ਇਕ ਵੱਡੀ ਚੁਣੌਤੀ ਹੈ। ਇਹ ਚੁਣੌਤੀ ਦੀਆਂ ਗਹਿਰੀਆਂ ਪਰਤਾਂ ਵੀ ਅਗੋਂ ਭ੍ਰਿਸ਼ਟਾਚਾਰ ਨਾਲ ਜਾ ਜੁੜਦੀਆਂ ਹਨ। ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਭ੍ਰਿਸ਼ਟਾਚਾਰ ਉਤੇ ਕਾਬੂ ਪਾਉਣ ਵਿਚ ਬੇਬਸ ਨਜ਼ਰ ਆ ਰਹੀਆਂ ਹਨ।*


## ਠਾਹ-ਸੋਟਾ

-ਚਾਚਾ ਬੇਲਿਹਾਜ਼

### ਮੁੱਛ-ਮਰੋੜੂ ਹੰਕਾਰ?

*ਸ਼ਕਲ ਦੇਖਦੇ ਸਾਰ 'ਥੂਹ' ਕਰਨ ਲੋਕੀਂ, ਜਿਹੜੇ ਲੈਣ ਬਦਨਾਮੀਆਂ ਖੱਟ ਮੀਆਂ।*
*ਥੋੜ੍ਹਾ ਚਿਰ ਹੀ ਦਾਦੇ ਦੀਆਂ ਚਲਦੀਆਂ ਨੇ, 'ਪੋਤੇ' ਛੱਜ ਵਿਚ ਦਿੰਦੇ ਐ 'ਛੱਟ' ਮੀਆਂ।*
*ਬਦਅਸੀਸਾਂ ਵੀ ਸੌ ਸੌ ਉਹ ਦੇਣ ਲੋਕੀਂ, ਲੱਗੇ ਜਿਨ੍ਹਾਂ ਦੇ ਸੀਨੇ ਵਿਚ 'ਫੱਟ' ਮੀਆਂ।*
*ਉਹ 'ਵਕਤ' ਵੀ ਹੁੰਦਾ ਨਹੀਂ ਦੂਰ ਬਹੁਤਾ, ਮਾਲਕ ਦਿੰਦਾ ਜਦ ਜੜ੍ਹਾਂ ਤੋਂ ਪੱਟ ਮੀਆਂ।*
*ਜੇਲ੍ਹ ਵੜਦਿਆਂ 'ਸਿਹਤ ਖਰਾਬ' ਹੋ ਜਏ, ਬਣ ਗਏ ਹੁੰਦੇ ਜੋ ਖਾ ਖਾ ਕੇ ਮੱਟ ਮੀਆਂ।*
*ਆਕੜ ਅਤੇ ਹੰਕਾਰ ਹੀ 'ਸ਼ੋਅ' ਕਰਦੇ, ਚਾੜ੍ਹੀ ਜਾਣ ਜੋ 'ਮੁੱਛਾਂ ਨੂੰ ਵੱਟ' ਮੀਆਂ!*

# ਜਨਤਾ ਦੇ ਸੇਵਕ-ਰਾਜੇ ਮਹਾਰਾਜੇ ਕਿਉਂ ਬਣੇ?





ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਲੋਕਤੰਤਰਿਕ ਦੇਸ਼ਾਂ ਵਿਚ ਪੁਰਾਣੀ ਰਾਜਾਸ਼ਾਹੀ ਪ੍ਰਥਾ ਦੀ ਕੋਈ ਥਾਂ ਨਹੀਂ ਹੋਣੀ ਚਾਹੀਦੀ। ਸਾਡੇ ਮਹਾਨ ਦੇਸ਼ ਭਾਰਤ ਵਿਚ ਚੋਣ ਜਿੱਤਣ ਤੋਂ ਬਾਅਦ ਲੋਕ ਆਪਣੇ-ਆਪ ਨੂੰ ਮਹਾਰਾਜਾ ਸਮਝਣ ਲਗਦੇ ਹਨ। ਦੇਸ਼ ਦਾ ਆਮ ਆਦਮੀ ਸਿਆਸਤਦਾਨਾਂ ਦੇ ਨਖ਼ਰਿਆਂ ਅਤੇ ਆਪਹੁਦਰੇਪਨ ਤੋਂ ਇਸ ਵੇਲੇ ਪੂਰੀ ਤਰ੍ਹਾਂ ਤੰਗ ਆਇਆ ਪਿਆ ਹੈ!

ਸਿਆਸੀ ਲੋਕ ਆਪਣੇ-ਆਪ ਨੂੰ ਵੀ.ਆਈ.ਪੀ. (ਵੱਡੇ ਆਦਮੀ) ਸਮਝਦੇ ਹਨ ਅਤੇ ਆਮ ਲੋਕਾਂ ਦੀ ਪ੍ਰਵਾਹ ਕਰਨੀ ਛੱਡ ਦਿੰਦੇ ਹਨ। ਉਨ੍ਹਾਂ ਆਮ ਲੋਕਾਂ ਦੀ, ਜਿਨ੍ਹਾਂ ਉਨ੍ਹਾਂ ਨੂੰ ਆਪਣੇ ਵੋਟ ਦੇ ਕੇ ਵਿਧਾਨ ਸਭਾ ਜਾਂ ਲੋਕ ਸਭਾ ਵਿਚ ਭੇਜਿਆ ਹੁੰਦਾ ਹੈ।

ਦੇਸ਼ ਵਿਚ 'ਵੀ.ਆਈ.ਪੀ.' ਕਲਚਰ ਕੈਂਸਰ ਰੋਗ ਵਾਂਗਰ ਫ਼ੈਲ ਚੁੱਕਾ ਹੈ। ਗਿਆਰਾਂ ਸਾਲ ਪਹਿਲਾਂ ਨਰੇਂਦਰ ਮੋਦੀ ਨੇ ਪ੍ਰਧਾਨ ਮੰਤਰੀ ਬਣਨ ਦੇ ਫੌਰਨ ਬਾਅਦ ਦਿੱਲੀ 'ਚ ਸੰਸਦ ਮੈਂਬਰਾਂ ਦੀਆਂ ਗੱਡੀਆਂ ਤੋਂ ਲਾਲ ਬੱਤੀਆਂ ਹਟਵਾ ਲਈਆਂ ਸਨ ਅਤੇ ਵੀ.ਆਈ.ਪੀ. ਕਲਚਰ ਦੇ ਵਿਰੁੱਧ ਬੋਲੇ ਸਨ। ਲੇਕਿਨ ਫਿਰ ਜਿਵੇਂ ਉਹ ਭੁੱਲ ਹੀ ਗਏ ਕਿ 'ਜਨਤਾ ਦੇ ਇਨ੍ਹਾਂ 'ਸੇਵਕਾਂ' ਦੀਆਂ ਵਿਗੜੀਆਂ ਆਦਤਾਂ ਸੁਧਾਰਨ ਦੀ ਸਖ਼ਤ ਲੋੜ ਹੈ।

ਸਾਡੇ ਸੂਬੇ ਦੇ ਮੌਜੂਦਾ ਮੁੱਖ ਮੰਤਰੀ ਨੂੰ ਵੀ ਵੀ.ਆਈ.ਪੀ. ਕਲਚਰ ਤੋਂ ਸਖ਼ਤ ਨਫ਼ਰਤ ਸੀ। ਪਰ ਹੁਣ ਤਾਂ ਉਹ ਵੀ ਆਪਣੇ ਕੀਤੇ ਹੋਏ ਵਾਅਦਿਆਂ ਨੂੰ ਜਿਵੇਂ ਭੁੱਲ ਹੀ ਚੁੱਕੇ ਹਨ, ਕਿਉਂਕਿ ਪੰਜਾਬ ਵਿਚ ਵੀ ਸਿਆਸਤਦਾਨ ਹੁਣ 'ਆਮ ਆਦਮੀ' ਨਹੀਂ 'ਖ਼ਾਸ ਆਦਮੀ' ਬਣ ਚੁੱਕਾ ਹੈ।

ਵਿਕਸਤ ਪੱਛਮੀ ਦੇਸ਼ਾਂ ਵਿਚ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਇੱਥੋਂ ਤਕ ਕਿ ਰਾਜਾ ਵੀ ਮੈਟਰੋ ਜਾਂ ਬੱਸ 'ਚ ਸਫ਼ਰ ਕਰਦਾ ਹੈ। ਪਰ ਭਾਰਤ ਵਿਚ ਤਾਂ ਇਹ ਚੀਜ਼ਾਂ ਸੁਪਨੇ ਸਮਾਨ ਹਨ। ਜਦ ਕੋਈ ਭਾਰਤੀ 'ਲੋਕ ਨੁਮਾਇੰਦਾ' ਟੀ.ਵੀ. ਕੈਮਰੇ ਸਾਹਮਣੇ ਆਪਣੀ ਝੂਠੀ ਨਿਮਰਤਾ ਸਾਬਤ ਕਰਨਾ ਚਾਹੁੰਦਾ ਹੈ, ਤਾਂ ਹੀ ਉਹ ਬੱਸ, ਰੇਲ ਗੱਡੀ 'ਚ ਨਜ਼ਰ ਆਉਂਦਾ ਹੈ। ਹੁਣ ਤਾਂ ਸਥਿਤੀ ਇਹ ਹੈ ਕਿ ਇਹ ਲੋਕ-ਨੁਮਾਇੰਦੇ ਚੋਣ ਜਿੱਤਣ ਤੋਂ ਬਾਅਦ ਜਨਤਾ ਨੂੰ ਭੁੱਲ ਕੇ ਐਸ਼ੋ-ਆਰਾਮ ਦੀ ਜ਼ਿੰਦਗੀ ਬਸਰ ਕਰਨ ਲੱਗਦੇ ਹਨ, ਉਦੋਂ ਤੱਕ ਜਦੋਂ ਤੱਕ ਦੂਜੀ ਚੋਣ ਸਿਰ 'ਤੇ ਨਹੀਂ ਆ ਜਾਂਦੀ।

ਸਿਆਸੀ ਲੋਕਾਂ ਦੀ ਸੋਚ 'ਚ ਇੰਨਾ ਨਿਘਾਰ ਆ ਚੁੱਕਾ ਹੈ, ਉਹ ਇਹ ਵੀ ਭੁੱਲ ਜਾਂਦੇ ਹਨ ਕਿ ਉਨ੍ਹਾਂ ਦਾ ਕੰਮ ਜਨਤਾ ਦੀ ਸੇਵਾ ਕਰਨਾ ਹੈ, ਨਾ ਕਿ ਆਪਣੇ ਸਕੇ-ਸੰਬੰਧੀਆਂ ਦੀ। ਹੈਰਾਨ ਹੋਈਦਾ ਹੈ ਉਸ ਵੇਲੇ ਕਿ ਇਨ੍ਹਾਂ ਜਨਤਾ ਦੇ ਸੇਵਕਾਂ ਕੋਲ ਮਹਿੰਗੀਆਂ ਗੱਡੀਆਂ ਕਿੱਥੋਂ ਆ ਜਾਂਦੀਆਂ ਹਨ? ਕਿਵੇਂ ਉਹ ਰਾਜੇ-ਮਹਾਰਾਜਿਆਂ ਵਾਂਗਰ ਪੰਜ ਤਾਰਾ ਹੋਟਲਾਂ 'ਚ ਖਾਣਾ ਖਾਣ ਜਾਂਦੇ ਹਨ? ਆਪਣੇ ਲਈ ਵਧੀਆ ਮਹੱਲ, 'ਸ਼ੀਸ਼ ਮਹੱਲ' ਉਸਾਰ ਲੈਂਦੇ ਹਨ। ਆਉਂਦੀਆਂ ਕਈ ਪੁਸ਼ਤਾਂ ਲਈ ਧਨ ਇਕੱਠਾ ਕਰ ਲੈਂਦੇ ਹਨ। ਕਿਵੇਂ ਉਹ ਆਮ ਲੋਕਾਂ ਵਿਚਲੀ ਪਹਿਲੀ ਰਿਹਾਇਸ਼ ਛੱਡ ਕੇ, ਮਹੀਨਿਆਂ, ਦਿਨਾਂ 'ਚ ਉਨ੍ਹਾਂ ਮਹਿੰਗੇ ਰਿਹਾਇਸ਼ੀ ਇਲਾਕਿਆਂ 'ਚ ਜਾ ਬਸੇਰਾ ਕਰਦੇ ਹਨ, ਜਿਥੇ 90 ਫ਼ੀਸਦੀ ਵੱਡੇ ਧਨਾਢ ਕਾਰੋਬਾਰੀ ਨਿਵਾਸ ਰੱਖਦੇ ਹਨ ਅਤੇ ਇਹੀ 'ਚੁਣੇ ਸੇਵਕ', ਸਕਿਉਰਿਟੀ ਗਾਰਡਾਂ ਅਤੇ ਨੌਕਰਾਂ-ਚਾਕਰਾਂ ਦੀਆਂ ਵੱਡੀਆਂ ਟੋਲੀਆਂ ਨਾਲ ਵਿਚਰਨ ਲੱਗਦੇ ਹਨ, ਖ਼ਾਸ ਕਰਕੇ ਉਨ੍ਹਾਂ ਲੋਕਾਂ 'ਚ ਜਿਹੜੇ ਵੱਡੇ ਧਨ-ਕੁਬੇਰ ਹਨ, ਹੋਟਲਾਂ, ਵਪਾਰਕ ਅਦਾਰਿਆਂ ਦੇ ਮਾਲਕ ਹਨ।

ਚੋਣ ਉਪਰੰਤ ਬਣੇ ਵੱਡੇ ਸੇਵਕ ਸਿਆਸੀ ਹੈਂਕੜ 'ਚ ਆ ਕੇ ਬੋਲ-ਚਾਲ ਤਾਂ ਜਿਵੇਂ ਬਦਲ ਹੀ ਲੈਂਦੇ ਹਨ। ਉਹ ਆਪਣੇ ਸਿਆਸੀ ਵਿਰੋਧੀਆਂ 'ਤੇ ਤਿੱਖੇ ਬਾਣ ਚਲਾਉਣ ਤੋਂ ਵੀ ਦਰੇਗ ਨਹੀਂ ਕਰਦੇ। ਪਿਛਲੇ ਦਿਨਾਂ 'ਚ ਪੰਜਾਬ ਵਿਧਾਨ ਸਭਾ 'ਚ ਵਾਪਰੀਆਂ ਉਨ੍ਹਾਂ ਬਹਿਸਾਂ ਦਾ ਇਥੇ ਜ਼ਿਕਰ ਕਰਨਾ ਬਣਦਾ ਹੈ, ਜਿਥੇ ਸਿਆਸੀ ਸੋਚ ਨਾਲੋਂ ਨਿੱਜੀ ਕਿੜਾਂ ਕੱਢਣ ਲਈ ਹਾਕਮ ਤੇ ਵਿਰੋਧੀ ਧਿਰ ਦੇ ਵੱਡੇ ਨੇਤਾ ਇੱਕ-ਦੂਜੇ ਨਾਲ ਉਲਝਦੇ ਵੇਖੇ ਗਏ। ਉਨ੍ਹਾਂ ਤਨਜਾਂ ਕੱਸੀਆਂ, ਬਿਲਕੁਲ ਉਵੇਂ ਹੀ ਜਿਵੇਂ ਸ਼ਰੀਕ ਆਪਸ 'ਚ ਲੜਦੇ ਹਨ, 'ਮੁੱਛਾਂ ਨੂੰ ਤਾਅ ਦਿੰਦੇ ਹਨ, 'ਦੇਖ ਲੈਣ' ਦੀਆਂ ਧਮਕੀਆਂ ਦਿੰਦੇ ਹਨ।' ਕਿਹੋ ਜਿਹਾ ਸਿਆਸੀ ਕਿਰਦਾਰ ਰਹਿ ਗਿਆ ਹੈ ਇਨ੍ਹਾਂ ਸੇਵਕਾਂ ਦਾ? ਭਾਰਤੀ ਸਿਆਸਤਦਾਨਾਂ ਦੀ ਸਵਾਰਥੀ ਸੋਚ ਨੇ ਭਾਰਤੀ ਲੋਕ ਮਸਲਿਆਂ ਤੋਂ ਮੂੰਹ ਮੋੜਿਆ ਹੋਇਆ ਹੈ, ਉਨ੍ਹਾਂ ਦਾ ਮੁੱਖ ਨਿਸ਼ਾਨਾ ਲੋਕ ਸੇਵਾ ਨਹੀਂ, ਸਗੋਂ ਕੁਰਸੀ ਹਥਿਆਉਣਾ ਹੈ।

ਲੋਕ ਰਾਜ ਦੇ ਨਾਂਅ 'ਤੇ ਦੇਸ਼ ਦੇ ਮੌਜੂਦਾ ਵੱਡੇ ਹਾਕਮ ਦੇ ਸੱਤਾ ਹਥਿਆਉਣ ਤੇ ਸੱਤਾ ਬਰਕਰਾਰ ਰੱਖਣ ਦੇ ਪੈਂਤੜੇ ਕਿਸੇ ਤੋਂ ਲੁਕੇ-ਛੁਪੇ ਨਹੀਂ ਹਨ। ਉਸ ਵੱਲੋਂ ਸਾਮ-ਦਾਮ-ਦੰਡ ਦੀ ਵਰਤੋਂ ਕਰਦਿਆਂ ਅਤੇ ਜਾਤ-ਧਰਮ ਦੀ ਰਾਜਨੀਤੀ ਕਰਦਿਆਂ 'ਸਿਆਸਤਦਾਨਾਂ' ਦੇ ਅਸਲੀ ਅਕਸ ਉਤੇ ਲਗਾਤਾਰ ਛਿੱਟੇ ਪਾਏ ਗਏ ਹਨ। ਤਦੇ ਇਹ ਸਿਰਫ਼ ਤਾਕਤ ਦੇ ਭੁੱਖੇ ਸਿਆਸਤਦਾਨ ਲੋਕ ਮਸਲਿਆਂ ਤੋਂ ਪਿੱਛਾ ਛੁਡਾਉਂਦੇ, ਆਮ ਲੋਕਾਂ ਨੂੰ ਭਰਮਾਉਂਦੇ ਅਤੇ ਆਪਣਾ ਹਿੱਤ ਸਾਧਦੇ ਨਜ਼ਰ ਆਉਂਦੇ ਹਨ।

ਸੂਬਾ ਪੰਜਾਬ ਦੇ ਸਿਆਸਤਦਾਨਾਂ ਦੀ ਕਾਰਗੁਜ਼ਾਰੀ ਕਈ ਪੱਖਾਂ ਤੋਂ ਨਿਰਾਸ਼ ਕਰਨ ਵਾਲੀ ਹੈ। ਵਿਰੋਧੀ 'ਤੇ ਹਾਕਮ ਧਿਰ ਵਿਚਲੀ ਤਲਖ਼-ਕਲਾਮੀ ਕਾਫ਼ੀ ਦੁੱਖਦਾਇਕ ਹੈ, ਉਸ ਵੇਲੇ ਜਦੋਂ ਪੰਜਾਬ ਕਈ ਹਾਲਤਾਂ 'ਚ ਪੱਛੜ ਰਿਹਾ ਹੈ। ਉਸ ਵੇਲੇ ਜਦੋਂ ਪੰਜਾਬ ਨਸ਼ਿਆਂ 'ਚ ਗਰਕਿਆ ਪਿਆ ਹੈ। ਉਸ ਵੇਲੇ ਜਦੋਂ ਪੰਜਾਬ ਖੇਤੀ ਸੰਕਟ 'ਚ ਹੈ। ਉਸ ਵੇਲੇ ਜਦੋਂ ਪੰਜਾਬ ਬੇਰੁਜ਼ਗਾਰੀ ਦਾ ਮਾਰਿਆ ਹੋਇਆ ਹੈ। ਉਸ ਵੇਲੇ ਜਦੋਂ ਪੰਜਾਬ ਦਾ ਨੌਜਵਾਨ ਪ੍ਰੇਸ਼ਾਨ ਹੈ, ਪ੍ਰਵਾਸ ਹੰਢਾਉਣ ਲਈ ਮਜਬੂਰ ਹੈ। ਉਸ ਵੇਲੇ ਜਦੋਂ ਪੰਜਾਬ ਕੋਲ ਆਪਣਾ ਕੋਈ ਤਰੱਕੀ 'ਵਿਜ਼ਨ' ਹੀ ਨਹੀਂ ਹੈ। ਪੰਜਾਬ ਦੇ ਸਿਆਸਤਦਾਨ ਸਿਰ ਜੋੜ ਕੇ ਕੋਈ ਹੱਲ ਲੱਭਣ ਦੀ ਬਜਾਏ ਨਿੱਜੀ ਗੱਲਾਂ ਅਤੇ ਕਿੜ੍ਹਾਂ ਕੱਢਣ ਦੀ ਕੋਸ਼ਿਸ਼ 'ਚ ਲੱਗੇ ਹੋਏ ਹਨ। ਇੱਕ-ਦੂਜੇ ਵਿਰੁੱਧ ਬੋਲਦਿਆਂ ਮਰਿਆਦਾ ਭੁੱਲ ਚੁੱਕੇ ਹਨ। ਇਵੇਂ ਲਗਦਾ ਹੈ ਜਿਵੇਂ ਸੱਤਾਧਾਰੀ ਸੱਤਾ ਦੇ ਗਰੂਰ 'ਚ ਹਨ ਅਤੇ ਵਿਰੋਧੀ ਧਿਰ ਵਾਲੇ ਈਰਖਾ ਨਾਲ ਭਰੇ ਹੋਏ। ਪੰਜਾਬ ਆਰਥਿਕ ਅਤੇ ਸਮਾਜਿਕ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ ਦੀ ਅਮਨ ਕਾਨੂੰਨ ਸਥਿਤੀ ਵੀ ਕਈ ਹਾਲਤਾਂ 'ਚ ਗੰਭੀਰ ਬਣੀ ਹੋਈ ਹੈ। ਕੀ ਆਪਸੀ ਦੂਸ਼ਣਬਾਜ਼ੀ ਅਜਿਹੇ ਗੰਭੀਰ ਮਸਲਿਆਂ ਦਾ ਹੱਲ ਕਰ ਸਕਦੀ ਹੈ?

ਪੰਜਾਬ ਇਸ ਸਮੇਂ ਸਿਆਸੀ ਖਲਾਅ 'ਚ ਹੈ। ਪੰਜਾਬ ਦੀਆਂ ਇਲਾਕਾਈ ਮੰਗਾਂ ਸਮੇਤ ਖੁਦਮੁਖਤਾਰੀ ਦੀ ਮੰਗ ਦੀ ਪੂਰਤੀ ਲਈ ਇਲਾਕਾਈ ਪਾਰਟੀ ਦੀ ਲੋੜ ਪੂਰੀ ਨਾ ਹੋਣ ਦੇ ਕਾਰਨ ਪੰਜਾਬ ਦੇ ਲੋਕ ਮਨੋ ਪ੍ਰੇਸ਼ਾਨ ਹਨ। ਉਹ ਕਿਸੇ ਵੀ ਤਰ੍ਹਾਂ ਦਿੱਲੀ ਦੇ ਹਾਕਮਾਂ ਦੀ ਟੈਂਅ ਮੰਨਣ ਦੇ ਮੂਡ ਵਿਚ ਨਹੀਂ ਹਨ, ਕਿਉਂਕਿ ਕਿਸੇ ਵੀ ਰਾਸ਼ਟਰੀ ਧਿਰ ਨੇ ਬੀਤੇ ਸਮੇਂ 'ਚ ਪੰਜਾਬੀਆਂ ਨਾਲ ਇਨਸਾਫ਼ ਨਹੀਂ ਕੀਤਾ। ਉਨ੍ਹਾਂ ਨੂੰ ਸਮੇਂ-ਸਮੇਂ ਵੱਡੇ ਜ਼ਖ਼ਮ ਦਿੱਤੇ ਪਰ ਉਨ੍ਹਾਂ ਦੇ ਫੈਹਾ ਲਾਉਣ ਲਈ ਕਿਸੇ ਨੇ ਵੀ ਪਹਿਲਕਦਮੀ ਨਹੀਂ ਕੀਤੀ, ਸਗੋਂ ਹਰ ਹੀਲੇ ਉਨ੍ਹਾਂ ਨੂੰ ਵਰਤਣ ਦਾ ਯਤਨ ਕੀਤਾ।

ਪੰਜਾਬ ਦੀਆਂ ਵੱਖੋ-ਵੱਖਰੀਆਂ ਪਾਰਟੀਆਂ ਦੇ ਸਿਆਸਤਦਾਨਾਂ ਸਮੇਤ ਇਲਾਕਾਈ ਪਾਰਟੀ ਦੇ ਸਿਆਸਤਦਾਨਾਂ ਨੇ ਪੰਜਾਬ ਦੇ ਲੋਕਾਂ ਦੇ ਦਰਦ ਨੂੰ ਨਹੀਂ ਸਮਝਿਆ, ਸਗੋਂ ਆਪਣੀਆਂ ਗੱਦੀਆਂ ਪੱਕੀਆਂ ਕਰਨ ਲਈ ਨਾਪਾਕ ਗੱਠਜੋੜ ਕੀਤੇ। ਪਿਛਲੇ ਸਮੇਂ 'ਚ ਪਾਰਟੀਆਂ ਨੇ ਪੰਜਾਬ ਨੂੰ ਕਾਬੂ ਕਰਨ ਲਈ 'ਆਇਆ ਰਾਮ ਗਿਆ ਰਾਮ' ਵਾਲੀ ਸਿਆਸਤ ਕਰਦਿਆਂ, ਇੱਕ-ਦੂਜੇ ਦੀਆਂ ਪਾਰਟੀਆਂ ਦੇ ਨੇਤਾ ਆਪਣੇ ਪਾਲੇ 'ਚ ਕੀਤੇ। ਉਦਾਹਰਨ ਕਾਂਗਰਸ ਹੈ। ਉਦਾਹਰਨ ਅਕਾਲੀ ਦਲ ਪਾਰਟੀ ਹੈ। ਭਾਜਪਾ 'ਚ ਕਾਂਗਰਸੀ ਸ਼ਾਮਲ ਹੋਏ। ਆਮ ਆਦਮੀ ਪਾਰਟੀ 'ਚ ਕਾਂਗਰਸੀ ਜਾ ਵੜੇ। ਅਕਾਲੀ ਦਲ ਦੋ ਨਹੀਂ ਕਈ ਹਿੱਸਿਆਂ 'ਚ ਵੰਡਿਆ ਗਿਆ। ਅਸੂਲ ਕਿਥੇ ਹਨ, ਉਹ ਭੁੱਲ ਗਏ।

ਅੱਜ ਸਥਿਤੀ ਇਹ ਹੈ ਕਿ ਕਾਂਗਰਸ ਦੇ ਨੇਤਾ ਆਪੋ-ਆਪਣੇ ਰਾਹ ਹਨ। ਉਨ੍ਹਾਂ ਨੂੰ ਹਿੱਤ ਪੰਜਾਬੀਆਂ ਦਾ ਨਹੀਂ, ਆਪਣਾ ਹੈ। ਅਕਾਲੀ ਦਲ ਖੇਰੂੰ-ਖੇਰੂੰ ਹੋ ਗਿਆ। ਮੁੜ ਉਭਰੇਗਾ ਕਿ ਨਹੀਂ? ਨਿੱਜੀ ਰੰਜਿਸ਼ਾਂ, ਨਿੱਜੀ ਟੱਕਰਾਂ, ਪੰਥਕ ਸੋਚ ਨੂੰ ਤਿਲਾਂਜਲੀ ਉਨ੍ਹਾਂ ਦਾ ਕਿਰਦਾਰ ਬਣ ਚੁੱਕਾ ਹੈ।

ਸੱਤਾਧਾਰੀ ਪਾਰਟੀ ਨੇ ਬੜ੍ਹਕਾਂ ਮਾਰ ਕੇ ਲੋਕ ਡਰਾ ਰੱਖੇ ਹਨ। ਕਿਸਾਨਾਂ ਦੇ ਮਸਲੇ, ਮਜ਼ਦੂਰਾਂ ਦੀਆਂ ਮੰਗਾਂ, ਬੇਰੁਜ਼ਗਾਰ ਮੁਲਾਜ਼ਮਾਂ ਨਾਲ ਡਾਂਗ-ਸੋਟਾ ਨਿੱਤ-ਦਿਹਾੜੇ ਵੇਖਣ ਨੂੰ ਮਿਲ ਰਿਹਾ ਹੈ। ਕੀ ਸਿਰਫ਼ ਅੰਕੜਿਆਂ ਅਤੇ ਭਾਸ਼ਣਾਂ ਨਾਲ ਸਰਕਾਰ ਦੀ ਦਿੱਖ ਚੰਗੇਰੀ ਬਣਾਈ ਜਾ ਸਕਦੀ ਹੈ? ਕੀ ਇੰਜ ਪੰਜਾਬੀਆਂ ਦਾ ਮਨ ਜਿੱਤਿਆ ਜਾ ਸਕਦਾ ਹੈ? ਕੀ ਸਿਰਫ਼ 'ਜਲੰਧਰ', 'ਲੁਧਿਆਣਾ' ਜਿਮਨੀ ਚੋਣ ਜਿੱਤਣ ਨੂੰ ਹਰਮਨ ਪਿਆਰਤਾ ਆਖਿਆ ਜਾ ਸਕਦਾ ਹੈ? ਜਦੋਂ ਕਿ ਉਥੇ ਵੋਟਾਂ ਦੀ ਪ੍ਰਤੀਸ਼ਤ ਕੁੱਲ ਵੋਟਾਂ ਦੇ ਅੱਧ ਨੂੰ ਮਸਾਂ ਹੀ ਟੱਪ ਸਕੀ।

ਪੰਜਾਬ ਦੇ ਮੌਜੂਦਾ ਹਾਲਾਤ ਪ੍ਰਪੱਕ ਸਿਆਸਤਦਾਨਾਂ ਅਤੇ ਨੀਤੀਵਾਨਾਂ ਦੀ ਮੰਗ ਕਰਦੇ ਹਨ। ਪੰਜਾਬ ਦੇ ਸਿਆਸਤਦਾਨਾਂ ਨੂੰ ਕਾਬੂ ਕਰਨ ਲਈ ਬੁੱਧੀਜੀਵੀਆਂ, ਵਿਚਾਰਵਾਨਾਂ ਦਾ ਕੁੰਡਾ ਚਾਹੀਦਾ ਹੈ। ਪੰਜਾਬ ਨੂੰ ਤਰੱਕੀ ਲਈ ਇੱਕ ਵਿਜ਼ਨ ਚਾਹੀਦੀ ਹੈ, ਜਿਸ ਉਤੇ ਸਾਰੇ ਸਿਆਸਤਦਾਨ ਸਿਰ ਜੋੜ ਕੇ ਕੰਮ ਕਰਨ, ਗੱਦੀ ਹਥਿਆਉਣਾ ਉਨ੍ਹਾਂ ਦਾ ਕਿਰਦਾਰ ਨਾ ਹੋਏ।

ਅੱਜ ਦੇਸ਼ ਨੂੰ ਦਮਦਾਰ ਸਿਆਸਤਦਾਨਾਂ ਦੀ ਲੋੜ ਹੈ, ਜੋ ਸਵਾਰਥ ਰਹਿਤ ਹੋ ਕੇ ਦੇਸ਼ ਦੇ ਅਰਥਚਾਰੇ ਨੂੰ ਥਾਂ ਸਿਰ ਲਿਆਉਣ, ਕਿਉਂਕਿ ਕਾਰਪੋਰੇਟਾਂ ਨੇ ਧਨ ਦੇ ਬਲਬੂਤੇ ਅਤੇ ਗੋਦੀ ਮੀਡੀਆ ਦੀ ਸਹਾਇਤਾ ਨਾਲ ਵਿਰੋਧੀ ਸਿਆਸਤਦਾਨ ਤਾਂ ਨੁੱਕਰੇ ਲਾਏ ਹੀ ਹੋਏ ਹਨ, ਹਾਕਮ ਧਿਰ ਨੂੰ ਵੀ ਨਿੱਸਲ ਕੀਤਾ ਹੋਇਆ ਹੈ। ਚੇਤੰਨ ਲੋਕਾਂ ਨੂੰ ਖੂੰਜੇ ਧੱਕਿਆ ਜਾ ਰਿਹਾ ਹੈ। ਦੇਸ਼ ਦੇ ਸਿਆਸਤਦਾਨ ਆਪਣਾ ਕਿਰਦਾਰ ਭੁੱਲ ਕੇ ਸਿਆਸਤ ਦਾ ਅਸਲ ਅਰਥ ਸਮਝਣੋਂ ਅੱਖਾਂ ਮੀਟ ਕੇ 'ਐਸ਼ੋ ਆਰਾਮ' ਅਤੇ ਸੁਖਮਈ ਜੀਵਨ ਦੇ ਆਦੀ ਹੋ ਗਏ ਹਨ। ਗੋਦੀ ਮੀਡੀਆ ਦੀ ਸਹਾਇਤਾ ਨਾਲ ਕਾਰਪੋਰੇਟ ਲਾਭੀ ਸਰਕਾਰ ਦੇ ਅੰਗ-ਸੰਗ ਖੜੋ ਕੇ, ਹਰੇ-ਭਰੇ ਲੋਕ ਲੁਭਾਉਣੇ ਨਾਹਰੇ ਲੋਕਾਂ ਸਾਹਮਣੇ ਪੇਸ਼ ਕਰਦਿਆਂ, ਵੋਟ ਬੈਂਕ ਕਾਬੂ ਕਰਨ 'ਚ ਕਾਮਯਾਬ ਹੋ ਚੁੱਕੀ ਹੈ। ਇੰਜ ਸਿਆਸਤਦਾਨ ਆਪਣੀ ਮੁਢਲੀ ਲੋਕ ਹਿਤੈਸ਼ੀ ਭੂਮਿਕਾ ਗੁਆ ਚੁੱਕਾ ਹੈ।

ਹੁਣ ਇਨ੍ਹਾਂ ਸਿਆਸਤਦਾਨਾਂ ਦਾ ਰੋਹਬ ਆਮ ਲੋਕਾਂ ਤੱਕ ਪਹੁੰਚ ਚੁੱਕਾ ਹੈ। ਉਨ੍ਹਾਂ ਦੇ ਰੁਤਬੇ ਦੀ ਧੌਂਸ, ਲੋਕ ਆਪਣੇ ਮਨਾਂ 'ਚ ਵਸਾ ਚੁੱਕੇ ਹਨ ਅਤੇ ਅਜੋਕੇ ਸਿਆਸਤਦਾਨ, ਸਿਆਸਤ ਨੂੰ ਆਪਣਾ 'ਕਿੱਤਾ' ਸਮਝ, ਆਪਣੀ 'ਰਾਜ ਗੱਦੀ' ਰਾਜਾਸ਼ਾਹੀ ਵਾਂਗਰ ਆਪਣੀ ਸੰਤਾਨ ਨੂੰ ਸੌਂਪ ਰਹੇ ਹਨ। ਦੇਸ਼ ਦੀ ਜਨਤਾ ਇਸਨੂੰ ਬੁਰਾ ਨਹੀਂ ਮੰਨ ਰਹੀ। ਨਹੀਂ ਮੰਨ ਰਹੀ ਬੁਰਾ ਕਿ ਉਨ੍ਹਾਂ ਦੇ ਸੰਸਦ ਮੈਂਬਰ ਅਤੇ ਵਿਧਾਇਕ ਪੁਰਾਣੇ ਰਾਜੇ-ਮਹਾਰਾਜਿਆਂ ਦੀ ਤਰ੍ਹਾਂ ਰਹਿਣ ਲਗੇ ਹਨ, ਭਾਵੇਂ ਕਿ ਪੁਸ਼ਾਕ ਦੇ ਤੌਰ 'ਤੇ ਉਹ ਖੱਦਰ ਦੇ ਕੁੜਤੇ ਪਹਿਨਦੇ ਹਨ।

# ਬਸਤੀਵਾਦੀ ਯੁੱਧਨੀਤੀ: 'ਟੈਰਾ ਨੁਲੀਅਸ' ਤੋਂ ਗਾਜ਼ਾ ਤੱਕ

***ਮੈਲਬੌਰਨ ਸਥਿਤ ਡਾ. ਗਿਡੀਅਨ ਪੋਲਿਆ ਉੱਘੇ ਵਿਗਿਆਨੀ, ਲੇਖਕ, ਕਲਾਕਾਰ ਅਤੇ ਮਾਨਵਤਾਵਾਦੀ ਕਾਰਕੁਨ ਹਨ। ਉਨ੍ਹਾਂ ਨੇ ਲਾ ਟ੍ਰੋਬ ਯੂਨੀਵਰਸਿਟੀ ਮੈਲਬੌਰਨ ਵਿਚ ਚਾਰ ਦਹਾਕੇ ਸਾਇੰਸ ਦੇ ਵਿਦਿਆਰਥੀਆਂ ਨੂੰ ਪੜ੍ਹਾਇਆ ਹੈ ਅਤੇ ਉਨ੍ਹਾਂ ਦੇ ਲੱਗਭਗ 130 ਵਿਗਿਆਨਕ ਖੋਜ-ਪੱਤਰ ਪ੍ਰਕਾਸ਼ਿਤ ਹੋ ਚੁੱਕੇ ਹਨ, ਜਿਨ੍ਹਾਂ ਵਿਚ 'Biochemical Targets of Plant Bioactive Compounds' (2003) ਨਾਂ ਦਾ ਦਵਾਈਆਂ ਅਤੇ ਉਨ੍ਹਾਂ ਦੇ ਪ੍ਰਭਾਵ ਦਾ ਵਿਗਿਆਨ ਬਾਰੇ ਵਿਸ਼ਾਲ ਗ੍ਰੰਥ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੈ। ਉਹ 'Jane Austen and the Black Hole of British History' (1998, 2008, 2022), 'US-imposed Post-9/11 Muslim Holocaust & Muslim Genocide' (2020), 'Climate Crisis, Climate Genocide & Solutions' (2020), 'Free Palestine: End Apartheid Israel, Human Rights Denial, Gaza Massacre, Child Killing, Occupation and Palestinian Genocide' (2024) ਵਰਗੀਆਂ ਪ੍ਰਸਿੱਧ ਰਚਨਾਵਾਂ ਦੇ ਲੇਖਕ ਹਨ। 22 ਜੂਨ ਨੂੰ ਉਨ੍ਹਾਂ ਨੇ 'ਕੇ.ਪੀ. ਸਸੀ ਤੀਜਾ ਯਾਦਗਾਰੀ ਵੈੱਬੀਨਰ' ਵਿਚ 'ਇਜ਼ਰਾਈਲ: ਗੋਰੇ ਯੂਰਪੀ ਬਸਤੀਵਾਦ ਦੀ ਅੰਤਿਮ ਚੌਕੀ' ਵਿਸ਼ੇ ਉੱਪਰ ਆਪਣੇ ਵਿਚਾਰ ਪੇਸ਼ ਕੀਤੇ। ਇਸ ਜਾਣਕਾਰੀ ਭਰਪੂਰ ਭਾਸ਼ਣ ਦੇ ਮਹੱਤਵਪੂਰਨ ਅੰਸ਼ ਪਾਠਕਾਂ ਨਾਲ ਸਾਂਝੇ ਕੀਤੇ ਜਾ ਰਹੇ ਹਨ ਜਿਨ੍ਹਾਂ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। - ਸੰਪਾਦਕ***

**ਡਾ. ਗਿਡੀਅਨ ਪੋਲਿਆ**
**ਅਨੁਵਾਦ : ਬੂਟਾ ਸਿੰਘ ਮਹਿਮੂਦਪੁਰ**

ਸਭ ਤੋਂ ਪਹਿਲਾਂ, ਮੈਂ 'ਇਜ਼ਰਾਈਲ ਨੂੰ ਆਖ਼ਰੀ ਯੂਰਪੀ ਬਸਤੀਵਾਦੀ ਪ੍ਰੋਜੈਕਟ' ਕਹੇ ਜਾਣ ਦੇ ਵਿਸ਼ੇ ਦੀ ਸ਼ੁਰੂਆਤ 10,000 ਈਸਾ ਪੂਰਵ ਤੋਂ ਕਰਨੀ ਚਾਹੁੰਦਾ ਹਾਂ, ਜਦੋਂ ਮਨੁੱਖਾਂ ਨੇ ਖੇਡ ਅਤੇ ਸੰਗ੍ਰਹਿ ਤੋਂ ਸਥਾਈ ਖੇਤੀ ਵੱਲ ਰੁਖ ਕੀਤਾ। ਇਸ ਤਬਦੀਲੀ ਵਿਚ ਅਨਾਜ ਦੀ ਖੇਤੀ, ਪਸ਼ੂ ਪਾਲਣ ਅਤੇ ਸਥਾਈ ਬਸਤੀਆਂ ਸ਼ਾਮਲ ਸਨ। ਸਥਾਈ ਖੇਤੀ ਨੇ ਫ਼ਸਲਾਂ ਅਤੇ ਬਸਤੀਆਂ ਦੀ ਸੁਰੱਖਿਆ ਦੀ ਲੋੜ ਪੈਦਾ ਕੀਤੀ, ਜਿਸ ਨਾਲ ਮਰਦਾਵਾਂ ਫ਼ੌਜਵਾਦ, ਪਿਤਰ-ਸੱਤਾ, ਜੰਗ, ਫ਼ੌਜੀ ਤਕਨੀਕ ਦਾ ਵਿਕਾਸ, ਸ਼ਹਿਰ, ਨਗਰ-ਰਾਜ, ਰਾਸ਼ਟਰ-ਰਾਜ ਅਤੇ ਸਾਮਰਾਜ ਹੋਂਦ ਵਿਚ ਆਏ। ਅੰਤ ਵਿਚ, ਇਹੀ ਪ੍ਰਕਿਰਿਆ ਸਾਨੂੰ ਆਧੁਨਿਕ ਸਮੇਂ ਦੇ ਪਰਮਾਣੂ ਹਥਿਆਰਾਂ ਤੱਕ ਲੈ ਆਈ ਹੈ, ਜੋ ਪੂਰੀ ਮਨੁੱਖਤਾ ਅਤੇ ਜੀਵ-ਮੰਡਲ ਨੂੰ ਤਬਾਹ ਕਰ ਸਕਦੇ ਹਨ- ਇਹ ਸਚਾਈ ਅੱਜ ਅਸੀਂ ਬਾਖ਼ੂਬੀ ਸਮਝਦੇ ਹਾਂ।

1453 'ਚ ਕਾਂਸਟੈਂਟਿਨੋਪਲ 'ਤੇ ਤੁਰਕਾਂ ਦੀ ਜਿੱਤ ਅਤੇ ਉੱਤਰੀ ਅਫ਼ਰੀਕਾ, ਪੱਛਮੀ ਏਸ਼ੀਆ ਅਤੇ ਮੱਧ-ਪੂਰਬ ਵਿਚ ਮੁਸਲਮਾਨਾਂ ਦੇ ਗ਼ਲਬੇ ਨੇ ਇਨ੍ਹਾਂ ਖੇਤਰਾਂ ਵਿਚ ਪੱਛਮੀ ਯੂਰਪੀ ਵਿਸਤਾਰ ਦਾ ਰਾਹ ਰੋਕ ਦਿੱਤਾ। ਜੇਰਡ ਡਾਇਮੰਡ ਨੇ ਆਪਣੀ ਕਿਤਾਬ 'ਗੰਨਜ਼, ਜਰਮਜ਼, ਐਂਡ ਸਟੀਲ' ਵਿਚ ਦੱਸਿਆ ਹੈ ਕਿ ਯੂਰਪੀਨ ਉਨ੍ਹਾਂ ਖੇਤਰਾਂ ਵਿਚ ਵਿਸਤਾਰ ਕਰਨਾ ਚਾਹੁੰਦੇ ਸਨ, ਜਿੱਥੇ ਯੂਰਪੀ ਤਰਜ਼ ਦੀ ਖੇਤੀ ਸੰਭਵ ਸੀ- ਜਿਵੇਂ ਕਣਕ, ਭੇਡ਼, ਗਾਂ। ਡਾਇਮੰਡ ਇਹ ਮੂਲ ਨੁਕਤਾ ਵੀ ਦੱਸਦੇ ਹਨ ਕਿ ਯੂਰੇਸ਼ੀਆ ਦੇ ਪੂਰਬ-ਪੱਛਮ ਧੁਰੇ ਨੇ ਤਕਨੀਕੀ ਅਤੇ ਖੇਤੀ ਸੰਬੰਧੀ ਖੋਜਾਂ ਦੇ ਤੇਜ਼ ਪ੍ਰਸਾਰ ਨੂੰ ਸੰਭਵ ਬਣਾਇਆ, ਜਿਵੇਂ ਚੀਨ ਵਿਚ ਕੋਈ ਨਵੀਨਤਾ ਹੋਈ ਹੋਵੇ ਤਾਂ ਉਹ ਜਲਦੀ ਪੱਛਮੀ ਯੂਰਪ ਤੱਕ ਪਹੁੰਚ ਜਾਂਦੀ, ਪਰ ਅਫ਼ਰੀਕਾ ਅਤੇ ਅਮਰੀਕਾ ਦੇ ਉੱਤਰ-ਦੱਖਣ ਧੁਰਿਆਂ ਵਿਚ ਅਜਿਹਾ ਨਹੀਂ ਹੋ ਸਕਿਆ। ਜਦੋਂ ਯੂਰਪੀਅਨਾਂ ਨੇ ਜ਼ਮੀਨ ਹਥਿਆਈ ਅਤੇ ਮੂਲ ਨਿਵਾਸੀਆਂ ਨੂੰ ਮਾਰ ਦਿੱਤਾ ਜਾਂ ਖਦੇੜ ਦਿੱਤਾ, ਤਾਂ ਉਨ੍ਹਾਂ ਨੇ 'ਟੈਰਾ ਨੁਲੀਅਸ' ਦਾ ਝੂਠ ਫੈਲਾਇਆ, ਜਿਸਦਾ ਲਾਤੀਨੀ ਵਿਚ ਭਾਵ ਹੈ 'ਖਾਲੀ ਜ਼ਮੀਨ')।

ਇਹੀ ਨਸਲਵਾਦੀ ਝੂਠ ਯੂਰਪੀ ਬਸਤੀਵਾਦੀਆਂ ਨੇ ਅਮਰੀਕਾ, ਆਸਟ੍ਰੇਲੀਆ ਅਤੇ ਦੱਖਣੀ ਅਫ਼ਰੀਕਾ ਵਿਚ ਅਪਣਾਇਆ। ਇਹੀ ਝੂਠ ਇਜ਼ਰਾਈਲ ਨੇ ਅਪਣਾਇਆ ਹੋਇਆ ਹੈ- ਇਕ ਨਸਲਵਾਦੀ, ਨਸਲਘਾਤੀ ਬਸਤੀਵਾਦੀ ਰਾਜ ਜੋ ਨਾ ਸਿਰਫ਼ ਪੂਰੇ ਫ਼ਲਸਤੀਨ, ਬਲਕਿ ਨੀਲ ਨਦੀ ਤੋਂ ਯੂਫ਼ਰੇਟਸ ਤੱਕ ਦੀ ਜ਼ਮੀਨ ਹਥਿਆ ਲੈਣਾ ਚਾਹੁੰਦਾ ਹੈ, ਅਤੇ ਇਸ ਲਈ ਮੂਲ ਨਿਵਾਸੀਆਂ ਨੂੰ ਮਾਰਨਾ, ਬੇਦਖ਼ਲ ਕਰਨਾ ਜਾਂ ਉਨ੍ਹਾਂ ਨੂੰ ਜੇਲ੍ਹਨੁਮਾ ਬਸਤੀਆਂ ਅਤੇ ਤਸੀਹਾ ਕੈਂਪਾਂ ਵਿਚ ਸੀਮਤ ਕਰਨਾ ਇਸ ਦੀ ਯੁੱਧਨੀਤੀ ਹੈ।

ਯੂਰਪੀ ਬਸਤੀਵਾਦ ਦੇ ਕਾਰਨ ਹੋਈਆਂ ਮੌਤਾਂ 'ਤੇ ਨਜ਼ਰ ਮਾਰਨੀ ਜ਼ਰੂਰੀ ਹੈ - ਇਕ ਅਜਿਹਾ ਸੱਚ ਜਿਸ ਨੂੰ ਪੱਛਮ ਸਵੀਕਾਰ ਨਹੀਂ ਕਰਨਾ ਚਾਹੁੰਦਾ। ਅਮਰੀਕੀ ਮਹਾਂਦੀਪ ਵਿਚ ਕਰੀਬ 10 ਕਰੋੜ ਮੂਲ ਨਿਵਾਸੀਆਂ ਦੀ ਮੌਤ ਹਿੰਸਾ, ਵਾਂਝੇਪਣ, ਅਤੇ ਖ਼ਾਸ ਕਰਕੇ ਚੇਚਕ ਵਰਗੀਆਂ ਬਾਹਰੋਂ ਲਿਆਂਦੀਆਂ ਬਿਮਾਰੀਆਂ ਕਾਰਨ ਹੋਈ। ਪ੍ਰਸ਼ਾਂਤ ਦੀਪਾਂ ਵਿਚ ਵੀ ਖਸਰੇ ਵਰਗੀਆਂ ਨਵੀਆਂ ਬਿਮਾਰੀਆਂ ਕਾਰਨ ਜਨਸੰਖਿਆ ਦਾ ਵੱਡਾ ਨੁਕਸਾਨ ਹੋਇਆ। ਆਸਟ੍ਰੇਲੀਆ ਵਿਚ, 1788 ਵਿਚ ਬਰਤਨਾਵੀ ਕਬਜ਼ੇ ਤੋਂ ਬਾਅਦ ਪਹਿਲੇ ਸੌ ਸਾਲਾਂ ਵਿਚ ਕਰੀਬ 10 ਲੱਖ ਮੂਲ ਨਿਵਾਸੀ ਆਸਟ੍ਰੇਲੀਅਨ ਮਾਰੇ ਗਏ। ਕੁਲ ਮਿਲਾ ਕੇ, 1788 ਤੋਂ ਹੁਣ ਤੱਕ ਤਕਰੀਬਨ 20 ਲੱਖ ਮੌਤਾਂ ਹਿੰਸਾ, ਬੇਦਖਲੀ, ਵਾਂਝੇਪਣ ਅਤੇ ਬਿਮਾਰੀਆਂ ਕਾਰਨ ਹੋਈਆਂ ਹਨ। 1788 ਵਿਚ ਉੱਥੇ 350 ਤੋਂ 700 ਸਥਾਨਕ ਭਾਸ਼ਾਵਾਂ ਅਤੇ ਬੋਲੀਆਂ ਸਨ, ਜਿਨ੍ਹਾਂ ਵਿਚੋਂ ਹੁਣ ਸਿਰਫ਼ 120 ਬਚੀਆਂ ਹਨ ਅਤੇ ਇਨ੍ਹਾਂ ਵਿਚੋਂ ਵੀ 20 ਤੋਂ ਵੱਧ ਖ਼ਤਮ ਹੋਣ ਦੇ ਕੰਢੇ 'ਤੇ ਹਨ।

ਭਾਰਤ ਵਿਚ, ਬਹੁਤ ਥੋੜ੍ਹੀ ਗਿਣਤੀ 'ਚ ਅੰਗਰੇਜ਼ਾਂ ਨੇ ਗ਼ੁਲਾਮ ਬਣਾਈ 30 ਕਰੋੜ ਭਾਰਤੀ ਆਬਾਦੀ ਨੂੰ 1860 ਵਿਚ ਬਸ ਜਿਉਂਦੇ ਰਹਿਣ ਦੇ ਪੱਧਰ 'ਤੇ ਰੱਖਣ ਦੀ ਯੁੱਧਨੀਤੀ ਅਪਣਾਈ— ਅੰਗਰੇਜ਼ ਫ਼ੌਜਾਂ ਅਤੇ ਉਨ੍ਹਾਂ ਦੀ ਅਗਵਾਈ ਵਾਲੇ, ਚੰਗੀ ਖ਼ੁਰਾਕ ਪ੍ਰਾਪਤ ਕਰਨ ਵਾਲੇ ਭਾਰਤੀ ਫ਼ੌਜੀਆਂ ਦੀ ਤਾਕਤ ਦੇ ਜ਼ੋਰ 'ਤੇ। ਅਨੁਮਾਨ ਹੈ ਕਿ ਦੋ ਸਦੀਆਂ ਵਿਚ 1.8 ਅਰਬ ਦੇ ਕਰੀਬ ਭਾਰਤੀਆਂ ਨੂੰ ਥੋਪੇ ਗਏ ਵਾਂਝੇਪਣ ਕਾਰਨ ਮਰਨਾ ਪਿਆ ਜਿਨ੍ਹਾਂ ਦੀ ਜ਼ਿੰਦਗੀ ਬਚ ਸਕਦੀ ਸੀ। ਮਿਸਾਲ ਲਈ, 1860 ਵਿਚ ਭਾਰਤ ਦੀ ਆਬਾਦੀ 30 ਕਰੋੜ ਸੀ ਅਤੇ 1930 ਵਿਚ ਵੀ ਉਹੀ ਰਹੀ, ਹਾਲਾਂਕਿ ਜਨਮ ਦਰ ਬਹੁਤ ਉੱਚੀ ਸੀ। 1769-70 'ਚ ਬੰਗਾਲ ਵਿਚ ਪਏ ਵੱਡੇ ਕਾਲ (1 ਕਰੋੜ ਮੌਤਾਂ) ਤੋਂ ਲੈ ਕੇ 1942-45 ਦੀ ਦੂਜੀ ਸੰਸਾਰ ਜੰਗ ਦੇ ਅਰਸੇ ਦੇ ਬੰਗਾਲ ਕਾਲ (60-70 ਲੱਖ ਮੌਤਾਂ) ਤੱਕ ਅੰਗਰੇਜ਼ ਹਕੂਮਤ ਦੀਆਂ ਨੀਤੀਆਂ ਕਾਰਨ ਬਹੁਤ ਸਾਰੇ ਕਾਲ ਪਏ। ਬੰਗਾਲ ਕਾਲ ਦੇ ਘਾੜੇ ਚਰਚਿਲ ਨੇ 1935 ਵਿਚ ਬਰਤਾਨਵੀ ਸੰਸਦ ਵਿਚ ਕਿਹਾ ਸੀ- 'ਭਾਰਤ ਦਾ ਜੋ ਜੀਵਨ-ਪੱਧਰ ਹੈ ਉਸ ਵਿਚ ਉਨ੍ਹਾਂ ਕੋਲ ਕੁਝ ਨਹੀਂ ਬਚਦਾ। ਮੌਜੂਦਾ ਜੀਵਨ-ਪੱਧਰ ਵਿਚ ਥੋੜ੍ਹੀ ਜਿਹੀ ਗਿਰਾਵਟ ਦਾ ਮਤਲਬ ਹੈ ਹੌਲੀ-ਹੌਲੀ ਭੁੱਖ ਨਾਲ ਮਰਦੇ ਜਾਣਾ ਅਤੇ ਲੱਖਾਂ ਨਹੀਂ, ਕਰੋੜਾਂ ਲੋਕਾਂ ਦੀ ਜ਼ਿੰਦਗੀ ਨਿਚੋੜ ਲੈਣਾ।' ਭਾਰਤ ਨੂੰ ਦੂਜੀ ਸੰਸਾਰ ਜੰਗ ਤੋਂ ਪਹਿਲਾਂ ਹਰ ਸਾਲ 10-12 ਲੱਖ ਟਨ ਅਨਾਜ ਬਾਹਰੋਂ ਮੰਗਵਾਉਣ ਦੀ ਲੋੜ ਸੀ, ਪਰ 1942-45 ਵਿਚ ਔਸਤਨ ਸਿਰਫ਼ 5 ਲੱਖ ਟਨ ਅਨਾਜ ਹੀ ਆਇਆ ਜੋ ਮੁਸ਼ਕਲ ਨਾਲ 25 ਲੱਖ ਫ਼ੌਜ ਲਈ ਮਸਾਂ ਹੀ ਕਾਫ਼ੀ ਸੀ।

ਚੀਨ ਅਤੇ ਕਾਂਗੋ ਵਿਚ ਵੀ ਸਥਾਨਕ ਆਬਾਦੀ ਬਸਤੀਵਾਦੀ ਧਾੜਵੀਆਂ ਨਾਲੋਂ ਵੱਧ ਸੀ। ਫਿਰ ਵੀ, 2 ਤੋਂ ਲੈ ਕੇ 10 ਕਰੋੜ ਚੀਨੀ ਅੰਗਰੇਜ਼ਾਂ ਦੇ ਅਫ਼ੀਮ ਯੁੱਧਾਂ ਅਤੇ ਤਾਈਪਿੰਗ ਵਿਦਰੋਹ ਵਿਚ ਮਾਰੇ ਗਏ। ਕਾਂਗੋ ਵਿਚ ਬੈਲਜੀਅਮ ਦੇ ਬਸਤੀਵਾਦੀਆਂ ਨੇ ਵੱਧ ਤੋਂ ਵੱਧ ਰਬੜ ਅਤੇ ਹਾਥੀਦੰਦ ਦੀ ਪੈਦਾਵਾਰ ਹਾਸਲ ਕਰਨ ਲਈ 1 ਕਰੋੜ ਦੇ ਕਰੀਬ ਕਾਂਗੋ ਲੋਕਾਂ ਦੀ ਹੱਤਿਆ ਕੀਤੀ। ਜ਼ੁਲਮ ਦੀ ਇੰਤਹਾ ਇੱਥੋਂ ਤੱਕ ਸੀ ਕਿ ਜੇਕਰ ਲੋੜੀਂਦੀ ਮਾਤਰਾ ਵਿਚ ਪੈਦਾਵਾਰ ਪ੍ਰਾਪਤ ਨਹੀਂ ਸੀ ਹੁੰਦੀ ਤਾਂ ਉਨ੍ਹਾਂ ਦੇ ਹੱਥ ਵੱਢ ਦਿੱਤੇ ਜਾਂਦੇ ਸਨ। ਜਾਪਾਨੀ ਕਬਜ਼ੇ (1937-45) ਵਿਚ ਵੀ 3.5 ਤੋਂ 4 ਕਰੋੜ ਚੀਨੀ ਮਾਰੇ ਗਏ।

ਤੁਲਨਾ ਦੇ ਨਜ਼ਰੀਏ ਨਾਲ ਹੁਣ ਆਪਾਂ ਗਾਜ਼ਾ ਵਿਚ ਅਤੇ ਵਿਆਪਕ ਫ਼ਲਸਤੀਨੀ ਨਸਲਕੁਸ਼ੀ ਦੀ ਗੱਲ ਕਰਦੇ ਹਾਂ ਜੋ ਹਮਲਿਆਂ ਦੀ ਹਿੰਸਾ ਅਤੇ ਨਾਕਾਬੰਦੀ ਰਾਹੀਂ ਥੋਪੇ ਵਾਂਝੇਪਣ ਦੁਆਰਾ ਕੀਤੀ ਜਾ ਰਹੀ ਹੈ। ਪੂਰੇ ਗਾਜ਼ਾ ਨੂੰ ਤਸੀਹਾ ਕੈਂਪ ਬਣਾਏ ਜਾਣ ਅਤੇ 57 ਸਾਲ ਦੇ ਜ਼ਾਇਓਨਿਸਟ ਕਬਜ਼ੇ ਵਿਰੁੱਧ ਵਿਦਰੋਹ (7 ਅਕਤੂਬਰ 2023) ਨੂੰ 1139 ਇਜ਼ਰਾਈਲੀਆਂ ਦੇ ਮਾਰੇ ਜਾਣ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਪਰ ਕੁਝ ਨਾਮਵਰ ਸਨਮਾਨਤ ਪੱਛਮੀ ਪੱਤਰਕਾਰਾਂ ਨੇ ਇਸ ਸਰਕਾਰੀ ਕਹਾਣੀ ਉੱਪਰ ਸਵਾਲ ਉਠਾਏ ਹਨ। ਬਹੁਤ ਸੰਭਵ ਹੈ ਕਿ 7 ਅਕਤੂਬਰ 2023 ਦਾ ਹਮਲਾ ਜਾਣ-ਬੁੱਝ ਕੇ ਹੋਣ ਦਿੱਤਾ ਗਿਆ ਤਾਂ ਜੋ 9/11 ਵਰਗੇ ਪ੍ਰਤੀਕਰਮ ਜ਼ਰੀਏ ਗਾਜ਼ਾ ਨੂੰ ਤਬਾਹ ਕੀਤਾ ਜਾ ਸਕੇ ਅਤੇ ਫ਼ਲਸਤੀਨੀਂ ਲੋਕਾਂ ਦੀ ਨਸਲਕੁਸ਼ੀ ਕੀਤੀ ਜਾ ਸਕੇ। 7 ਅਕਤੂਬਰ ਨੂੰ ਮਾਰੇ ਗਏ ਬਹੁਤ ਸਾਰੇ ਇਜ਼ਰਾਈਲੀ ਆਈ.ਡੀ.ਐੱਫ. (ਇਜ਼ਰਾਇਲੀ ਡਿਫੈਂਸ ਫੋਰਸਿਜ਼) ਦੀ ਗੋਲੀਬਾਰੀ ਦਾ ਸ਼ਿਕਾਰ ਹੋਏ ਜਿਸ ਨੂੰ ਹੈਨੀਬਲ ਨਿਰਦੇਸ਼ਾਂ ਅਧੀਨ ਬੰਧਕ ਬਣਾਉਣ ਤੋਂ ਰੋਕਣ ਲਈ ਖ਼ੁਦ ਬੰਧਕਾਂ ਨੂੰ ਮਾਰ ਦੇਣਾ ਮਨਜ਼ੂਰ ਸੀ।

ਪ੍ਰਮੁੱਖ ਮੈਡੀਕਲ ਰਸਾਲੇ, ਦੀ ਲਾਂਸੈਂਟ, ਦੀ ਰਿਪੋਰਟ ਅਨੁਸਾਰ ਅੰਦਾਜ਼ਾ ਇਹ ਹੈ ਕਿ 25 ਅਪ੍ਰੈਲ 2025 ਤੱਕ ਗਾਜ਼ਾ ਵਿਚ ਹਿੰਸਾ ਨਾਲ 1.36 ਲੱਖ ਅਤੇ ਵਾਂਝੇਪਣ ਨਾਲ 5.44 ਲੱਖ, ਯਾਨੀ ਕੁਲ 6.8 ਲੱਖ ਮੌਤਾਂ ਹੋਈਆਂ। ਇਹ ਅੰਦਾਜ਼ਾ ਇਸ ਗੱਲ 'ਤੇ ਆਧਾਰਤ ਹੈ ਕਿ ਹਿੰਸਾ ਦੀ ਤੁਲਨਾ ਵਿਚ ਚਾਰ ਗੁਣਾ ਵੱਧ ਮੌਤਾਂ ਵਾਂਝੇਪਣ ਕਾਰਨ ਹੁੰਦੀਆਂ ਹਨ। ਇਹ ਉਹ ਮੌਤਾਂ ਹੁੰਦੀਆਂ ਹਨ ਜਿਨ੍ਹਾਂ ਤੋਂ ਬਚਿਆ ਜਾ ਸਕਦਾ ਹੈ। 1950 ਤੋਂ ਹੁਣ ਤੱਕ ਦੇ (ਸਾਰੇ ਮੁਲਕਾਂ ਦੇ) ਅਜਿਹੇ ਅੰਕੜਿਆਂ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਵਾਂਝੇਪਣ ਕਾਰਨ ਹੋਈਆਂ ਮੌਤਾਂ ਵਿਚ 70% ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਹੁੰਦੇ ਹਨ ਜਿਵੇਂ ਮੇਰੀ ਕਿਤਾਬ 'ਗਲੋਬਲ ਅਵੌਇਡੇਬਲ



ਡਾ. ਗਿਡੀਅਨ ਪੋਲਿਆ

ਮੌਰਟੈਲਿਟੀ ਸਿੰਸ 1950' ਵਿਚ ਵਿਸਤਾਰ 'ਚ ਦੱਸਿਆ ਗਿਆ ਹੈ। ਇਸ ਦਾ ਮਤਲਬ ਹੈ ਕਿ 5.44 ਲੱਖ ਮੌਤਾਂ ਵਿਚ ਤਕਰੀਬਨ 3.8 ਲੱਖ ਬੱਚੇ (ਪੰਜ ਸਾਲ ਤੋਂ ਘੱਟ ਉਮਰ) ਸ਼ਾਮਲ ਹਨ। ਨਵ-ਜੰਮੇ ਬਾਲਾਂ ਲਈ ਮੌਤ ਦਾ ਜ਼ੋਖਮ ਸਭ ਤੋਂ ਵੱਧ ਹੁੰਦਾ ਹੈ। ਇਸ ਤਰ੍ਹਾਂ ਥੋਪੀ ਗਈ ਭੁੱਖਮਰੀ ਦੇ ਹਾਲਾਤਾਂ ਵਿਚ ਮਾਰੇ ਗਏ 5,44000 ਗਾਜ਼ਾ ਵਾਸੀਆਂ ਵਿਚ 3,80000 ਨਿੱਕੇ ਬੱਚੇ ਸ਼ਾਮਲ ਹਨ। ਜੇ ਇਸ ਗਿਣਤੀ ਨੂੰ ਅੱਗੇ ਵੰਡ ਕੇ ਦੇਖਿਆ ਜਾਵੇ ਤਾਂ ਇਸ ਵਿਚ 3.8 ਲੱਖ ਨਿੱਕੇ ਬੱਚੇ, 4.79 ਲੱਖ ਬੱਚੇ, 63 ਹਜ਼ਾਰ ਔਰਤਾਂ ਅਤੇ 18 ਹਜ਼ਾਰ ਮਰਦ ਹਨ।

ਜਦਕਿ, ਯਹੂਦੀ ਰਾਸ਼ਟਰਵਾਦ ਦੇ ਪ੍ਰਭਾਵ ਹੇਠ ਮੁੱਖਧਾਰਾ ਦਾ ਮੀਡੀਆ ਇਹ ਰਿਪੋਰਟ ਕਰਦਾ ਹੈ ਕਿ ਸਿਰਫ਼ ਹਿੰਸਾ ਕਾਰਨ 50,500 ਮੌਤਾਂ ਹੋਈਆਂ ਹਨ, ਇਹ ਵਾਂਝੇਪਣ ਕਾਰਨ ਹੋਈਆਂ ਮੌਤਾਂ ਨੂੰ ਨਜ਼ਰਅੰਦਾਜ਼ ਕਰ ਦਿੰਦਾ ਹੈ। ਜਦੋਂ ਕਿ ਸੱਚਾਈ ਇਹ ਹੈ ਕਿ ਇਨ੍ਹਾਂ ਰਿਪੋਰਟ ਦੇ ਉਲਟ ਕੁਲ ਮੌਤਾਂ 7 ਲੱਖ ਦੇ ਕਰੀਬ ਹਨ। ਟਰੰਪ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਨੇ ਖ਼ੁਦ ਵਾਰ-ਵਾਰ ਕਿਹਾ ਹੈ ਕਿ ਜੰਗ ਤੋਂ ਪਹਿਲਾਂ ਦੀ 24 ਲੱਖ ਆਬਾਦੀ ਵਿਚੋਂ 17 ਲੱਖ ਨੂੰ ਉੱਥੋਂ ਹਟਾਉਣਾ ਹੋਵੇਗਾ ਤਾਂ ਜੋ ਗਾਜ਼ਾ ਨੂੰ 'ਰਿਵੇਰਾ-ਤਰਜ਼ ਦਾ ਲਗਜ਼ਰੀ ਰਿਜ਼ੋਰਟ' ਬਣਾਇਆ ਜਾ ਸਕੇ— ਯਾਨੀ 7 ਲੱਖ ਗਾਜ਼ਾ ਵਾਸੀ ਲਾਪਤਾ ਹਨ (24 ਲੱਖ ਵਿੱਚੋਂ 17 ਲੱਖ ਘਟਾਉਣ 'ਤੇ)। ਜੇਕਰ ਮੰਨ ਲਈਏ ਕਿ 1 ਲੱਖ ਮਿਸਰੀ ਉੱਥੋ ਨਿਕਲ ਕੇ ਮਿਸਰ ਚਲੇ ਗਏ ਤਾਂ ਇਸਦਾ ਮਤਲਬ ਹੈ ਕਿ 6 ਲੱਖ ਗਾਜ਼ਾ ਵਾਸੀ ਹਿੰਸਾ ਅਤੇ ਵਾਂਝੇਪਣ ਕਾਰਨ ਮਾਰੇ ਗਏ। ਇਹ ਪ੍ਰੇਸ਼ਾਨ ਕਰਨ ਵਾਲੀ ਗਿਣਤੀ ਹੈ ਜੋ ਟਰੰਪ ਦੇ ਬਿਆਨ ਅਤੇ ਬਰਤਾਨਵੀ ਮਹਾਮਾਰੀ ਮਾਹਰਾਂ ਦੀ ਰਿਪੋਰਟ ਨਾਲ ਮੇਲ ਖਾਂਦੀ ਹੈ। ਪਰ ਮੀਡੀਆ ਅਜੇ ਵੀ ਸਿਰਫ਼ 50,500 ਦਾ ਅੰਕੜਾ ਦੱਸ ਰਿਹਾ ਹੈ।

ਫ਼ਲਸਤੀਨੀ ਨਸਲਕੁਸ਼ੀ ਦੀ ਸ਼ੁਰੂਆਤ 1908 ਵਿਚ ਈਰਾਨ ਵਿਚ ਤੇਲ ਦੀ ਖੋਜ ਨਾਲ ਹੁੰਦੀ ਹੈ। ਬਰਤਾਨੀਆ ਨੇ 1914 ਵਿਚ ਓਟੋਮਨ ਸਲਤਨਤ 'ਤੇ ਹਮਲਾ ਕੀਤਾ, ਇਰਾਕ 'ਤੇ ਕਬਜ਼ਾ ਕੀਤਾ ਅਤੇ ਫਿਰ ਫ਼ਰਾਂਸ-ਬਰਤਾਨੀਆ ਨੇ ਪੂਰੇ ਮੱਧ-ਪੂਰਬ ਉੱਪਰ ਧਾਵਾ ਬੋਲ ਕੇ ਉੱਥੇ ਪੈਰ ਪਸਾਰ ਲਏ। ਸਾਨੂੰ ਇਹ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਯੂਰਪ ਨੇ ਪਿਛਲੇ 77 ਸਾਲਾਂ, ਖ਼ਾਸ ਕਰਕੇ ਪਿਛਲੇ 20 ਮਹੀਨਿਆਂ ਵਿਚ, ਇਜ਼ਰਾਈਲ ਦੀ ਹਰ ਕਾਰਵਾਈ ਦੀ ਹਮਾਇਤ ਕੀਤੀ ਹੈ। ਈਰਾਨ 'ਤੇ ਬੰਬਾਰੀ ਤੋਂ ਪਹਿਲਾਂ ਜੀ-7 ਮੁਲਕਾਂ (ਕੈਨੇਡਾ, ਫਰਾਂਸ, ਜਰਮਨੀ, ਇਟਲੀ, ਜਪਾਨ, ਯੂ.ਕੇ. ਅਤੇ ਸੰਯੁਕਤ ਰਾਜ ਅਮਰੀਕਾ- ਜਿਨ੍ਹਾਂ ਸਾਰਿਆਂ ਕੋਲ ਪਰਮਾਣੂ ਹਥਿਆਰ ਹਨ, ਜੋ ਪਰਮਾਣੂ ਹਥਿਆਰ ਰੱਖਣ ਦੇ ਹਮਾਇਤੀ ਹਨ) ਨੇ ਇਜ਼ਰਾਇਲ ਵੱਲੋਂ ਈਰਾਨ ਉੱਪਰ ਹਮਲਾ ਕੀਤੇ ਜਾਣ 'ਤੇ ਝੂਠਾ ਇਲਜ਼ਾਮ ਲਾਉਂਦੇ ਹੋਏ ਕਿਹਾ:

'ਅਸੀਂ ਜੀ-7 ਮੁਲਕਾਂ ਦੇ ਆਗੂ ਮੱਧ-ਪੂਰਬ ਵਿਚ ਸ਼ਾਂਤੀ ਅਤੇ ਸਥਿਰਤਾ ਲਈ ਵਚਨਬੱਧ ਹਾਂ। ਅਸੀਂ ਇਜ਼ਰਾਈਲ ਦੇ ਸਵੈ-ਰੱਖਿਆ ਦੇ ਅਧਿਕਾਰ ਨੂੰ ਆਪਣੀ ਹਮਾਇਤ ਮੁੜ ਦੁਹਰਾਉਂਦੇ ਹਾਂ। ਈਰਾਨ ਖੇਤਰੀ ਅਸਥਿਰਤਾ ਅਤੇ ਦਹਿਸ਼ਤਵਾਦ ਦਾ ਮੁੱਖ ਸਰੋਤ ਹੈ। ਈਰਾਨ ਕਦੇ ਵੀ ਪਰਮਾਣੂ ਹਥਿਆਰ ਨਹੀਂ ਰੱਖ ਸਕਦਾ।' ਆਸਟ੍ਰੇਲੀਆ, ਜੋ ਜੀ-7 ਦਾ ਮੈਂਬਰ ਨਹੀਂ ਹੈ ਪਰ ਉਸ ਨੂੰ ਇਸ ਸਿਖ਼ਰ-ਸੰਮੇਲਨ ਵਿਚ ਬੁਲਾਇਆ ਗਿਆ ਸੀ, ਉਸਨੇ ਵੀ ਜੀ-7 ਦੇ ਇਸ ਝੂਠ ਨਾਲ ਸਹਿਮਤੀ ਪ੍ਰਗਟਾਈ।

ਅਸਲੀਅਤ ਇਸ ਤੋਂ ਬਿਲਕੁਲ ਵੱਖਰੀ ਹੈ। ਉਹ ਇਹ ਹੈ ਕਿ ਇਜ਼ਰਾਇਲ ਵੱਲੋਂ ਅਮਰੀਕਾ ਦੇ ਥਾਪੜੇ ਨਾਲ ਇਹ ਹਮਲਾ ਬਿਨਾਂ ਕਿਸੇ ਭੜਕਾਹਟ ਦੇ ਕੀਤਾ ਗਿਆ ਸੀ ਅਤੇ ਇਹ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਸੀ। ਇਜ਼ਰਾਈਲ ਕੋਲ 90 ਪਰਮਾਣੂ ਹਥਿਆਰ ਹਨ, ਈਰਾਨ ਕੋਲ ਇਕ ਵੀ ਨਹੀਂ ਹੈ। ਈਰਾਨ ਨੇ ਐੱਨ.ਪੀ.ਟੀ. (ਪਰਮਾਣੂ ਅਪ੍ਰਸਾਰ ਸੰਧੀ) ਉੱਪਰ ਦਸਖ਼ਤ ਕੀਤੇ ਹੋਏ ਹਨ, ਇਜ਼ਰਾਈਲ ਨੇ ਦਸਖ਼ਤ ਨਹੀਂ ਕੀਤੇ ਹੋਏ। ਪਿਛਲੇ 50 ਸਾਲਾਂ ਤੋਂ ਈਰਾਨ, ਹੋਰ ਮੁਸਲਿਮ ਮੁਲਕ ਅਤੇ ਸੰਯੁਕਤ ਰਾਸ਼ਟਰ ਦੀ ਆਮ ਸਭਾ ਪਰਮਾਣੂ-ਮੁਕਤ ਮੱਧ-ਪੂਰਬ ਦੀ ਮੰਗ ਕਰ ਰਹੇ ਹਨ। ਈਰਾਨ ਨੇ ਸਦੀਆਂ ਤੋਂ ਕਿਸੇ ਮੁਲਕ 'ਤੇ ਹਮਲਾ ਨਹੀਂ ਕੀਤਾ, ਜਦੋਂ ਕਿ ਇਜ਼ਰਾਈਲ ਨੇ 2025 ਵਿਚ ਹੀ 5 ਮੁਲਕਾਂ 'ਤੇ ਬੰਬਾਰੀ ਕੀਤੀ ਅਤੇ 77 ਸਾਲਾਂ ਵਿਚ 14 ਮੁਲਕਾਂ 'ਤੇ ਹਮਲੇ ਕੀਤੇ ਹਨ।

ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਜੇਕਰ ਸੱਚੀਓਂ ਹੀ ਈਰਾਨ ਕੋਲ ਪਰਮਾਣੂ ਹਥਿਆਰ ਹੁੰਦੇ, ਤਾਂ ਉਹ ਇਜ਼ਰਾਈਲ 'ਤੇ ਕਿਉਂ ਹਮਲਾ ਕਰਦਾ ਜਦੋਂ ਕਿ ਉੱਥੇ ਦੇ ਅੱਧੇ ਲੋਕ ਫ਼ਲਸਤੀਨੀ ਹਨ? ਅਤੇ ਕੀ ਉਹ ਪੱਛਮ 'ਤੇ ਹਮਲਾ ਕਰਨ ਦੀ ਆਤਮਘਾਤੀ ਕਾਰਵਾਈ ਕਰਦਾ? ਯਾਦ ਕਰੋ, ਇਹੀ ਝੂਠ ਇਰਾਕ ਨੂੰ ਤਬਾਹ ਕਰਨ ਲਈ ਬੋਲਿਆ ਗਿਆ ਸੀ- 'ਉਸ ਕੋਲ ਵਿਆਪਕ ਤਬਾਹੀ ਮਚਾਉਣ ਵਾਲੇ ਹਥਿਆਰ ਹਨ' ਦੇ ਨਾਂ 'ਤੇ।

ਇਹ ਸਵਾਲ ਪੁੱਛਿਆ ਗਿਆ ਹੈ ਕਿ ਜੀ-7 ਵਿਚ ਸ਼ਾਮਲ ਸਾਬਕਾ ਬਸਤੀਵਾਦੀ, ਨਸਲਘਾਤੀ ਤਾਕਤਾਂ, ਨਸਲਵਾਦੀ, ਰੰਗਭੇਦੀ ਇਜ਼ਰਾਈਲ ਦੀ ਹਮਾਇਤ ਕਿਉਂ ਕਰਦੀਆਂ ਹਨ? ਸੱਚਾਈ ਇਹ ਹੈ ਕਿ ਜਾਪਾਨ ਨੂੰ ਛੱਡ ਕੇ ਜੀ-7 ਦੇ ਸਾਰੇ ਮੁਲਕ ਯੂਰਪੀ ਹਨ- ਇਹ ਸਿੱਧੀ ਸੱਚਾਈ ਹੈ। ਯੂਨਾਈਟਿਡ ਕਿੰਗਡਮ ਨੇ ਪਿਛਲੇ ਹਜ਼ਾਰ ਸਾਲਾਂ ਵਿਚ 123 ਮੁਲਕਾਂ 'ਤੇ ਹਮਲੇ ਕੀਤੇ ਹਨ। ਸੰਯੁਕਤ ਰਾਜ ਅਮਰੀਕਾ ਨੇ ਦੁਨੀਆ ਦੇ ਸਿਰਫ਼ ਤਿੰਨ ਮੁਲਕਾਂ ਨੂੰ ਛੱਡ ਕੇ ਹਰ ਜਗ੍ਹਾ ਫ਼ੌਜੀ ਦਖ਼ਲਅੰਦਾਜ਼ੀ ਕੀਤੀ ਹੈ ਜਾਂ ਉੱਥੇ ਇਸਦੀ ਫ਼ੌਜ ਮੌਜੂਦ ਹੈ। ਨਾਟੋ ਦੇ ਸਾਰੇ ਦੇ ਸਾਰੇ 32 ਮੁਲਕ, ਜੋ ਸਾਰੇ ਯੂਰਪੀ ਹਨ, ਇਜ਼ਰਾਈਲ ਦੀ ਡੱਟ ਕੇ ਹਮਾਇਤ ਕਰਦੇ ਹਨ। ਇਨ੍ਹਾਂ ਵਿਚੋਂ ਕਈ ਜ਼ਾਇਓਨਿਸਟ ਇੰਟਰਨੈਸ਼ਨਲ ਹੋਲੋਕਾਸਟ ਰੀਮੈਂਬਰੈਂਸ ਅਲਾਇੰਸ ਦੇ ਮੈਂਬਰ ਹਨ, ਜੋ ਇਜ਼ਰਾਈਲ ਦੀ ਹਮਾਇਤ 'ਚ ਜ਼ੋਰਦਾਰ ਪ੍ਰਚਾਰ ਕਰਦੇ ਹਨ।

ਗਾਜ਼ਾ ਵਿਚ ਕਤਲੇਆਮ ਅਤੇ ਈਰਾਨ, ਫ਼ਲਸਤੀਨ, ਲੇਬਨਾਨ, ਸੀਰੀਆ, ਅਤੇ ਯਮਨ ਵਿਰੁੱਧ ਬਿਨਾਂ ਭੜਕਾਹਟ ਦੇ ਕੀਤੇ ਗਏ ਯੁੱਧ ਅਪਰਾਧਾਂ ਵਿਚ ਯੂਰਪੀ ਭਾਈਵਾਲੀ ਨੂੰ ਸੰਖੇਪ ਵਿਚ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ:

ਪਹਿਲਾ, ਯੂਰਪੀ ਮੁਲਕਾਂ ਦੀ ਭਾਰੀ ਬਹੁਗਿਣਤੀ ਦਾ ਅਮਰੀਕਾ ਨਾਲ ਗੱਠਜੋੜ ਹੈ, ਜੋ ਲਗਾਤਾਰ ਜੰਗੀ ਜੁਰਮਾਂ ਨੂੰ ਅੰਜਾਮ ਦੇਣ 'ਚ ਲੱਗਿਆ ਹੋਇਆ ਹੈ ਅਤੇ ਜਿਸ ਨੂੰ 1960ਵਿਆਂ ਵਿਚ ਇਜ਼ਰਾਈਲ ਦੇ ਪਰਮਾਣੂ ਹਥਿਆਰ ਪ੍ਰਾਪਤ ਕਰਨ ਦੇ ਸਮੇਂ ਤੋਂ ਇਜ਼ਰਾਈਲੀ ਜ਼ਾਇਓਨਿਸਟ ਏਜੰਡਾ ਕੰਟਰੋਲ ਕਰ ਰਿਹਾ ਹੈ। ਹੁਣ ਤਾਂ ਇਹ ਗੱਲ ਹੋ ਗਈ ਹੈ ਕਿ ਜਿਸ ਤਰ੍ਹਾਂ ਕੁੱਤਾ ਆਪਣੀ ਪੂਛ ਦੇ ਮਗਰ-ਮਗਰ ਘੁੰਮਦਾ ਹੈ, ਉਸੇ ਤਰ੍ਹਾਂ ਕੁੱਤੇ ਦੀ ਇਹ ਪੂਛ, ਜ਼ਾਇਓਨਿਸਟ ਇਜ਼ਰਾਇਲ, ਹੁਣ ਕੁੱਤੇ ਨੂੰ ਆਪਣੇ ਮਗਰ-ਮਗਰ ਘੁੰਮਾ ਰਹੀ ਹੈ, ਯਾਨੀ ਯੂਰਪੀ ਤਾਕਤਾਂ ਹੁਣ ਇਜ਼ਰਾਇਲ ਦੇ ਕੰਟਰੋਲ ਵਿਚ ਹਨ।

ਦੂਜਾ, ਜੀ-7 ਦੇ ਸਾਰੇ ਮੈਂਬਰ ਅਫ਼ਗਾਨਿਸਤਾਨ ਵਿਚ ਅਮਰੀਕਾ ਅਤੇ ਨਾਟੋ ਦੁਆਰਾ ਥੋਪੇ ਗਏ ਯੁੱਧ (ਜਿਸ ਨੂੰ 'ਅਫ਼ਗਾਨ ਪਰਲੋ' ਕਿਹਾ ਜਾ ਸਕਦਾ ਹੈ) ਵਿਚ ਸ਼ਾਮਲ ਸਨ, ਜਿਸ ਵਿਚ ਕਰੀਬ 70 ਲੱਖ ਅਫ਼ਗਾਨ ਨਾਗਰਿਕਾਂ ਦੀ ਮੌਤ ਹਿੰਸਾ ਅਤੇ ਵਾਂਝੇਪਣ ਕਾਰਨ ਹੋਈ। ਇਨ੍ਹਾਂ ਮੁਲਕਾਂ ਯਾਨੀ ਜੀ-7 ਮੁਲਕਾਂ ਅਤੇ ਇਨ੍ਹਾਂ ਨਾਲ ਜੁੜੇ ਬਹੁਤ ਸਾਰੇ ਗ਼ੈਰ ਜੀ-7 ਮੁਲਕਾਂ ਦਾ ਇਤਿਹਾਸ ਯੁੱਧ, ਸਾਮਰਾਜਵਾਦ ਅਤੇ ਮੂਲ ਨਿਵਾਸੀਆਂ ਦੀ ਨਸਲਕੁਸ਼ੀ ਨਾਲ ਭਰਿਆ ਪਿਆ ਹੈ।

ਤੀਜਾ, ਜੀ-7 ਦੇ ਸਾਰੇ ਮੁਲਕਾਂ ਅਤੇ ਯੂਰਪ ਦੇ ਕਈ ਗ਼ੈਰ ਜੀ-7 ਮੁਲਕਾਂ ਦਾ ਨਸਲਵਾਦੀ ਬਸਤੀਵਾਦ ਅਤੇ ਨਸਲਕੁਸ਼ੀ ਦਾ ਪੁਰਾਣਾ ਮੁਜਰਮਾਨਾ ਰਿਕਾਰਡ ਹੈ। ਇਹੋ ਨਸਲਵਾਦੀ ਸੋਚ ਇਜ਼ਰਾਈਲ ਦੀ ਹਮਾਇਤ ਵਿਚ ਅੱਜ ਵੀ ਜ਼ਿੰਦਾ ਹੈ, ਜੋ ਪਿਛਲੇ 77 ਸਾਲਾਂ ਵਿਚ ਰੰਗਭੇਦ ਨੀਤੀਆਂ ਅਤੇ ਨਸਲਕੁਸ਼ੀ ਦੇ ਘੱਲੂਘਾਰਿਆਂ ਵਿਚ ਉਸ ਦੇ ਨਾਲ ਖੜ੍ਹਦੇ ਆ ਰਹੇ ਹਨ- ਇਹ ਸੰਯੁਕਤ ਰਾਸ਼ਟਰ ਦੀ ਆਮ ਸਭਾ ਵਿਚ ਉਨ੍ਹਾਂ ਦੇ ਵੋਟਿੰਗ ਵਿਚ ਹਿੱਸਾ ਲੈਣ ਦੇ ਵਿਹਾਰ ਤੋਂ ਵੀ ਸਪਸ਼ਟ ਹੁੰਦਾ ਹੈ।

ਗਾਜ਼ਾ ਵਿਚ ਬਚੇ ਹੋਏ 17 ਲੱਖ ਲੋਕ ਜਾਂ ਤਾਂ ਭੁੱਖ ਨਾਲ ਮਰਨ ਲਈ ਮਜਬੂਰ ਹਨ, ਜਾਂ ਖਾਣੇ ਦੀ ਭਾਲ ਵਿਚ ਗੋਲੀਬਾਰੀ ਦਾ ਸ਼ਿਕਾਰ ਹੋ ਕੇ ਮਰਨ ਲਈ ਮਜਬੂਰ ਹਨ। ਇਹੀ ਮੰਜ਼ਰ ਹੈ ਜੋ ਮੈਂ ਹਰ ਰਾਤ ਨੂੰ ਖਾਣਾ ਖਾਂਦੇ ਵਕਤ ਟੀਵੀ 'ਤੇ ਦੇਖਦਾ ਹਾਂ। 4000 ਸਾਲ ਪੁਰਾਣਾ ਸ਼ਹਿਰ ਗਾਜ਼ਾ, ਜਿੱਥੋਂ ਕਦੇ ਅਰਬੀ ਇਤਰ ਰੋਮਨ ਸਾਮਰਾਜ ਨੂੰ ਭੇਜਿਆ ਜਾਂਦਾ ਸੀ, ਹੁਣ ਪੂਰੀ ਤਰ੍ਹਾਂ ਤਬਾਹ ਹੋ ਚੁੱਕਾ ਹੈ। ਵਿਲੀਅਮ ਡੈਲਰਿੰਪਲ ਦੀ ਸ਼ਾਨਦਾਰ ਕਿਤਾਬ 'ਦੀ ਗੋਲਡਨ ਰੋਡ' ਵਿਚ ਦੱਸਿਆ ਗਿਆ ਹੈ ਕਿ ਕਿਵੇਂ ਭਾਰਤ ਦਾ ਪ੍ਰਭਾਵ ਜਾਪਾਨ ਤੋਂ ਲੈ ਕੇ ਸਪੇਨ ਤੱਕ ਪੂਰੀ ਮਨੁੱਖੀ ਤਹਿਜ਼ੀਬ 'ਤੇ ਪਿਆ। ਡੈਲਰਿੰਪਲ ਲਿਖਦੇ ਹਨ ਕਿ ਜਦੋਂ ਗਾਜ਼ਾ ਉੱਪਰ ਧਰਮ-ਯੁੱਧ ਲੜਨ ਵਾਲਿਆਂ (ਕਰੂਸੇਡਰਾਂ) ਨੇ ਕਬਜ਼ਾ ਕਰ ਲਿਆ, ਤਾਂ ਇਹ ਮੱਧਕਾਲੀ ਭਾਰਤੀ-ਅਰਬੀ ਗਿਆਨ ਅਤੇ ਸੱਭਿਆਚਾਰ ਦੇ ਯੂਰਪ ਤੱਕ ਪਹੁੰਚਣ ਦਾ ਮਹੱਤਵਪੂਰਨ ਰਸਤਾ ਬਣ ਗਿਆ। ਇਹ ਧਰਮ-ਯੋਧੇ ਉਹੀ ਗਣਿਤ ਅਤੇ ਗਿਆਨ ਵਾਪਸ ਯੂਰਪ ਲੈ ਗਏ।

ਹੁਣ ਸਮਾਂ ਆ ਗਿਆ ਹੈ ਕਿ ਦੁਨੀਆ ਅਮਰੀਕੀ ਹਮਾਇਤ ਪ੍ਰਾਪਤ ਰੰਗਭੇਦੀ ਇਜ਼ਰਾਈਲ ਅਤੇ ਉਸ ਦੇ ਸਹਿਯੋਗੀਆਂ— ਖ਼ਾਸ ਕਰਕੇ ਅਮਰੀਕਾ, ਬਰਤਾਨੀਆ, ਆਸਟ੍ਰੇਲੀਆ, ਜੀ-7 ਅਤੇ ਯੂਰਪੀਅਨ ਯੂਨੀਅਨ 'ਤੇ ਸਖ਼ਤ ਪਾਬੰਦੀਆਂ ਲਗਾਵੇ। ਮੁਸਲਿਮ ਜਗਤ ਉੱਪਰ ਨਸਲਵਾਦੀ ਪੱਛਮ ਦੀ ਇਹ ਨਸਲਕੁਸ਼ੀ ਦੀ ਜਾਬਰ ਨੀਤੀ ਹੁਣ ਬੰਦ ਹੋਣੀ ਚਾਹੀਦੀ ਹੈ। ਅਮਰੀਕਾ ਇਸ ਅਨਿਆਂ ਨੂੰ ਸਿਰਫ਼ ਯੂ.ਐੱਨ. ਸੁਰੱਖਿਆ ਪਰਿਸ਼ਦ ਵਿਚ ਵੋਟ ਨਾ ਪਾ ਕੇ ਰੋਕ ਸਕਦਾ ਹੈ।

ਪਿਛਲੇ ਸੌ ਸਾਲਾਂ ਤੋਂ ਚੱਲ ਰਹੇ ਫ਼ਲਸਤੀਨੀ ਸੰਤਾਪ ਦਾ ਅੰਤ ਓਦੋਂ ਹੋਵੇਗਾ, ਜਦੋਂ ਦੁਨੀਆ ਪੂਰੀ ਦ੍ਰਿੜਤਾ ਨਾਲ ਇਹ ਕਹੇਗੀ ਕਿ ਫ਼ਲਸਤੀਨੀਆਂ ਨੂੰ ਵੀ ਉਹੀ ਮਨੁੱਖੀ ਹੱਕ ਮਿਲਣੇ ਚਾਹੀਦੇ ਹਨ ਜੋ ਪੱਛਮੀ ਜਗਤ ਦੇ ਅਤੇ ਹੋਰ ਨਾਗਰਿਕਾਂ ਨੂੰ ਮਿਲਦੇ ਹਨ ਅਤੇ ਇਸ ਲਈ ਜੇਕਰ ਸਖ਼ਤ ਪਾਬੰਦੀਆਂ ਲਾਉਣ ਦੀ ਲੋੜ ਪਵੇ ਤਾਂ ਉਹ ਵੀ ਲਗਾਈਆਂ ਜਾਣ।

1960 ਵਿਚ ਸ਼ਾਰਪਵਿਲ ਕਤਲੇਆਮ ਕੀਤੇ ਜਾਣ 'ਤੇ, ਜਿਸ ਵਿਚ 69 ਅਫ਼ਰੀਕੀ ਨਾਗਰਿਕ ਮਾਰੇ ਗਏ ਸਨ, ਦੁਨੀਆ ਨੇ ਰੰਗਭੇਦੀ ਦੱਖਣੀ ਅਫ਼ਰੀਕਾ 'ਤੇ ਪਾਬੰਦੀਆਂ ਲਗਾਈਆਂ, ਜੋ ਅੰਤ ਵਿਚ ਸਫ਼ਲ ਹੋਈਆਂ। ਹੁਣ ਉਹੀ ਪਾਬੰਦੀਆਂ ਨਸਲਕੁਸ਼ੀ ਕਰਨ ਵਾਲੇ ਰੰਗਭੇਦੀ ਇਜ਼ਰਾਈਲ 'ਤੇ ਵੀ ਲਗਾਉਣੀਆਂ ਚਾਹੀਦੀਆਂ ਹਨ।


ਗਾਜ਼ਾ ਵਿਚ 25 ਅਪ੍ਰੈਲ 2025 ਤੱਕ ਮਾਰੇ ਗਏ 6.8 ਲੱਖ ਲੋਕਾਂ ਦੀ ਗਿਣਤੀ ਸ਼ਾਰਪਵਿਲ ਵਿਚ ਮਾਰੇ ਗਏ ਅਫ਼ਰੀਕੀਆਂ ਦੀ ਤੁਲਨਾ ਵਿਚ 10,000 ਗੁਣਾ ਵੱਧ ਹੈ। ਧਿਆਨ ਨਾਲ ਸੁਣਨ ਲਈ ਤੁਹਾਡਾ ਧੰਨਵਾਦ।

### ਖਾੜਕੂ ਆਗੂ ਨਰਾਇਣ ਸਿੰਘ ਚੌੜਾ ਦੀ ਸਪੱਸ਼ਟ ਬਿਆਨੀ

# ਜੂਨ, 1984: ਖਾਲਿਸਤਾਨ ਲਈ ਮਿਥ ਕੇ ਲੜੀ ਗਈ ਜੰਗ ਸੀ ਨਾ ਕਿ ਏਜੰਸੀਆਂ ਦਾ ਖੇਲ੍ਹ!

ਸਿੱਖ, ਭਾਰਤੀ ਸਟੇਟ ਨੂੰ ਦਰਬਾਰ ਸਾਹਿਬ ਉੱਪਰ ਹਮਲੇ ਦੀ ਦੋਸ਼ੀ ਅਤੇ ਆਪਣੇ-ਆਪ ਨੂੰ ਪੀੜਤ ਧਿਰ ਕਹਿੰਦੇ ਆ ਰਹੇ ਹਨ। ਇਸ ਹਮਲੇ ਦੌਰਾਨ ਭਾਰਤੀ ਫੌਜ ਨਾਲ ਲੜਨ ਵਾਲੇ ਸੰਤ ਜਰਨੈਲ ਸਿੰਘ ਬਾਰੇ ਵੱਖ-ਵੱਖ ਬਿਰਤਾਂਤ ਘੜੇ ਗਏ। ਕਦੇ ਉਨ੍ਹਾਂ ਨੂੰ ਦਰਬਾਰ ਸਾਹਿਬ ਦੀ ਰਾਖੀ ਲਈ ਸ਼ਹੀਦ ਹੋਣ ਵਾਲਾ ਸੂਰਮਾ, ਕਦੇ ਸਵੈ-ਰੱਖਿਆ ਲਈ ਲੜਨ ਵਾਲਾ ਯੋਧਾ, ਕਦੇ ਚਮਕੌਰ ਦੀ ਜੰਗ ਦਾ ਇਤਹਾਸ ਦੁਹਰਾਉਣ ਵਾਲਾ ਸੂਰਬੀਰ ਅਤੇ ਕਦੇ ਅਠਾਹਰਵੀਂ ਸਦੀ ਦੇ ਸਿੰਘਾਂ ਦੀ ਰੀਤ ਅਨੁਸਾਰ ਵੀਹਵੀਂ ਸਦੀ ਵਿਚ ਦੁਸ਼ਮਣ ਨੂੰ ਲੋਹੇ ਦੇ ਚਣੇ ਚਬਾਉਣ ਵਾਲੀ ਰੂਹ ਆਖਿਆ ਗਿਆ। ਸਿੱਖ ਵਿਦਵਾਨਾਂ ਨੇ ਭਾਰਤੀ ਸਟੇਟ ਨੂੰ ਹਮਲਾਵਰ ਅਤੇ ਸੰਤ ਜਰਨੈਲ ਸਿੰਘ ਸਮੇਤ ਸਿੱਖਾਂ ਨੂੰ ਜ਼ੁਲਮ ਦਾ ਸੂਰਮਤਾਈ ਨਾਲ ਟਾਕਰਾ ਕਰਨ ਵਾਲੀ ਪੀੜਤ ਧਿਰ ਵਜੋਂ

ਹਜ਼ਾਰਾ ਸਿੰਘ
ਫੋਨ: 647-685-5997



ਸੰਤ ਜਰਨੈਲ ਸਿੰਘ ਭਿੰਡਰਾਂਵਾਲਾ | ਨਰਾਇਣ ਸਿੰਘ ਚੌੜਾ | ਡਾ. ਗੁਰਭਗਤ ਸਿੰਘ | ਹਰਿੰਦਰ ਸਿੰਘ ਮਹਿਬੂਬ

ਪੇਸ਼ ਕੀਤਾ। ਹਮਲੇ ਦੇ ਮੁੱਖ ਕਾਰਨ ਇੰਦਰਾ ਗਾਂਧੀ ਦੀ ਸਿੱਖਾਂ ਪ੍ਰਤੀ ਦੁਸ਼ਮਣੀ, ਘੱਟ-ਗਿਣਤੀਆਂ ਨੂੰ ਦਬਾ ਕੇ ਰੱਖਣ ਦੀ ਨੀਤੀ, ਘੱਟ-ਗਿਣਤੀ ਨੂੰ ਕੁੱਟ ਕੇ ਬਹੁਗਿਣਤੀ ਨੂੰ ਖੁਸ਼ ਕਰਨ ਦੀ ਚਾਲ ਆਦਿ ਦੱਸੇ ਗਏ। ਸਿੱਖ ਵਿਦਵਾਨਾਂ ਨੇ ਇਹ ਠੋਸ ਬਿਰਤਾਂਤ ਪੇਸ਼ ਕੀਤਾ ਕਿ ਦਰਬਾਰ ਸਾਹਿਬ 'ਤੇ ਹੋਇਆ ਹਮਲਾ ਅਚਾਨਕ ਨਹੀਂ ਸੀ। ਇਹ ਹਮਲਾ ਇੰਦਰਾ ਗਾਂਧੀ ਨੇ ਸੋਚ-ਸਮਝ ਕੇ, ਲੰਮੀ ਯੋਜਨਾ-ਬੰਦੀ ਨਾਲ ਮਿਥ ਕੇ ਪੂਰੇ ਯੋਜਨਾ-ਬੱਧ ਢੰਗ ਨਾਲ ਸਮੁੱਚੇ ਸਿੱਖ ਪੰਥ ਨੂੰ ਸਬਕ ਸਿਖਾਉਣ ਭਾਵ ਗੁਲਾਮੀ ਦਾ ਅਹਿਸਾਸ ਕਰਾਉਣ ਲਈ ਕੀਤਾ ਸੀ। ਇਸ ਹਮਲੇ ਨੂੰ ਗੁਰੂ ਨਾਨਕ ਵੱਲੋਂ ਜਨੇਊ ਨਾ ਪਾਉਣ ਦੇ ਇਤਿਹਾਸ ਤੱਕ ਖਿੱਚ ਕੇ ਪੰਜ ਸਦੀਆਂ ਦਾ ਵੈਰ ਕੱਢਣ ਵਾਲਾ ਹਮਲਾ ਕਹਿਣ ਲਈ ਅਫ਼ਜ਼ਲ ਅਹਿਸਨ ਰੰਧਾਵਾ ਦੀ ਕਵਿਤਾ ਦੀਆਂ ਸਤਰਾਂ, 'ਅੱਜ ਵੈਰੀਆਂ ਕੱਢ ਵਿਖਾਲਿਆ, ਪੰਜ ਸਦੀਆਂ ਦਾ ਵੈਰ', ਵਰਤੀਆਂ ਗਈਆਂ। ਇਸੇ ਸਿੱਕੇਬੰਦ ਥੀਸਜ਼ ਦਾ ਪ੍ਰਗਟਾਵਾ ਡਾ. ਗੁਰਭਗਤ ਸਿੰਘ ਅਤੇ ਪ੍ਰੋ. ਹਰਿੰਦਰ ਸਿੰਘ ਮਹਿਬੂਬ ਵਰਗੇ ਪ੍ਰਮੁੱਖ ਸਿੱਖ ਚਿੰਤਕਾਂ ਨੇ ਇਸ ਸੂਰਮਗਤੀ ਭਰੇ ਸਾਕੇ ਦੀ ਯਾਦ ਦੇ 'ਜ਼ਖਮਾਂ ਨੂੰ ਸੂਰਜ ਬਣਾਉਣ' ਵਰਗੇ ਸੱਦੇ ਦਿੰਦਿਆਂ ਆਪਣੇ ਲੇਖਾਂ ਅਤੇ ਪ੍ਰਵਚਨਾਂ ਵਿਚ ਬਾਰ-ਬਾਰ ਕੀਤਾ ਅਤੇ ਉਨ੍ਹਾਂ ਦਾ ਵਾਰਸ ਹੋਣ ਦਾ ਦਾਅਵਾ ਕਰਨ ਵਾਲੇ ਸਿੱਖ ਚਿੰਤਕ ਅਜਮੇਰ ਸਿੰਘ ਵਲੋਂ ਅਜ ਤਕ ਵੀ ਦੁਹਰਾਇਆ ਜਾ ਰਿਹਾ ਹੈ!

ਇਸ ਹਮਲੇ ਬਾਰੇ ਇੰਦਰਾ ਗਾਂਧੀ ਦੇ ਮਕਸਦ ਅਤੇ ਲੁਕਵੇਂ ਮਨਸੂਬਿਆਂ ਬਾਰੇ ਬੜਾ ਕੁੱਝ ਖੁੱਲ੍ਹ ਕੇ ਕਿਹਾ ਜਾਂਦਾ ਰਿਹਾ ਹੈ, ਪਰ ਹਮਲੇ ਦੇ ਟਾਕਰੇ ਲਈ ਸ੍ਰੀ ਅਕਾਲ ਤਖਤ ਸਾਹਿਬ ਨੂੰ ਹਥਿਆਰਬੰਦ ਕਿਲਾ ਬਣਾ ਕੇ ਸਰਕਾਰ ਨੂੰ ਵੰਗਾਰਨ ਦੀ ਨੀਤੀ ਕਿਉਂ ਅਪਣਾਈ ਗਈ। ਸੰਤ ਜਰਨੈਲ ਸਿੰਘ ਨੇ ਮਿਥ ਕੇ ਲੜਨ ਲਈ ਹਥਿਆਰ ਕਿਵੇਂ ਇਕੱਤਰ ਕੀਤੇ? ਦਰਬਾਰ ਸਾਹਿਬ ਅੰਦਰ ਮੋਰਚਾਬੰਦੀ ਕਰਨ ਦਾ ਕੀ ਮਕਸਦ ਸੀ? ਆਦਿ ਸਵਾਲਾਂ ਬਾਰੇ ਸਿੱਖ ਵਿਦਵਾਨ ਕਦੇ ਵੀ ਸਪੱਸ਼ਟ ਨਹੀਂ ਹੋਏ। ਸਪੱਸ਼ਟ ਗੱਲ ਕਰਨ ਦੀ ਥਾਂ ਬਹੁਤੇ ਵਿਦਵਾਨ ਸੰਤ ਜਰਨੈਲ ਸਿੰਘ ਵੱਲੋਂ ਫੌਜ ਨਾਲ ਲੜਨ, ਹਥਿਆਰ ਇਕੱਤਰ ਕਰਨ ਅਤੇ ਮੋਰਚਾਬੰਦੀ ਕਰਨ ਤੋਂ ਜਾਂ ਤਾਂ ਮੁਨਕਰ ਹੀ ਹੁੰਦੇ ਰਹੇ, ਜਾਂ ਇਸ ਨੂੰ ਏਜੰਸੀਆਂ ਵੱਲੋਂ ਵਧਾ-ਚੜ੍ਹਾ ਕੇ ਪੇਸ਼ ਕਰਨ ਵਾਲੀ ਗੱਲ ਕਹਿੰਦੇ ਰਹੇ। ਕਿਉਂਕਿ ਸਭ ਕੁੱਝ ਏਜੰਸੀਆਂ ਦੇ ਖਾਤੇ ਪਾ ਕੇ ਇੰਦਰਾ ਗਾਂਧੀ ਨੂੰ ਦੋਸ਼ੀ ਅਤੇ ਸਿੱਖ ਧਿਰ ਨੂੰ ਪੀੜਿਤ ਸਾਬਿਤ ਕਰਨਾ ਸੁਖਾਲਾ ਸੀ।

ਪਰ ਪਿਛਲੇ ਦਿਨੀਂ ਸਿੱਖ ਖਾੜਕੂ ਜਰਨੈਲ ਨਰਾਇਣ ਸਿੰਘ ਚੌੜਾ ਨੇ ਸ. ਜੀ.ਬੀ.ਐਸ. ਸਿੱਧੂ ਦੀ 'ਖਾਲਿਸਤਾਨ ਦੀ ਸਾਜ਼ਿਸ਼' ਨਾਂ ਦੀ ਕਿਤਾਬ ਦੇ ਪ੍ਰਵਚਨ ਨੂੰ ਸਿਰੇ ਤੋਂ ਨਕਾਰਨ ਲਈ 'ਖਾਲਿਸਤਾਨ ਵਿਰੁੱਧ ਸਾਜ਼ਿਸ਼' ਕਿਤਾਬ ਲਿਖ ਕੇ ਸਿੱਖ ਬੁੱਧੀਜੀਵੀਆਂ ਵੱਲੋਂ ਸਭ ਕੁੱਝ ਏਜੰਸੀਆਂ ਸਿਰ ਪਾਉਣ ਵਾਲੇ ਪਿਛਲੇ ਚਾਲੀ ਸਾਲਾਂ ਦੇ ਸਾਰੇ ਬਿਰਤਾਂਤ ਰੱਦ ਕਰ ਦਿੱਤੇ ਹਨ। ਸ. ਚੌੜਾ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜੇਕਰ ਇੰਦਰਾ ਗਾਂਧੀ ਲੰਮੇ ਸਮੇਂ ਤੋਂ ਹਮਲਾ ਕਰਨ ਦੀ ਤਿਆਰੀ ਕਰ ਰਹੀ ਸੀ ਤਾਂ ਸੰਤ ਜਰਨੈਲ ਸਿੰਘ ਵੀ ਲੰਮੇ ਸਮੇਂ ਤੋਂ ਖਾਲਸਾ ਰਾਜ (ਖਾਲਿਸਤਾਨ ਕਹਿ ਲਵੋ) ਦੀ ਮੁੜ ਬਹਾਲੀ ਲਈ ਹਥਿਆਰਬੰਦ ਜੰਗ ਲੜਨ ਵਾਸਤੇ ਤਿਆਰੀ ਕਰ ਰਹੇ ਸਨ। ਸੱਚ ਤਾਂ ਇਹ ਹੈ ਕਿ ਜਿਸ ਦਿਨ ਤੋਂ ਸਬੱਬ ਨਾਲ ਸੰਤਾਂ ਨੂੰ ਟਕਸਾਲ ਦੇ ਮੁਖੀ ਥਾਪ ਦਿਤਾ ਗਿਆ ਸੀ, ਉਸੇ ਪਲ ਤੋਂ ਹੀ ਉਨ੍ਹਾਂ ਦੇ ਮਨ ਅੰਦਰ ਟਕਸਾਲ ਦੇ 14ਵੇਂ ਮੁਖੀ ਵਜੋਂ ਬਾਬਾ ਦੀਪ ਸਿੰਘ ਵਾਲਾ ਸਾਕਾ ਦੁਹਰਾਉਣ ਦੀ ਲਲਕ ਸਮਾਈ ਹੋਈ ਸੀ। ਫਿਰ ਸਬੱਬ ਨਾਲ ਅਣਜਾਣੇ ਹੀ ਅਕਾਲੀਆਂ ਵਲੋਂ ਉਨ੍ਹਾਂ ਨੂੰ ਸੰਤ ਹਰਚੰਦ ਸਿੰਘ ਦੇ ਨਾਲ ਮਿਲ ਕੇ ਸ਼ਾਂਤਮਈ ਅਕਾਲੀ ਧਰਮ ਯੁੱਧ ਮੋਰਚੇ ਨੂੰ ਸੇਧ ਦੇਣ ਦਾ ਮੌਕਾ ਥਾਲੀ ਵਿਚ ਪਾ ਕੇ ਮੁਹੱਈਆ ਕਰਵਾ ਦਿੱਤਾ ਗਿਆ।

ਬਸ ਫਿਰ ਕੀ ਸੀ-ਇਸ ਤਿਆਰੀ ਵਜੋਂ ਸੰਤਾਂ ਨੇ ਜਲਦੀ ਹੀ ਆਪਣੇ ਪ੍ਰਵਚਨਾਂ ਵਿਚ ਨੌਜੁਆਨਾਂ ਨੂੰ ਪਿੰਡ-ਪਿੰਡ ਹਥਿਆਰਬੰਦ ਮੋਟਰਸਾਈਕਲੀ ਜਥੇ ਬਣਾਉਣ ਅਤੇ ਸਮੂਹ ਸਿੱਖਾਂ ਨੂੰ ਸ਼ਸ਼ਤਰਧਾਰੀ ਹੋਣ ਦੇ ਸੱਦੇ ਦੇਣੇ ਸ਼ੁਰੂ ਕਰ ਦਿੱਤੇ। ਦਰਬਾਰ ਸਾਹਿਬ ਅੰਦਰ ਹਥਿਆਰ ਇਕੱਠੇ ਕਰਨ ਦੇ ਸਵਾਲ ਨੂੰ ਸਪੱਸ਼ਟ ਕਰਦਿਆਂ ਸ. ਚੌੜਾ ਨੇ ਸਪੱਸ਼ਟ ਦੱਸਿਆ ਹੈ ਕਿ ਇਹ ਹਥਿਆਰ ਏਜੰਸੀਆਂ ਨੇ ਨਹੀਂ ਪੁਚਾਏ, ਸਗੋਂ ਸੰਤ ਜਰਨੈਲ ਸਿੰਘ ਦੇ ਸੇਵਕ ਅਤੇ ਸਿੰਘ ਖੁਦ ਲੈ ਕੇ ਆਏ ਸਨ। ਇਹ ਹਥਿਆਰ ਪੁਲੀਸ ਚੌਂਕੀਆਂ ਵਿਚੋਂ ਲੁੱਟੇ ਹੋਏ, ਸੁਰੱਖਿਆ ਕਰਮਚਾਰੀਆਂ ਕੋਲੋਂ ਖੋਹੇ ਹੋਏ, ਸਮੱਗਲਰਾਂ ਰਾਹੀਂ ਹਾਸਿਲ ਕੀਤੇ ਹੋਏ, ਪਾਕਿਸਤਾਨ ਤੋਂ ਪ੍ਰਾਪਤ ਕੀਤੇ ਹੋਏ ਅਤੇ ਜਨਰਲ ਸੁਬੇਗ ਸਿੰਘ ਵੱਲੋਂ ਬੰਗਲਾ ਦੇਸ਼ ਦੀ ਲੜਾਈ ਵੇਲੇ ਦੇ ਰੱਖੇ ਹੋਏ ਹਥਿਆਰ ਸਨ। ਗੱਲ ਸਪੱਸ਼ਟ ਹੋ ਗਈ ਕਿ ਸੰਤ ਦਰਬਾਰ ਸਾਹਿਬ ਅੰਦਰੋਂ ਜੰਗ ਲੜਨ ਲਈ ਹਥਿਆਰ ਜਮ੍ਹਾਂ ਕਰ ਰਹੇ ਸਨ ਅਤੇ ਦਰਬਾਰ ਸਾਹਿਬ ਦੇ ਬਾਹਰ ਲੜਨ ਲਈ ਸਿੱਖਾਂ ਨੂੰ ਤਿਆਰ ਹੋਣ ਦੀਆਂ ਤਾਕੀਦਾਂ ਵੀ ਹੋ ਰਹੀਆਂ ਸਨ। ਵੱਡੀ ਗੱਲ ਕਿ ਜੰਗ ਦੀ ਇਹ ਤਿਆਰੀ ਸਭ ਕੁੱਝ ਸੋਚ-ਸਮਝ ਕੇ ਜਾਨ ਕੁਰਬਾਨ ਕਰ ਦੇਣ ਦੇ ਮਕਸਦ ਨਾਲ ਹੀ ਹੋ ਰਹੀ ਸੀ। ਇਸ ਤੋਂ ਅੱਗੇ, ਸਿੱਖ ਧਿਰਾਂ ਹੁਣ ਤੱਕ ਇਹ ਕਹਿੰਦੀਆਂ ਰਹੀਆਂ ਹਨ ਕਿ ਸੰਤਾਂ ਨੇ ਤਾਂ ਖਾਲਿਸਤਾਨ ਦੀ ਮੰਗ ਕਦੇ ਕੀਤੀ ਹੀ ਨਹੀਂ ਸੀ। ਉਨ੍ਹਾਂ ਦਾ ਨਾਂ ਖਾਲਿਸਤਾਨ ਨਾਲ ਜੋੜਨਾ ਏਜੰਸੀਆਂ ਦੀ ਸ਼ਰਾਰਤ ਸੀ। ਚੌੜਾ ਜੀ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਸੰਤ ਖਾਲਿਸਤਾਨ ਦਾ ਸੰਵਿਧਾਨ ਵੀ ਜਾਰੀ ਕਰਨ ਵਾਲੇ ਸਨ ਅਤੇ ਐਲਾਨ ਵੀ। ਸੰਤਾਂ ਨੇ ਸਾਰੀ ਰਾਤ ਲਾ ਕੇ ਖਾਲਿਸਤਾਨ ਦਾ ਸੰਵਿਧਾਨ ਪੜ੍ਹਿਆ ਪਰ ਜਾਰੀ ਕਰਨ ਤੋਂ ਪਹਿਲਾਂ ਕੁੱਝ ਜਾਣਕਾਰੀ ਲੀਕ ਹੋ ਜਾਣ ਕਾਰਨ ਸੰਵਿਧਾਨ ਜਾਰੀ ਨਾ ਹੋ ਸਕਿਆ। ਖਾਲਿਸਤਾਨ ਦਾ ਐਲਾਨ ਕਰਨ ਲਈ ਸੰਤ ਕੋਲ ਟਰਾਂਸਮੀਟਰ ਸੀ, ਜੋ ਮੌਕੇ 'ਤੇ ਜਾ ਕੇ ਧੋਖਾ ਦੇ ਗਿਆ। ਟਰਾਂਸਮੀਟਰ ਠੀਕ ਕਰਵਾਇਆ ਤਾਂ ਕੋਡ ਗੁੰਮ ਹੋ ਗਿਆ। ਕਹਿਣ ਦਾ ਭਾਵ ਕਿ ਤਕਨੀਕੀ ਕਾਰਨ ਕਰਕੇ ਖਾਲਿਸਤਾਨ ਦਾ ਐਲਾਨ ਹੁੰਦੇ-ਹੁੰਦੇ ਰਹਿ ਗਿਆ। ਇਸ ਤੋਂ ਅੱਗੇ ਸਿੱਖ ਹਲਕਿਆਂ ਵਿਚ ਕਹਾਣੀ ਵੀ ਪ੍ਰਚਲਿਤ ਹੈ ਕਿ ਹਮਲੇ ਦੌਰਾਨ ਦੋ ਅਣਜਾਣੇ ਸਿੱਖ (ਏਜੰਸੀਆਂ ਦੇ ਬੰਦੇ) ਲੌਂਗੋਵਾਲ ਨੂੰ ਖਾਲਿਸਤਾਨ ਦਾ ਐਲਾਨ ਕਰਨ ਲਈ ਕਹਿਣ ਆਏ ਪਰ ਮੁੜ ਕਿਤੇ ਨਜ਼ਰ ਨਹੀਂ ਆਏ। ਚੌੜਾ ਜੀ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਉਹ ਬੰਦੇ ਬੱਬਰ ਖਾਲਸਾ ਦੇ ਸਨ ਨਾ ਕਿ ਏਜੰਸੀਆਂ ਦੇ। ਚੌੜਾ ਜੀ ਦਾ ਕਹਿਣਾ ਹੈ ਕਿ ਸੰਤ ਲੌਂਗੋਵਾਲ ਨੇ ਖਾਲਿਸਤਾਨ ਦਾ ਐਲਾਨ ਰਿਕਾਰਡ ਕਰਨ ਲਈ ਹਾਮੀ ਭਰ ਦਿੱਤੀ ਸੀ ਪਰ ਸਿੰਘਾਂ ਕੋਲ ਟੇਪ ਰਿਕਾਰਡਰ ਨਹੀਂ ਸੀ। ਟੇਪ ਰਿਕਾਰਡਰ ਲੈਣ ਗਏ ਤਾਂ ਗੋਲਾਬਾਰੀ ਵਧ ਜਾਣ ਕਾਰਨ ਮੁੜ ਕੇ ਨਾ ਆ ਸਕੇ। ਕਹਿਣ ਦਾ ਭਾਵ ਕਿ ਜੇ ਉਸ ਵਕਤ ਉਨ੍ਹਾਂ ਕੋਲ ਟੇਪ ਰਿਕਾਰਡਰ ਹੁੰਦਾ ਤਾਂ ਖਾਲਿਸਤਾਨ ਦਾ ਐਲਾਨ ਲੌਂਗੋਵਾਲ ਨੇ ਵੀ ਰਿਕਾਰਡ ਕਰਵਾ ਦੇਣਾ ਸੀ। ਚੌੜਾ ਜੀ ਨੇ ਇਹ ਵੀ ਕਿਹਾ ਸੰਤ ਜਰਨੈਲ ਸਿੰਘ ਨੇ ਅਕਾਲ ਤਖਤ ਦੇ ਜਥੇਦਾਰ ਕਿਰਪਾਲ ਸਿੰਘ ਕੋਲ ਵੀ ਬੰਦੇ ਭੇਜੇ ਸਨ ਕਿ ਉਹ ਖਾਲਿਸਤਾਨ ਦਾ ਐਲਾਨ ਕਰ ਦੇਣ ਪਰ ਜਥੇਦਾਰ ਨੇ ਐਸਾ ਨਾ ਕੀਤਾ।

ਚੌੜਾ ਜੀ ਦੀ ਸਪੱਸ਼ਟ ਬਿਆਨੀ ਨੇ ਇਤਿਹਾਸ ਦੇ ਇਸ ਅਹਿਮ ਕਾਂਡ ਤੋਂ ਪਰਦਾ ਚੁੱਕ ਕੇ ਗੱਲ ਸਪੱਸ਼ਟ ਕਰ ਦਿੱਤੀ ਹੈ ਕਿ ਜੂਨ 1984 ਵਿਚ ਦਰਬਾਰ ਸਾਹਿਬ ਅੰਦਰੋਂ ਸੰਤ ਜਰਨੈਲ ਸਿੰਘ ਨੇ ਭਾਰਤੀ ਫੌਜ ਨਾਲ ਜੋ ਟੱਕਰ ਲਈ, ਉਹ ਖਾਲਸਾ ਰਾਜ ਦੀ ਮੁੜ ਬਹਾਲੀ ਲਈ ਮਿਥ ਕੇ ਲੜੀ ਗਈ ਜੰਗ ਸੀ। ਜਿਸ ਵਾਸਤੇ ਉਨ੍ਹਾਂ ਨੇ ਨਿਠ ਕੇ ਤਿਆਰੀ ਕੀਤੀ, ਹਥਿਆਰ ਇਕੱਤਰ ਕੀਤੇ, ਆਪਣੇ-ਆਪ ਨੂੰ ਜੂਝ ਮਰਨ ਲਈ ਤਿਆਰ ਕੀਤਾ ਅਤੇ ਦਰਬਾਰ ਸਾਹਿਬ ਤੋਂ ਬਾਹਰ ਰਹਿ ਰਹੇ ਸਿੱਖਾਂ ਨੂੰ ਦਰਬਾਰ ਸਾਹਿਬ 'ਤੇ ਹਮਲੇ ਦੀ ਖਬਰ ਸੁਣਦਿਆਂ ਹੀ ਹਥਿਆਰਬੰਦ ਬਗਾਵਤ ਕਰਕੇ ਆਜ਼ਾਦ ਖਾਲਸਾ ਰਾਜ ਦੀ ਕਾਇਮੀ ਲਈ ਪ੍ਰੇਰਿਤ ਕਰਨ ਦਾ ਲੰਮਾ ਸਿਲਸਿਲਾ ਆਰੰਭਿਆ।

ਇੱਥੇ ਹੀ ਬੱਸ ਨਹੀਂ, ਅਕਤੂਬਰ 1983 ਵਿਚ ਵਾਪਰੇ ਢਿੱਲਵਾਂ ਬੱਸ ਕਾਂਡ, ਜਿਸ ਵਿਚ ਛੇ ਹਿੰਦੂ ਮੁਸਾਫਿਰ ਬੱਸ ਵਿਚੋਂ ਕੱਢ ਕੇ ਮਾਰ ਦਿੱਤੇ ਗਏ ਸਨ, ਜਿਸ ਕਾਰਨ ਸਮੁੱਚਾ ਦੇਸ਼ ਹਿੱਲ ਗਿਆ ਸੀ ਅਤੇ ਦਰਬਾਰਾ ਸਿੰਘ ਦੀ ਸਰਕਾਰ ਮੁਲਤਵੀ ਕਰਕੇ ਗਵਰਨਰੀ ਰਾਜ ਲਾਗੂ ਕਰ ਦਿੱਤਾ ਗਿਆ ਸੀ। ਇਸ ਕਾਂਡ ਤੋਂ ਕੇਵਲ ਇਕ ਦਿਨ ਪਹਿਲਾਂ ਜੰਮੂ-ਕਸ਼ਮੀਰ ਦੇ ਉਸ ਸਮੇਂ ਦੇ ਮੁਖ ਮੰਤਰੀ ਡਾ. ਫਾਰੂਖ ਅਬਦੁਲਾ ਵਲੋਂ ਸ੍ਰੀ ਨਗਰ ਵਿਚ ਬੁਲਾਏ ਸਿਖਰ ਸੰਮੇਲਨ ਦੌਰਾਨ ਦੇਸ਼ ਦੀਆਂ ਸਭ ਵਿਰੋਧੀ ਧਿਰਾਂ ਦੇ ਨੇਤਾ ਸ਼ਾਂਤਮਈ ਅਕਾਲੀਆਂ ਦੀਆਂ ਜਾਇਜ਼ ਮੰਗਾਂ ਨਾ ਮੰਨਣ ਲਈ ਇੰਦਰਾ ਗਾਂਧੀ ਨੂੰ ਦੋਸ਼ੀ ਠਹਿਰਾ ਰਹੇ ਸਨ, ਪਰ ਇਸ ਕਾਂਡ ਦੇ ਵਾਪਰ ਜਾਣ 'ਤੇ ਅਗਲੇ ਦਿਨ ਤੋਂ ਹੀ ਸਥਿਤੀ ਉਲਟ ਗਈ ਅਤੇ ਉਨ੍ਹਾਂ ਸਾਰਿਆਂ ਨੇ ਪੂਰੀ ਫੌਜੀ ਤਾਕਤ ਵਰਤ ਕੇ ਸੰਤ ਭਿੰਡਰਾਂਵਾਲਿਆਂ ਨੂੰ ਤੁਰੰਤ ਉਥੋਂ ਕੱਢਣ ਦੀ ਮੁਹਾਰਨੀ ਪੜ੍ਹਨੀ ਸ਼ੁਰੂ ਕਰ ਦਿਤੀ। ਸੰਤ ਲੌਂਗੋਵਾਲ ਨੇ ਇਸ ਕਤਲ ਕਾਂਡ ਦੀ ਦੱਬਵੀਂ ਸੁਰ ਵਿਚ ਨਿਖੇਧੀ ਜਰੂਰ ਕੀਤੀ ਸੀ ਪਰ ਸੰਤ ਜਰਨੈਲ ਸਿੰਘ ਦੋਵੇਂ ਗੱਲਾਂ ਕਰੀ ਗਏ ਸਨ। ਸਿੱਖ ਹਲਕਿਆਂ ਵਿਚ ਹੁਣ ਤੱਕ ਜਿਸ ਨੂੰ ਏਜੰਸੀਆਂ ਦਾ ਕਾਰਾ ਪ੍ਰਚਾਰਿਆ ਅਤੇ ਮੰਨਿਆ ਜਾਂਦਾ ਰਿਹਾ ਹੈ, ਸ. ਚੌੜਾ ਨੇ ਇਹ ਵੀ ਸਾਫ ਕਰ ਦਿੱਤਾ ਹੈ ਕਿ ਇਸ ਕਾਂਡ ਨੂੰ ਏਜੰਸੀਆਂ ਸਿਰ ਮੜ੍ਹਨ ਵਾਲੀ ਧਾਰਨਾ ਗਲਤ ਹੈ, ਇਹ ਕਾਰਨਾਮਾ ਵੀ ਸਿੱਖ ਜੁਝਾਰੂਆਂ ਦਾ ਹੀ ਸੀ।

ਸ. ਚੌੜਾ ਦੇ ਕਥਨਾਂ ਅਨੁਸਾਰ ਜਿਨ੍ਹਾਂ ਗੱਲਾਂ ਨੂੰ 40 ਸਾਲਾਂ ਤੋਂ ਏਜੰਸੀਆਂ ਸਿਰ ਮੜ੍ਹਿਆ ਜਾਂਦਾ ਰਿਹਾ ਹੈ, ਉਹ ਠੀਕ ਨਹੀਂ ਹੈ। ਇਸ ਨਾਲ ਸਿੱਖ ਜਗਤ ਦੇ ਸਮੂਹ ਬੁੱਧੀਜੀਵੀਆਂ ਦੇ ਪਿਛਲੇ 40 ਸਾਲ ਤੋਂ ਸੰਤ ਜਰਨੈਲ ਸਿੰਘ ਦੇ ਬਿਰਤਾਂਤ ਸੰਬੰਧੀ ਸਿਰਜੇ ਤਰਕ ਅਤੇ ਸੰਦਰਭ ਰੱਦ ਹੋ ਗਏ ਹਨ ਅਤੇ ਉਨ੍ਹਾਂ ਸਾਹਮਣੇ ਸਮੁੱਚੇ ਬਿਰਤਾਂਤ ਨੂੰ ਮੁੜ ਲਿਖਣ ਦਾ ਪਹਾੜ ਜੇਡਾ ਕਾਰਿਜ ਖੜਾ ਹੋ ਗਿਆ ਹੈ। ਚੌੜਾ ਜੀ ਦੀ ਲਿਖਤ ਅਤੇ ਕਥਨ ਨੇ ਦਰਬਾਰ ਸਾਹਿਬ ਉੱਪਰ ਹੋਏ ਹਮਲੇ ਦੇ ਸੰਦਰਭ ਬਾਰੇ ਜੋ ਭੁਚਾਲ ਲਿਆਂਦਾ ਹੈ, ਸਿੱਖ ਜਗਤ ਉਸਨੂੰ ਮਹਿਸੂਸ ਕਰਨ ਤੋਂ ਅਸਮਰੱਥ ਜਾਪਦਾ ਹੈ ਅਤੇ ਸਮਝਣ ਵਾਲਿਆਂ ਦੀ ਗਿਣਤੀ ਤਾਂ ਜਵਾਂ ਨਿਗੂਣੀ ਹੋਵੇਗੀ।

ਸੰਤ ਜਰਨੈਲ ਸਿੰਘ ਦੇ ਬਿਰਤਾਂਤ ਬਾਰੇ ਅਤੇ ਉਸ ਵੱਲੋਂ ਮਿਥ ਕੇ ਭਾਰਤੀ ਫੌਜ ਨਾਲ ਲੜਨ ਬਾਰੇ ਮੇਰੀ ਸਮਝ ਇਹ ਹੈ:

1947 ਵਿਚ ਸਿੱਖਾਂ ਦਾ ਭਾਰਤ ਨਾਲ ਬਣਿਆ ਰਾਜਨੀਤਕ ਰਿਸ਼ਤਾ ਸਿੱਖਾਂ ਦੀਆਂ ਕਈ ਧਿਰਾਂ ਨੂੰ ਪਸੰਦ ਨਹੀਂ ਸੀ। ਕਈ ਇਸ ਵਿਚ ਕੁੱਝ ਤਬਦੀਲੀਆਂ ਚਾਹੁੰਦੇ ਸਨ ਅਤੇ ਸਿੱਖਾਂ ਵਿਚਲੀ ਇੱਕ ਧਾਰਾ ਇਸਨੂੰ ਬਿਲਕੁਲ ਹੀ ਰੱਦ ਕਰਕੇ ਤੋੜ ਦੇਣ ਦਾ ਵਿਚਾਰ ਰੱਖਦੀ ਸੀ। ਸ. ਗਜਿੰਦਰ ਸਿੰਘ ਦੀ ਕਵਿਤਾ ਦੇ ਬੋਲ, 'ਜੰਗ ਹਿੰਦ ਪੰਜਾਬ ਦਾ ਮੁੜ ਹੋਸੀ, ਹੋਇਆ ਕੀ ਜੇ ਸਾਥੋਂ ਖੁੱਸੀਆਂ ਸਰਦਾਰੀਆਂ ਨੇ। ਓਨਾ ਚਿਰ ਜੰਗ ਹੈ ਜਾਰੀ ਰਹਿਣੀ, ਜਦ ਤੱਕ ਜਿੱਤਦੀਆਂ ਨਹੀਂ ਜੋ ਹਾਰੀਆਂ ਨੇ', ਇਸੇ ਧਾਰਾ ਦੀ ਹੀ ਤਰਜ਼ਮਾਨੀ ਸੀ। ਇਸੇ ਪ੍ਰਥਾਏ ਡਾ. ਗੁਰਭਗਤ ਸਿੰਘ 'ਓਪਰੇਸ਼ਨ ਬਲੂ ਸਟਾਰ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ' ਸਿਰਲੇਖ ਹੇਠ ਆਪਣੇ ਲੇਖ ਵਿਚ ਦੱਸਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਪਿਛੋਂ ਖਾਲਸਾ ਰਾਜ ਦੀ ਬਰਬਾਦੀ ਨਾਲ ਸਿੱਖਾਂ ਨੇ ਸੁਤੰਤਰ ਪੰਜਾਬੀ ਰਾਜ ਸਥਾਪਤ ਕਰਨ ਲਈ ਜੋ ਭੂਮਿਕਾ ਨਿਭਾਈ ਸੀ, ਉਹ ਛੇਤੀ ਸਮਾਪਤ ਹੋ ਜਾਣ ਕਾਰਨ ਉਨ੍ਹਾਂ ਅੰਦਰ ਸਦਾ ਰਹਿਣ ਵਾਲੀ ਅਸੰਤੁਸ਼ਟਾ ਘਰ ਕਰ ਗਈ ਸੀ।


ਜ਼ਾਹਿਰ ਹੈ ਕਿ 10 ਫਰਵਰੀ, 1846 ਨੂੰ ਸਭਰਾਵਾਂ ਵਿਖੇ ਹੋਈ ਹਾਰ ਸਿੱਖਾਂ ਦੀ ਇਸ ਧਾਰਾ ਦੇ ਸੀਨੇ ਸੂਲ ਵਾਂਗ ਚੁਭੀ ਹੋਈ ਸੀ। ਉਸ ਹਾਰ ਦੀ ਚਸਕ ਅਤੇ ਖੁੱਸੇ ਸਿੱਖ ਰਾਜ ਦੀ ਮੁੜ ਬਹਾਲੀ ਦਾ ਜਨੂੰਨ ਉਨ੍ਹਾਂ ਨੂੰ ਨਫਾ-ਨੁਕਸਾਨ ਸੋਚੇ ਬਗੈਰ ਹਥਿਆਰਬੰਦ ਲੜਾਈ ਛੇੜਨ ਲਈ ਧੂਹ ਪਾ ਰਿਹਾ ਸੀ ਅਤੇ ਉਹ ਸ਼ਮਾਂ ਤੇ ਪ੍ਰਵਾਨਿਆਂ ਵਾਂਗ ਕੁਰਬਾਨ ਹੋਣ ਲਈ ਬੇਸਬਰੀ ਨਾਲ ਮੌਕਾ ਤਲਾਸ਼ ਰਹੇ ਸਨ। ਸਿੱਖਾਂ ਵਿਚਲੀ ਇਹ ਧਾਰਾ ਗਦਰੀ ਬਾਬਿਆਂ ਦੀ ਸੋਚ, 'ਕਦੇ ਮੰਗਿਆਂ ਮਿਲਣ ਆਜ਼ਾਦੀਆਂ ਨਾ, ਹੁੰਦੇ ਤਰਲਿਆਂ ਨਾਲ ਨਾ ਰਾਜ ਲੋਕੋ। ਗੱਲਾਂ ਨਾਲ ਗੁਲਾਮੀ ਨਾ ਦੂਰ ਹੋਵੇ, ਸਾਂਤਮਈ ਨਾ ਕੋਈ ਇਲਾਜ ਲੋਕੋ', ਵਾਂਗ ਲੜ ਕੇ ਹੀ ਆਜ਼ਾਦੀ ਹਾਸਿਲ ਕਰਨ ਵਾਲੇ ਵਿਚਾਰ ਤੋਂ ਕਾਇਲ ਸਨ। ਐਸੇ ਵਿਚਾਰਾਂ ਵਾਲਿਆਂ 1980 ਤੋਂ 1984 ਦਰਮਿਆਨ ਖਾਲਿਸਤਾਨ ਬਣਾਉਣ ਲਈ ਇੱਕ ਬੜੀ ਸਰਲ ਯੁੱਧਨੀਤੀ ਘੜੀ। ਅਕਾਲੀ ਮੋਰਚੇ ਦੌਰਾਨ 1984 ਤੱਕ ਹਾਲਾਤ ਬਹੁਤ ਤਲਖੀ ਵਾਲੇ ਬਣ ਚੁੱਕੇ ਸਨ। ਸ੍ਰੀਮਤੀ ਇੰਦਰਾ ਗਾਂਧੀ ਵੀ ਇਸ ਮਸਲੇ ਨੂੰ ਹੱਲ ਕਰਨ ਦੀ ਬਜਾਇ ਇਸਦਾ ਰਾਜਸੀ ਲਾਹਾ ਲੈਣ ਦੀ ਨੀਯਤ ਨਾਲ ਹਾਲਾਤ ਵਿਗੜਨ ਦੇਈ ਜਾ ਰਹੀ ਸੀ। ਉਹ ਸਮੱਸਿਆ ਦੇ ਵਧ ਜਾਣ ਕਾਰਨ ਭੈਅ-ਭੀਤ ਹੋਈ ਹਿੰਦੂ ਵੋਟ ਨੂੰ ਆਪਣੇ ਹੱਕ ਵਿਚ ਕਰਨ ਲਈ ਵੱਡੇ ਮਾਅਰਕੇ ਵਾਲੀ ਕਾਰਵਾਈ ਕਰਨ ਦੀ ਤਾਕ ਵਿਚ ਸੀ। ਦੂਸਰੇ ਪਾਸੇ ਖਾਲਿਸਤਾਨ ਦੇ ਇੱਛੁਕ ਲੋਕ ਮਹਿਸੂਸ ਕਰ ਰਹੇ ਸਨ ਕਿ ਗੱਲ ਸਿੱਖਾਂ ਦਾ ਦੇਸ਼ ਬਣਨ ਵਾਲੇ ਰਾਹ ਪੈ ਰਹੀ ਹੈ। ਉਹ ਖੁਸ਼ ਜ਼ਰੂਰ ਸਨ ਪਰ ਉਨ੍ਹਾਂ ਦੀ ਰਾਜਨੀਤਕ ਤਿਆਰੀ ਬਿਲਕੁਲ ਨਹੀਂ ਸੀ। ਲੋਕਾਂ ਨੂੰ ਤਿਆਰ ਕਰਨਾ ਤਾਂ ਦੂਰ ਦੀ ਗੱਲ ਉਹ ਖੁੱਲ੍ਹ ਕੇ ਖਾਲਿਸਤਾਨ ਦੀ ਗੱਲ ਵੀ ਨਹੀਂ ਸੀ ਕਰਦੇ। ਇੱਕ ਰਣਨੀਤੀ ਤਹਿਤ ਉਹ ਇਹ ਆਖਦੇ ਸਨ ਕਿ ਜੇ ਇੰਦਰਾ ਦੇਊ ਤਾਂ ਲੈ ਜ਼ਰੂਰ ਲਵਾਂਗੇ, ਮੰਗਦੇ ਅਜੇ ਨਹੀਂ। ਅਸਲ ਵਿਚ ਇਹ ਖਾਲਿਸਤਾਨ ਬਣਾਉਣ ਲਈ ਘੜੀ ਗਈ ਜਟਕੇ ਫੰਧ ਵਾਲੀ ਨੀਤੀ ਦੀ ਉੱਪਰਲੀ ਪਰਤ ਸੀ। ਇਸ ਜਟਕੇ ਫੰਧ ਦੀ ਨੀਤੀ ਦਾ ਸੂਤਰਧਾਰ ਸਨ ਸੰਤ ਜਰਨੈਲ ਸਿੰਘ। ਸੰਤ ਅਤੇ ਉਸਦੇ ਸਾਥੀ ਕਿਸੇ ਲਾਲਸਾ ਬਗੈਰ ਸਿੱਖ ਰਾਜ ਦੀ ਮੁੜ ਬਹਾਲੀ ਵਾਲਾ ਕ੍ਰਿਸ਼ਮਾ ਕਰ ਵਿਖਾਉਣ ਲਈ ਕੁਰਬਾਨੀ ਵਾਸਤੇ ਤਿਆਰ-ਬਰ-ਤਿਆਰ ਸਨ। ਲੋਕਾਂ ਨੂੰ ਤਿਆਰ ਕਰਨ ਵਾਸਤੇ ਰਾਜਨੀਤਕ ਪ੍ਰੋਗਰਾਮ ਦੀ ਥਾਂ ਉਨ੍ਹਾਂ ਸਿੱਖਾਂ ਦੀ ਦਰਬਾਰ ਸਾਹਿਬ ਨਾਲ ਧਾਰਮਿਕ ਜਜ਼ਬਾਤੀ ਸਾਂਝ ਨੂੰ ਵਰਤਣ ਦਾ ਪੈਂਤੜਾ ਅਪਣਾਇਆ। ਲੋਕਾਂ ਦਾ ਭਰੋਸਾ ਜਿੱਤਣ ਲਈ ਪੁਰਾਤਨ ਸਿੰਘਾਂ ਵਾਂਗ ਜੂਝ ਮਰਨ ਦਾ ਪ੍ਰਣ ਕੀਤਾ ਗਿਆ। ਇੱਕ ਰਾਜ ਵਿਚੋਂ ਵੱਖਰਾ ਰਾਜ ਪੈਦਾ ਕਰਨ ਲਈ ਲੋਕਾਂ ਦਾ ਉੱਠਣਾ ਵੀ ਜ਼ਰੂਰੀ ਹੁੰਦਾ ਹੈ। ਲੋਕਾਂ ਨੂੰ ਉਠਾਉਣ ਲਈ ਪ੍ਰੇਰਣਾ ਸ੍ਰੋਤ ਵਜੋਂ ਕਿਸੇ ਰਾਜਨੀਤਕ ਪ੍ਰੋਗਰਾਮ ਦੀ ਥਾਂ ਧਾਰਮਿਕ ਜਜ਼ਬਾਤਾਂ ਨੂੰ ਉਬਾਲਾ ਦੇਣ ਤੇ ਟੇਕ ਰੱਖੀ ਗਈ। ਇਸ ਜਟਕਾ ਨੀਤੀ ਰਾਹੀ ਖਾਲਿਸਤਾਨ ਸਿਰਜਣ ਦੇ ਦੋ ਮੁੱਖ ਹਿੱਸੇ ਸਨ। ਪਹਿਲਾ ਦਰਬਾਰ ਸਾਹਿਬ ਤੇ ਹਮਲਾਵਰ ਫੌਜ ਨੂੰ ਕੁੱਝ ਸਮੇਂ ਲਈ ਰੋਕਣਾ, ਜਿਸ ਵਾਸਤੇ ਹਥਿਆਰ ਜਮ੍ਹਾਂ ਕੀਤੇ ਗਏ ਅਤੇ ਮੋਰਚਾਬੰਦੀ ਕੀਤੀ ਗਈ। ਦੂਸਰਾ ਦਰਬਾਰ ਸਾਹਿਬ 'ਤੇ ਹਮਲੇ ਦੀ ਖਬਰ ਸੁਣਦਿਆਂ ਹੀ ਰੋਸ ਨਾਲ ਭਰੇ ਪਿੰਡਾਂ ਦੇ ਲੋਕ ਉੱਠ ਖਲੋਣ ਅਤੇ ਸਾਰੇ ਪਾਸੇ ਆਰਾਜਕਤਾ ਫੈਲਾ ਦੇਣ। ਖਾਲਿਸਤਾਨੀ ਸਿਧਾਂਤਕਾਰਾਂ ਦੀ ਸੋਚ ਸੀ ਕਿ ਇਸ ਅਫਰਾ-ਤਫਰੀ ਕਾਰਨ ਹਾਲਾਤ ਸਟੇਟ ਦੇ ਕਾਬੂ ਤੋਂ ਬਾਹਰ ਹੋ ਜਾਣਗੇ ਅਤੇ ਇੱਕ ਨਵੇਂ ਦੇਸ਼ ਖਾਲਿਸਤਾਨ ਦਾ ਜਨਮ ਹੋ ਜਾਏਗਾ। ਲੋਕਾਂ ਨੂੰ ਇਸ ਬਗਾਵਤ ਲਈ ਤਿਆਰ ਕਰਨ ਦੇ ਮਨੋਰਥ ਨਾਲ ਸੰਤ ਜਰਨੈਲ ਸਿੰਘ ਮੰਜੀ ਸਾਹਿਬ ਤੋਂ ਸਿੱਖਾਂ ਨੂੰ ਹਥਿਆਰਬੰਦ ਹੋਣ ਦੀਆਂ ਅਪੀਲਾਂ ਕਰਿਆ ਕਰਦੇ ਸਨ। ਸਿੱਖਾਂ ਨੂੰ ਇਹ ਵੀ ਕਿਹਾ ਜਾਂਦਾ ਸੀ ਕਿ ਰੱਖਣੀ ਆਪਾਂ ਸ਼ਾਂਤੀ ਆ ਪਰ ਜਿਸ ਦਿਨ ਦਰਬਾਰ ਸਾਹਿਬ ਤੇ ਹਮਲਾ ਹੋ ਜਾਵੇ ਫਿਰ ਢਿੱਲ ਨਹੀਂ ਕਰਨੀ, ਉਸ ਦਿਨ ਤੁਹਾਡੇ ਵੱਲੋਂ ਗੁਰੂ ਦੇ ਨਿੰਦਕ ਅਤੇ ਜੋ ਵੀ ਕੌਮ ਦੇ ਉਲਟ ਹੋਵੇ ਸਭ ਸੋਧ ਦਿੱਤੇ ਜਾਣੇ ਚਾਹੀਦੇ ਆ। ਜਦ ਪਤਾ ਲੱਗ ਜਾਏ ਕਿ ਸਰਕਾਰ ਨੇ ਚਾਰਦੀਵਾਰੀ ਅੰਦਰ ਆ ਕੇ ਹਮਲਾ ਕੀਤਾ, ਸਿੰਘ ਮਾਰੇ ਆ, ਫਿਰ ਕੋਈ ਹੁਕਮ ਨਾ ਉਡੀਕਦੇ ਰਿਹੋ। ਹੁਕਮ ਅੱਜ ਈ ਲੈ ਜੋ ਪੱਲੇ ਬੰਨ੍ਹ ਕੇ। ਦਰਬਾਰ ਸਾਹਿਬ ਨਾਲ ਜੁੜੇ ਸਿੱਖਾਂ ਦੇ ਗੂੜ੍ਹੇ ਧਾਰਮਿਕ ਜਜ਼ਬਾਤਾਂ ਅਤੇ ਦਰਬਾਰ ਸਾਹਿਬ ਦੀ ਰੱਖਿਆ ਲਈ ਸਿੱਖਾਂ ਦੀਆਂ ਕੁਰਬਾਨੀਆਂ ਦੀ ਇਤਹਾਸਕ ਪ੍ਰਸੰਗਤਾ ਕਾਰਨ ਸੰਤ ਦੀਆਂ ਇਹ ਗੱਲਾਂ ਆਮ ਸਿੱਖਾਂ ਨੂੰ ਧੁਰ ਅੰਦਰ ਤੱਕ ਟੁੰਬ ਜਾਂਦੀਆਂ ਸਨ। ਆਪਣੇ ਵੱਲੋਂ ਜਾਨ ਵਾਰਨ ਅਤੇ ਹੋਣ ਵਾਲੇ ਯੁੱਧ ਬਾਰੇ ਉਹ ਖੁੱਲ-ਮ-ਖੁੱਲ੍ਹਾ ਕਿਹਾ ਕਰਦਾ ਸੀ ਕਿ ਇਸ ਗੱਲੋਂ ਨਿਸ਼ਚਿੰਤ ਰਿਹੋ ਕਿ ਕੋਈ ਆਏਗਾ ਤੇ ਮੈਨੂੰ ਫੜ ਕੇ ਲੈ ਜਾਊਗਾ। ਜਿਹੜਾ ਆਇਆ ਤੁਰ ਕੇ ਉਹ ਕੇ ਵੀ ਨਹੀਂ ਜਾਂਦਾ, ਫੱਟੇ 'ਤੇ ਪਾ ਕੇ ਲਿਜਾਣਗੇ। ਦਰਬਾਰ ਸਾਹਿਬ ਦੀ ਰੱਖਿਆ ਖਾਤਿਰ ਕੁਰਬਾਨ ਹੋ ਜਾਣ ਨੂੰ ਆਪਣੀ ਰਣਨੀਤੀ ਦੇ ਕੇਂਦਰ ਵਿਚ ਰੱਖ ਕੇ ਉਹ ਆਪਣੀ ਕੁਰਬਾਨੀ ਦੀ ਵਚਨਬੱਧਤਾ, 'ਸ਼ਾਹ ਮੁਹੰਮਦਾ ਸਿਰਾਂ ਦੀ ਲਾਇ ਬਾਜ਼ੀ, ਨਹੀਂ ਮੋੜਦੇ ਸੂਰਮੇ ਅੰਗ ਮੀਆਂ', ਅਨੁਸਾਰ ਅਕਸਰ ਹੀ ਦੁਹਰਾਉਂਦੇ ਰਹਿੰਦੇ ਸੀ। ਇਸੇ ਮੁੱਦੇ 'ਤੇ ਹੀ ਉਹ ਬਾਕੀ ਸਿੱਖਾਂ ਨੂੰ ਹਥਿਆਰਬੰਦ ਹੋਣ ਅਤੇ

(ਬਾਕੀ ਅਗਲੇ ਸਫੇ 'ਤੇ)

# ਗੁਰੂ ਪਰਿਵਾਰਾਂ ਦੀਆਂ ਬੀਬੀਆਂ –4

**ਮਾਤਾ ਰਾਮ ਦੇਈ ਤੇ ਮਾਤਾ ਗੰਗਾ**

ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਸਬੰਧੀ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਦਾ ਜਨਮ ਬਾਬਾ ਬੁੱਢਾ ਦੇ (ਅਖੌਤੀ) ਵਰ ਨਾਲ ਹੋਇਆ ਸੀ। ਇਹ ਝੂਠੀ ਕਹਾਣੀ ਮੀਣਿਆਂ ਨੇ ਪਰਚਾਰਨੀ ਸ਼ੁਰੂ ਕੀਤੀ ਸੀ। ਇਹ ਕਹਾਣੀ ਪ੍ਰਿਥੀ ਚੰਦ ਦੇ ਪੁੱਤਰ ਮਿਹਰਬਾਨ ਨੇ ਘੜੀ ਸੀ। ਮੀਣਿਆਂ ਦਾ ਮਕਸਦ ਇਹ ਸੀ ਕਿ ਗੁਰੂ ਅਰਜਨ ਸਾਹਿਬ ਨੂੰ ਨਿਤਾਣੇ ਤੇ ਕਮਜ਼ੋਰ ਦੱਸ ਕੇ ਲੋਕਾਂ ਵਿਚ ਉਨ੍ਹਾਂ ਦਾ ਦਰਜਾ ਘਟਾਇਆ ਜਾਵੇ। ਉਨ੍ਹਾਂ ਨੇ ਬਾਬਾ ਬੁੱਢਾ ਦਾ ਨਾਂ ਵਰਤ ਕੇ ਇਹ ਹਰਕਤ ਉਵੇਂ ਹੀ ਕੀਤੀ ਸੀ ਜਿਵੇਂ ਕਿ ਹੰਦਾਲੀਆਂ/ ਬਿਧੀਚੰਦੀਆਂ ਨੇ ਹੰਦਾਲ ਨੂੰ ਉੱਚਾ ਚੁੱਕਣ ਵਾਸਤੇ ਨਵੀਂ ਜਨਮਸਾਖੀ ਬਣਾ ਕੇ ਕੀਤੀ ਸੀ। ਹੰਦਾਲੀਆਂ ਨੇ ਵੀ ਬਾਬਾ ਬੁੱਢਾ ਵਾਂਗ ਹੰਦਾਲ ਨੂੰ ਗੁਰੂ ਨਾਨਕ ਸਾਹਿਬ ਤੋਂ ਵੱਡਾ ਪਰਚਾਰਨ ਦੀ ਕੋਸ਼ਿਸ਼ ਕੀਤੀ ਸੀ।



**ਅਸਲੀਅਤ ਕੀ ਹੈ:** ਗੁਰੂ ਅਰਜਨ ਸਾਹਿਬ ਅਜੇ ਛੋਟੇ ਹੀ ਸਨ ਕਿ ਆਪ ਦੇ ਨਾਨਾ ਗੁਰੂ ਅਮਰ ਦਾਸ ਸਾਹਿਬ ਆਪ ਦੀ ਕੁੜਮਾਈ ਮਊ (ਮੌ) ਪਿੰਡ

**ਡਾ. ਹਰਜਿੰਦਰ ਸਿੰਘ ਦਿਲਗੀਰ**
**ਰਚੇਤਾ: 'ਨਵਾਂ ਤੇ ਵਡਾ ਮਹਾਨ ਕੋਸ਼'**

(ਤਹਿਸੀਲ ਫ਼ਿਲੌਰ, ਜ਼ਿਲ੍ਹਾ ਜਲੰਧਰ) ਦੇ ਭਾਈ ਕਿਸ਼ਨ ਚੰਦ ਸੂਰੀ ਦੀ ਬੇਟੀ ਰਾਮ ਦੇਈ ਨਾਲ ਕਰ ਗਏ ਸਨ। ਪਰ ਆਪ ਦੀ ਸ਼ਾਦੀ ਦੀ ਰਸਮ 20 ਜੂਨ 1579 ਦੇ ਦਿਨ ਪੂਰੀ ਕੀਤੀ ਗਈ ਸੀ। ਪਰ ਕਈ ਸਾਲ ਸਿਹਤ ਖ਼ਰਾਬ ਰਹਿਣ ਕਾਰਨ ਮਾਤਾ ਰਾਮ ਦੇਈ ਬਿਸਤਰ ਨਾਲ ਹੀ ਬੱਝ ਗਏ ਸਨ। ਦਸ ਸਾਲ ਇੰਞ ਹੀ ਰਹਿਣ ਮਗਰੋਂ ਉਨ੍ਹਾਂ ਨੇ ਬਾਬਾ ਬੁੱਢਾ ਜੀ ਨੂੰ ਬਜ਼ੁਰਗ ਜਾਣ ਕੇ ਗੁਰੂ ਸਾਹਿਬ ਕੋਲ ਭੇਜਿਆ ਅਤੇ ਦੂਜਾ ਵਿਆਹ ਕਰਵਾਉਣ ਵਾਸਤੇ ਜ਼ੋਰ ਪਾਇਆ। ਪਹਿਲਾਂ ਤਾਂ ਗੁਰੂ ਸਾਹਿਬ ਨੇ ਨਾਂਹ ਕੀਤੀ ਪਰ ਬਾਬਾ ਬੁੱਢਾ ਜੀ ਦੇ ਵਾਰ-ਵਾਰ ਜ਼ੋਰ ਦੇਣ 'ਤੇ ਉਨ੍ਹਾਂ ਨੂੰ ਹਾਂ ਕਰਨੀ ਪਈ। ਕੇਸਰ ਸਿੰਘ ਛਿੱਬਰ (ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਦਾ ਵਿਚ) ਸਾਫ਼ ਲਿਖਦੇ ਹਨ ਕਿ ਗੁਰੂ ਅਰਜਨ ਸਾਹਿਬ ਦੇ ਦੂਜੇ ਵਿਆਹ ਵਿਚ ਉਨ੍ਹਾਂ ਦੀ ਪਹਿਲੀ ਪਤਨੀ (ਮਾਤਾ) ਰਾਮ ਦੇਈ ਦਾ ਵੱਡਾ ਹੱਥ ਸੀ। ਛਿੱਬਰ ਮੁਤਾਬਿਕ ਮਾਤਾ ਰਾਮ ਦੇਈ ਨੇ ਸਿੱਖਾਂ ਨੂੰ ਸੁਨੇਹਾ ਭੇਜਿਆ ਕਿ ਜੇ ਕੋਈ ਆਪਣੀ ਸੁਤਾ (ਧੀ) ਗੁਰੂ ਸਾਹਿਬ ਨਾਲ ਵਿਆਹੁਣੀ ਚਾਹਵੇ ਤਾਂ ਉਹ ਦੱਸ ਪਾਵੇ। ਲਾਹੌਰ ਵਿਚ ਰਹਿਣ ਵਾਲੇ, ਸਿਖ ਰਾਓ ਜ਼ਾਤ ਦੇ, ਭਾਈ ਸੰਗਤ ਰਾਓ ਦੀਆ ਦੋ ਬੇਟੀਆਂ ਸਨ: ਗੰਗਾ ਵੱਡੀ ਤੇ ਜਮਨਾ ਛੋਟੀ ਸੀ। ਉਸ ਨੇ ਗੁਰੂ ਸਾਹਿਬ ਨੂੰ ਦੋਹਾਂ ਦੀ ਪੇਸ਼ਕਸ਼ ਕੀਤੀ। ਗੁਰੂ ਸਾਹਿਬ ਨੇ ਵੱਡੀ ਨੂੰ ਚੁਣਿਆ:

ਮਾਤਾ ਸਿੱਖਾਂ ਆਪਣਿਆ ਨੂੰ ਸਮਝਾਇਆ।
ਜੇ ਕਿਸੇ ਸਿੱਖ ਦੇ ਘਰ ਹੋਵੈ ਸੁਤਾ, ਤਾਂ ਸਾਹਿਬ ਨੂੰ ਚਾਹੇ ਦਵਾਇਆ।
ਲਾਹੌਰ ਵਿਚ ਖਤਰੀ ਸਿੱਖ, ਹੈਸੀ ਰਿਖ ਰਾਓ।
ਤਾ ਕੇ ਧਾਮ ਦੋਏ ਸੁਤਾ, ਨਾਉਂ ਸੰਗਤ ਰਾਓ। 19।
ਤਿਸ ਕੋ ਮਾਤਾ ਕਹਿਆ ਬੁਝਾਏ। ਸੋ ਮੰਨ ਕੇ, ਡੋਲਾ ਲੈ ਪਹੁਚਾ ਆਏ। 20।
ਇਕ ਗੰਗਾ, ਦੂਜੀ ਜਮਨਾ, ਨਾਉਂ ਦੋਹਾਂ ਭੈਣਾਂ। ਤਜੀ ਜਮਨਾ, ਗੰਗਾ ਵੱਡੀ ਨੂੰ ਕੀਤਾ ਲੈਣਾ।



ਮਾਤਾ ਗੰਗਾ ਜੀ

ਸੰਮਤ ਸੋਲਾਂ ਸੈ ਛਤਾਲੀ, ਹਾੜ ਗਏ ਦਿਨ ਬਾਈ।
ਮਾਤਾ ਗੰਗਾ ਕਰ ਵਿਆਹ ਡੋਲੇ ਚੜ੍ਹ ਆਈ। 21।

ਅੱਗੇ ਲੇਖਕ ਇਕ ਬੰਦ ਵਿਚ ਦੋਹਾਂ ਮਾਤਾਵਾਂ (ਰਾਮ ਦੇਈ ਤੇ ਗੰਗਾ) ਦਾ ਇਕੱਠਾ ਜ਼ਿਕਰ ਵੀ ਕਰਦਾ ਹੈ:

ਮਾਤਾ ਰਾਮ ਦੇਈ ਤੇ ਛੋਟੀ ਮਾਤਾ ਗੰਗਾ।
ਹੱਥ ਜੋੜ ਬੇਨਤੀ ਕਰ ਇਨਾ ਮਿੱਠਾ ਮੇਵਾ ਮੰਗਾ। 47।

ਇੰਞ ਗੁਰੂ ਅਰਜਨ ਸਾਹਿਬ ਦਾ ਦੂਜਾ ਵਿਆਹ 22 ਹਾੜ ਸੰਮਤ 1646 (19 ਜੂਨ 1589) ਦੇ ਦਿਨ ਭਾਈ ਸੰਗਤ ਰਾਓ ਦੀ ਬੇਟੀ (ਮਾਤਾ) ਗੰਗਾ ਨਾਲ ਹੋਇਆ (ਮਾਤਾ ਗੰਗਾ ਨੇ ਰਾਮ ਦੇਈ ਦੀ ਬਹੁਤ ਸੇਵਾ ਕੀਤੀ ਪਰ ਉਹ ਠੀਕ ਨਾ ਹੋ ਸਕੇ ਤੇ ਛੇਤੀ ਹੀ ਚੜ੍ਹਾਈ ਕਰ ਗਏ)। ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਬਾਬਾ ਬੁੱਢਾ ਦੇ ਵਰ ਨਾਲ ਹੋਣ ਦੀ (ਝੂਠੀ) ਕਹਾਣੀ ਇਸੇ ਘਟਨਾ ਵਿਚੋਂ ਘੜੀ ਗਈ ਜਾਪਦੀ ਹੈ। ਇਸ ਵਿਆਹ ਵਿਚੋਂ ਇਕ ਸਾਲ ਦੇ ਅੰਦਰ-ਅੰਦਰ ਹੀ, 19 ਜੂਨ 1590 ਦੇ ਦਿਨ (ਗੁਰੂ) ਹਰਿਗੋਬਿੰਦ ਦਾ ਜਨਮ ਹੋਇਆ ਸੀ। (ਕੁਝ ਲੇਖਕ ਆਪ ਦਾ ਜਨਮ 1595 ਵਿਚ ਮੰਨਦੇ ਹਨ, ਜੋ ਸਹੀ ਨਹੀਂ ਹੈ)।

ਇਹ ਕਹਿਣਾ ਕਿ ਗੁਰੂ ਅਰਜਨ ਸਾਹਿਬ ਬਾਬਾ ਬੁੱਢਾ ਨੂੰ (ਗੁਰੂ ਹਰਗੋਬਿੰਦ ਸਾਹਿਬ ਦੇ ਜਨਮ ਦਾ 'ਵਰ' ਦੇਣ ਦਾ) 'ਮਾਣ ਦੇਣਾ' ਚਾਹੁੰਦੇ ਸਨ ਦਾ ਮਤਲਬ ਇਹ ਨਿਕਲਦਾ ਹੈ ਕਿ ਗੁਰੂ ਅਰਜਨ ਸਾਹਿਬ ਆਪ ਗੁਰਬਾਣੀ 'ਤੇ ਯਕੀਨ ਨਹੀਂ ਕਰਦੇ ਸਨ ਤੇ ਬਾਬਾ ਬੁੱਢਾ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਦੇ ਉਲਟ 'ਵਰ ਦੇਣ ਵਾਲਾ' ਸਾਬਿਤ ਕਰਨਾ ਚਾਹੁੰਦੇ ਸਨ। ਇਸ ਕਹਾਣੀ ਮੁਤਾਬਿਕ ਤਾਂ ਗੁਰੂ ਸਾਹਿਬ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਦੇ ਉਲਟ ਕਾਰਵਾਈ ਕਰਦਾ ਦੱਸਿਆ ਗਿਆ ਹੈ। (ਸੁਣਨ ਨੂੰ ਸੁਹਣੀਆਂ ਜਾਪਣ ਵਾਲੀਆਂ, ਪਰ ਗੁਰ-ਨਿੰਦਾ ਦੀਆਂ ਤੇ ਗੁਰਬਾਣੀ-ਵਿਰੋਧੀ, ਇਹੋ ਜਿਹੀਆਂ ਬਹੁਤ ਕਹਾਣੀਆਂ, ਬ੍ਰਾਹਮਣ ਕਿਸਮ ਦੇ ਲੇਖਕਾਂ ਨੇ ਘੜੀਆਂ ਹੋਈਆਂ ਹਨ)।

ਮਾਤਾ ਰਾਮ ਦੇਈ ਦੀ ਮੌਤ 1589 ਵਿਚ ਹੋਈ ਅਤੇ ਮਾਤਾ ਗੰਗਾ ਦੀ ਮੌਤ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਤੋਂ 15 ਸਾਲ ਮਗਰੋਂ 14 ਮਈ 1621 ਦੇ ਦਿਨ ਬਕਾਲਾ (ਹੁਣ ਬਾਬਾ ਬਕਾਲਾ) ਵਿਚ ਹੋਈ ਸੀ। ਮਾਤਾ ਗੰਗਾ ਜੀ ਦੀ ਖ਼ਾਹਿਸ਼ ਮੁਤਾਬਿਕ ਉਨ੍ਹਾਂ ਦੀ ਦੇਹ ਦਾ ਸਸਕਾਰ ਨਹੀਂ ਸੀ ਕੀਤਾ ਬਲਕਿ ਦੇਹ ਨੂੰ ਦਰਿਆ ਬੁਰਦ ਕੀਤਾ ਗਿਆ ਸੀ।

**ਮਾਤਾ ਦਮੋਦਰੀ:** ਮਾਤਾ ਦਮੋਦਰੀ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਹਿਲ (ਪਤਨੀ) ਸਨ। ਇਨ੍ਹਾਂ ਦਾ ਜਨਮ ਭਾਈ ਨਰਾਇਣ ਦਾਸ ਜੁਲਕਾ (ਸੂਹਤੀ) ਦੇ ਘਰ ਮਾਤਾ ਭਾਗਭਰੀ ਦੀ ਕੁਖੋਂ ਪਿੰਡ ਡੱਲਾ (ਜ਼ਿਲ੍ਹਾ ਕਪੂਰਥਲਾ) ਵਿਖੇ ਹੋਇਆ ਸੀ। ਇਹ ਪਰਿਵਾਰ ਗੁਰੂ ਨਾਨਕ ਸਾਹਿਬ ਜੀ (ਦੇ ਵਲ) ਤੋਂ ਗੁਰੂ ਦਰਬਾਰ ਦਾ ਹਿੱਸਾ ਸੀ। ਡੱਲ ਪਿੰਡ ਦੇ ਜੁਲਕਿਆਂ ਦੇ ਭਗਤੀ ਭਾਵ ਕਰਕੇ ਹੀ ਯੁਾਰਵੀਂ ਵਾਰ ਵਿਚ ਜਦੋਂ ਪਹਿਲੀ ਤੋਂ ਛੇਵੀਂ ਪਾਤਸ਼ਾਹੀ ਤਕ ਗੁਰੂ ਘਰ ਨੂੰ ਸਮਰਪਿਤ ਗੁਰਸਿੱਖਾਂ ਦੀ ਨਾਮਾਵਲੀ ਲਿਖਦੇ ਹਨ ਤਾਂ ਡੱਲੇ ਦੇ ਸਿੱਖਾਂ ਦੀ ਪਰਮਹੰਸਾਂ ਨਾਲ ਤੁਲਨਾ ਕਰਦੇ ਹਨ। ਇਸ ਪਰਮ ਹੰਸਾਂ ਦੀ ਧਰਤੀ 'ਤੇ ਪੈਦਾ ਹੋਈ ਬੀਬੀ ਦਮੋਦਰੀ ਦਾ ਵਿਆਹ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ 23 ਅਗਸਤ 1603 (23 ਭਾਦਰੋਂ 1661 ਬਿਕਰਮੀ) ਦੇ ਦਿਨ ਹੋਇਆ ਸੀ। ਆਪ ਜੀ ਦੀ ਕੁਖੋਂ ਬਾਬਾ ਗੁਰਦਿੱਤਾ (8 ਕਤਕ 1665 ਬਿਕਰਮੀ, 14 ਸਤੰਬਰ 1608), ਅਣੀ ਰਾਇ (ਭਾਦਰੋਂ 1680 ਬਿਕਰਮੀ, 24 ਅਕਤੂਬਰ 1623) ਤੇ ਬੀਬੀ ਵੀਰੋ (12 ਸਾਵਣ 1683, 11 ਜੁਲਾਈ 1626 ਦੇ ਦਿਨ) ਪੈਦਾ ਹੋਏ।

ਬੀਬੀ ਦਮੋਦਰੀ ਜੀ ਵਧੇਰੇ ਸਮਾਂ ਅੰਮ੍ਰਿਤਸਰ ਤੇ ਕਰਤਾਰਪੁਰ ਰਹੇ। ਬੀਬੀ ਦਮੋਦਰੀ ਦਾ ਆਪਣੀ ਵੱਡੀ ਭੈਣ ਬੀਬੀ ਰਾਮੋ (ਪਤਨੀ ਭਾਈ ਸਾਂਈ ਦਾਸ) ਨਾਲ ਬਹੁਤ ਪਿਆਰ ਸੀ ਤੇ ਉਹ ਅਕਸਰ ਡਰੌਲੀ ਜਾ ਕੇ ਰਹਿੰਦੇ ਹੁੰਦੇ ਸਨ। 1631 ਵਿਚ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਡਰੌਲੀ ਭਾਈ ਵਿਖੇ ਆਪਣੀ ਸਾਲੀ ਤੇ ਸਾਂਢੂ ਪਾਸ ਆ ਕੇ ਰਹੇ। ਇਥੇ ਹੀ ਮਾਤਾ ਦਮੋਦਰੀ ਜੀ ਬਿਮਾਰ ਹੋ ਗਏ ਤੇ 16 ਜੁਲਾਈ 1631 ਦੇ ਦਿਨ ਚੜ੍ਹਾਈ ਕਰ ਗਏ।

**ਮਾਤਾ ਨਾਨਕੀ:** ਮਾਤਾ ਨਾਨਕੀ ਜੀ ਦਾ ਜਨਮ ਭਾਈ ਹਰੀ ਚੰਦ ਲਾਂਬਾ ਦੇ ਘਰ ਮਾਤਾ ਹਰਦੇਈ ਦੇ ਕੁਖੋਂ ਬਕਾਲਾ (ਹੁਣ ਬਾਬਾ ਬਕਾਲਾ) ਵਿਖੇ ਹੋਇਆ। ਇਨ੍ਹਾਂ ਦਾ ਵਿਆਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਲ 28 ਮਾਰਚ 1620 (ਪਹਿਲੀ ਵਿਸਾਖ 1677 ਬਿਕਰਮੀ) ਨੂੰ ਹੋਇਆ। ਇਨ੍ਹਾਂ ਦੀ ਕੁਖੋਂ 19 ਮੱਘਰ 1678 ਬਿਕਰਮੀ, ਯਾਨਿ 18 ਅਕਤੂਬਰ 1621 (ਇਕ ਸੋਮਾ ਇਹ ਤਾਰੀਖ ਪਹਿਲੀ ਅਪਰੈਲ ਵੀ ਲਿਖਦਾ ਹੈ ਜੋ ਸਹੀ ਨਹੀਂ ਹੈ) ਨੂੰ (ਗੁਰੂ) ਤੇਗ ਬਹਾਦਰ ਸਾਹਿਬ ਜੀ ਦਾ ਜਨਮ ਗੁਰਦੁਆਰਾ 'ਗੁਰੂ ਮਹਿਲ', ਅੰਮ੍ਰਿਤਸਰ ਵਿਖੇ ਹੋਇਆ। ਮਾਤਾ ਨਾਨਕੀ ਨੇ ਦੂਜੇ ਪੁੱਤਰ ਅਟਲ ਰਾਇ ਨੂੰ 31 ਮਈ 1625 ਦੇ ਦਿਨ ਜਨਮ ਦਿੱਤਾ (ਗੁਰਦੁਆਰਾ ਬਾਬਾ ਅਟਲ ਰਾਇ ਅੰਮ੍ਰਿਤਸਰ ਵਿਚ ਲੱਗੀ ਇਕ ਤਖ਼ਤੀ 'ਤੇ ਉਸ ਦਾ ਜਨਮ 23 ਅਕਤੂਬਰ 1619 ਦਾ ਦੱਸਿਆ ਗਿਆ ਹੈ, ਜੋ ਸਹੀ ਨਹੀਂ ਹੈ। ਗੁਰੂ ਜੀ ਤਾਂ 26 ਅਕਤੂਬਰ 1619 ਦੇ ਦਿਨ ਗਵਾਲੀਅਰ ਤੋਂ ਰਿਹਾਅ ਹੋਏ ਸਨ)। ਮਾਤਾ ਨਾਨਕੀ ਕਾਫੀ



ਮਾਤਾ ਨਾਨਕੀ ਜੀ

ਸਮਾਂ ਅੰਮ੍ਰਿਤਸਰ ਰਹੇ ਫਿਰ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਕਰਤਾਰਪੁਰ ਤੇ ਕੀਰਤਪੁਰ, ਅਤੇ ਬਾਅਦ ਵਿਚ ਬਕਾਲਾ ਵਿਚ ਰਹੇ।

ਜੂਨ 1656 ਈ. ਨੂੰ ਗੁਰੂ ਤੇਗ ਬਹਾਦਰ ਜੀ ਸਿੱਖੀ ਦੇ ਪ੍ਰਚਾਰ ਲਈ ਜਦੋਂ ਲੰਮੀ ਯਾਤਰਾ 'ਤੇ ਗਏ ਤਾਂ ਮਾਤਾ ਨਾਨਕੀ ਜੀ ਵੀ ਉਨ੍ਹਾਂ ਦੇ ਨਾਲ ਗਏ। ਵਾਪਸ ਕੀਰਤਪੁਰ ਯਾਤਰਾ ਪੁਜ ਕੇ ਗੁਰੂ ਤੇਗ ਬਹਾਦਰ ਜੀ ਮਈ 1665 ਵਿਚ ਬਿਲਾਸਪੁਰ ਰਾਜੇ ਦੀਪ ਚੰਦ ਦੇ ਭੋਗ 'ਤੇ ਗਏ ਤਾਂ ਉਸ ਵੇਲੇ ਵੀ ਮਾਤਾ ਜੀ ਗੁਰੂ ਜੀ ਦੇ ਨਾਲ ਬਿਲਾਸਪੁਰ ਗਏ। ਇਸ ਮੌਕੇ ਰਾਣੀ ਚੰਪਾ (ਵਿਧਵਾ ਰਾਜਾ ਦੀਪ ਚੰਦ) ਨੂੰ ਪਤਾ ਲੱਗਾ ਕਿ ਗੁਰੂ ਤੇਗ ਬਹਾਦਰ ਸਾਹਿਬ ਕੀਰਤਪੁਰ ਨੂੰ ਛੱਡ ਕੇ ਧਮਤਾਲ ਬਾਰੇ ਵਿਚਾਰ ਕਰ ਰਹੇ ਹਨ ਤਾਂ ਉਸ ਨੇ ਮਾਤਾ ਨਾਨਕੀ ਜੀ ਨੂੰ ਬੇਨਤੀ ਕੀਤੀ ਕਿ ਤੁਸੀਂ ਗੁਰੂ ਜੀ ਨੂੰ ਕਹੋ ਕਿ ਉਹ ਕੀਰਤਪੁਰ ਛੱਡ ਕੇ ਨਾ ਜਾਣ। ਉਹ ਚਾਹੁਣ ਤਾਂ ਜਿਹੜੀ ਮਰਜ਼ੀ ਜ਼ਮੀਨ ਆਪਣੇ ਵਾਸਤੇ ਚੁਣ ਲੈਣ। ਮਾਤਾ ਨਾਨਕੀ ਦੇ ਕਹਿਣ 'ਤੇ ਗੁਰੂ ਸਾਹਿਬ ਮੰਨ ਗਏ ਤੇ ਗੁਰੂ ਜੀ ਨੇ 19 ਜੂਨ 1965 ਨੂੰ ਭਾਈ ਗੁਰਦਿਤਾ ਰੰਧਾਵਾ (ਬਾਬਾ ਬੁੱਢਾ ਜੀ ਦੀ ਚੌਥੀ ਵੰਸ਼) ਨੂੰ ਪਿੰਡ ਦੀ ਨੀਂਹ ਰਖਣ ਲਈ ਬੇਨਤੀ ਕੀਤੀ। ਉਸ ਵੇਲੇ ਨਵਾਂ ਪਿੰਡ "ਚੱਕ ਨਾਨਕੀ" ਬੰਨ੍ਹਿਆ ਗਿਆ, ਜੋ ਹੁਣ ਅਨੰਦਪੁਰ ਦਾ ਹਿੱਸਾ ਹੈ।

ਕੁਝ ਸਮੇਂ ਬਾਅਦ ਮਾਤਾ ਨਾਨਕੀ ਜੀ ਆਪਣੀ ਨੂੰਹ ਮਾਤਾ ਗੁਜਰੀ, ਪੋਤਰਾ ਗੋਬਿੰਦ ਦਾਸ (ਗੁਰੂ ਗੋਬਿੰਦ ਸਿੰਘ ਜੀ) ਤੇ ਜਠਾਣੀ ਮਾਤਾ ਹਰੀ ਜੀ ਪਤਨੀ ਬਾਬਾ ਸੂਰਜ ਮਲ ਨਾਲ ਫਿਰ ਬਿਲਾਸਪੁਰ ਰਾਣੀ ਚੰਪਾ ਨੂੰ ਮਿਲਣ ਗਏ। ਰਾਣੀ ਚੰਪਾ ਦੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ। ਸਾਰੇ ਤਿੰਨ ਦਿਨ ਬਿਲਾਸਪੁਰ ਰਹੇ ਤੇ ਫਿਰ ਵਾਪਸ ਕੀਰਤਪੁਰ ਆ ਗਏ। ਕੀਰਤਪੁਰ ਵਿਖੇ ਹੀ ਮਾਤਾ ਨਾਨਕੀ ਜੀ 1678 ਵਿਚ ਚਲਾਣਾ ਕਰ ਗਏ।

# ਜੂਨ, 1984: ਖਾਲਿਸਤਾਨ ਲਈ ਮਿਥ ਕੇ ਲੜੀ ਗਈ ਜੰਗ ਸੀ...

*(ਪਿਛਲੇ ਸਫੇ ਦਾ ਬਾਕੀ)*

ਕੁਰਬਾਨੀ ਵਾਸਤੇ ਤਿਆਰ ਰਹਿਣ ਦੀਆਂ ਅਪੀਲਾਂ ਕਰਦੇ ਸੀ। ਕੁੱਲ ਮਿਲਾ ਕੇ ਖਾਲਿਸਤਾਨ ਦੇ ਯੁੱਧ ਦੀ ਰਣਨੀਤੀ ਦਰਬਾਰ ਸਾਹਿਬ ਦੀ ਰੱਖਿਆ ਦਾ ਧਰਮ ਯੁੱਧ ਬਣਾ ਕੇ ਲੜਨ ਦੀ ਵਿਉਂਤੀ ਗਈ ਸੀ।

ਮਈ 1984 ਤੱਕ ਸੂਬੇ ਦੇ ਹਾਲਾਤ ਯੁੱਧ ਵਰਗੇ ਬਣ ਗਏ ਸਨ। ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਇਮਤਿਹਾਨ ਮੁਲਤਵੀ ਕਰ ਦਿੱਤੇ ਗਏ ਸਨ। ਸ. ਹਰਮਿੰਦਰ ਸਿੰਘ ਸੰਧੂ ਵੱਲੋਂ ਬਣਾਈ ਦਸ਼ਮੇਸ਼ ਰੈਜਮੈਂਟ ਵੱਲੋਂ ਰਾਜਸੀ ਵਿਅਕਤੀਆਂ ਨੂੰ ਕਤਲ ਕਰਨ ਅਤੇ ਸਰਦੂਲ ਸਿੰਘ ਦੇ ਨਾਮ ਹੇਠ ਜ਼ਿੰਮੇਵਾਰੀਆਂ ਲੈਣ ਦੀ ਧਾਂਕ ਪੈ ਚੁੱਕੀ ਸੀ। ਇੱਕੋ ਰਾਤ ਸੂਬੇ ਭਰ ਵਿਚ 36 ਰੇਲਵੇ ਸਟੇਸ਼ਨਾਂ ਨੂੰ ਅੱਗ ਲਗਾ ਕੇ ਇਹ ਸੁਨੇਹਾ ਦੇ ਦਿੱਤਾ ਗਿਆ ਸੀ ਕਿ ਲੜਨ ਵਾਲਿਆਂ ਧਿਰਾਂ ਸੰਗਠਿਤ ਹੋ ਕੇ ਸਾਰੇ ਸੂਬੇ ਵਿਚ ਫੈਲ ਚੁੱਕੀਆਂ ਹਨ। ਸ਼ਾਇਦ ਇਹ ਖਾਲਿਸਤਾਨ ਲਈ ਹੋਣ ਵਾਲੇ ਯੁੱਧ ਦੀ ਤਿਆਰੀ ਪਰਖਣ ਲਈ ਕੀਤੀ ਗਈ ਰਿਹਰਸਲ ਸੀ। ਇਨ੍ਹਾਂ ਘਟਨਾ ਦੇ ਸਾਰੇ ਵੇਰਵੇ ਬਲਜੀਤ ਸਿੰਘ ਖਾਲਸਾ ਵਲੋਂ ਲਿਖਤ 'ਰੌਸ਼ਨ ਦਿਮਾਗ: ਸ਼ਹੀਦ ਭਾਈ ਹਰਮਿੰਦਰ ਸਿੰਘ ਸੰਧੂ' ਨਾਂ ਦੀ ਪੁਸਤਕ ਵਿਚ ਦਿੱਤੇ ਹੋਏ ਹਨ। ਭਾਵੇਂ ਅਕਾਲੀ ਦਲ ਬੁਰੀ ਤਰ੍ਹਾਂ ਡਰਿਆ ਅਤੇ ਸਹਿਮਿਆ ਹੋਇਆ ਸੀ ਫਿਰ ਵੀ ਉਨ੍ਹਾਂ ਨੇ ਮੋਰਚੇ ਦੇ ਅਗਲੇ ਪੜਾਅ ਵਿਚ 3 ਜੂਨ 1984 ਤੋਂ ਨਾ ਮਿਲਵਰਤਨ ਅੰਦੋਲਨ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਸੀ। ਹਾਲਾਤ ਯੁੱਧ ਵਾਲੇ ਬਣੇ ਹੋਏ ਸਨ। ਜਟਕੇ ਫੰਧ ਵਾਲੀ ਨੀਤੀ ਤਹਿਤ ਖਾਲਿਸਤਾਨ ਲਈ ਯੁੱਧ ਲੜਨ ਲਈ ਤਿਆਰ ਬੈਠੀ ਧਿਰ, 'ਚੁੱਪੇ ਕੀਤਿਆਂ ਆਪਣਾ ਕੰਮ ਪਾਈਐ, ਉੱਚੀ ਬੋਲਿਆ ਨਹੀਂ ਵਹੀਵਣਾ ਜੀ', ਅਨੁਸਾਰ ਖਾਲਿਸਤਾਨ ਬਾਰੇ ਚੁੱਪ ਸੀ। ਪਰ ਸਰਕਾਰ ਨੂੰ ਇਸ ਜਟਕੀ ਨੀਤੀ ਦਾ ਭੇਦ ਮਾਲੂਮ ਸੀ, ਉਨ੍ਹਾਂ ਵਿਆਪਕ ਪ੍ਰਬੰਧ ਕਰ ਕੇ ਹੀ ਯੁੱਧ ਛੇੜਿਆ। ਜਦ ਯੁੱਧ ਛਿੜਿਆ ਤਾਂ ਸਾਰੇ ਪੰਜਾਬ ਵਿਚ ਕਰਫਿਊ ਲੱਗਾ ਹੋਇਆ ਸੀ। ਦਰਬਾਰ ਸਾਹਿਬ ਅੰਦਰ ਲੜਨ ਵਾਲਿਆਂ ਨੇ ਫੌਜ ਨਾਲ ਲੜਾਈ ਲੜੀ, ਕੀਤੇ ਵਾਅਦਿਆਂ ਅਨੁਸਾਰ ਜਾਨਾਂ ਵਾਰੀਆਂ। ਪਰ ਪਿੰਡਾਂ ਵਿਚ ਉਹ ਬਗਾਵਤ ਨਾ ਹੋ ਸਕੀ ਜਿਸ ਵਾਸਤੇ ਸੰਤ ਜਰਨੈਲ ਸਿੰਘ ਸਿੱਖਾਂ ਨੂੰ ਤਿਆਰ ਕਰਨ ਦੇ ਯਤਨ ਕਰਦੇ ਆ ਰਹੇ ਸਨ। ਜੋ ਵਾਪਰਿਆ ਅਫਜ਼ਲ ਅਹਿਸਨ ਰੰਧਾਵਾ ਦੇ ਲਫਜ਼ਾਂ ਵਿਚ ਉਹ ਇਹ ਸੀ:

'ਮੇਰਾ ਸ਼ੇਰ ਬਹਾਦਰ ਸੂਰਮਾ,
ਜਰਨੈਲਾਂ ਦਾ ਜਰਨੈਲ।
ਉਸ ਮੌਤ ਵਿਆਹੀ ਹੱਸ ਕੇ,
ਉਸਦੇ ਦਿਲ ਤੇ ਰਤਾ ਨਾ ਮੈਲ।
ਪਰ ਕੋਈ ਨਾ ਉਹਨੂੰ ਬਹੁੜਿਆ,
ਉਹਨੂੰ ਵੈਰੀਆਂ ਮਾਰਿਆ ਘੇਰ।
ਉੱਝ ਘਰਾਂ 'ਚ ਡੱਕੇ ਰਹਿ ਗਏ,
ਮੇਰੇ ਲੱਖਾਂ ਪੁੱਤਰ ਸ਼ੇਰ।'

ਪਿੰਡਾਂ ਵਿਚ ਅਫਰਾ-ਤਫਰੀ ਨਾ ਫੈਲ ਸਕਣ ਦੇ ਦੋ ਕਾਰਨ ਸਨ। ਇੱਕ ਤਾਂ ਲੋਕ ਅਜੇ ਐਡੀ ਬਗਾਵਤ ਵਾਸਤੇ ਤਿਆਰ ਨਹੀਂ ਸਨ ਅਤੇ ਦੂਸਰਾ ਫੌਜ ਦੀ ਪੂਰੀ ਸਖਤੀ ਸੀ। ਕਾਫੀ ਗਿਣਤੀ ਵਿਚ ਸਿੱਖ ਸੰਤਾਂ ਨਾਲ ਸਹਿਮਤ ਵੀ ਨਹੀਂ ਸਨ, ਪਰ ਦਰਬਾਰ ਸਾਹਿਬ ਤੇ ਕੀਤੇ ਗਏ ਹਮਲੇ ਕਾਰਨ ਭਾਰੀ ਰੋਸ ਅਤੇ ਗੁੱਸੇ ਵਿਚ ਜ਼ਰੂਰ ਸਨ। ਉਹ ਇਸ ਨੂੰ ਇੰਦਰਾ ਵੱਲੋਂ ਕੀਤਾ ਵੱਡਾ ਪਾਪ ਮੰਨਦੇ ਸਨ। ਹਮਲੇ ਕਾਰਨ ਮਨੋਂ ਦੁਖੀ ਸਿੱਖ ਵੀ ਹਥਿਆਰ ਚੁੱਕਣ ਲਈ ਅਜੇ ਤਿਆਰ ਨਹੀਂ ਸਨ। ਦਰਬਾਰ ਸਾਹਿਬ ਤੋਂ ਲੜਨ ਵਾਲਿਆਂ ਤਾਂ 6 ਜੂਨ ਤੱਕ ਫੌਜ ਰੋਕ ਰੱਖੀ ਪਰ ਬਾਕੀ ਸੂਬੇ ਵਿਚ ਯੁੱਧ ਨਾ ਛਿੜਨ ਕਾਰਨ ਸਿੱਖ 6 ਜੂਨ ਨੂੰ ਸ਼ਾਮ ਦੇ 5 ਵਜੇ ਤੱਕ ਭਾਰਤ ਵਿਚ ਖਾਲਿਸਤਾਨ ਦਾ ਪਹਿਲਾ ਯੁੱਧ ਹਾਰ ਗਏ। ਸੰਤ ਆਪਣੇ ਸਾਥੀਆਂ ਸਮੇਤ ਸ਼ਹੀਦ ਹੋ ਗਏ, ਸਿੱਖਾਂ ਨੇ ਰਾਜ ਲੈਣ ਲਈ ਜੰਗ ਲੜ ਕੇ ਵੇਖ ਲਈ। ਸਮੁੱਚੇ ਹਾਲਾਤ ਘੋਖਣ ਤੋਂ ਬਾਅਦ ਮੈਂ ਨਿਚੋੜ ਕੱਢਿਆ ਹੈ ਕਿ ਜੇਕਰ 1984 ਨਾ ਵੀ ਵਾਪਰਦਾ ਤਾਂ ਵੀ ਸਿੱਖਾਂ ਨੇ ਆਪਣੇ ਖੁੱਸੇ ਰਾਜ ਦੀ ਮੁੜ ਪ੍ਰਾਪਤੀ ਲਈ ਇੱਕ ਵਾਰ ਹਥਿਆਰਬੰਦ ਜੰਗ ਲੜਨੀ ਹੀ ਲੜਨੀ ਸੀ। 1984 ਵਿਚ ਨਾ ਲੜਦੇ ਤਾਂ ਕਦੇ ਬਾਅਦ ਵਿਚ ਲੜ ਲੈਂਦੇ। ਸੰਤਾਂ ਨੂੰ ਵੀ ਸਮਝਾਉਣ ਅਤੇ ਵਰਜਣ ਵਾਲੇ ਬਹੁਤ ਸਨ। ਸਿਰਦਾਰ ਕਪੂਰ ਸਿੰਘ ਦੇ ਪ੍ਰਵਚਨਾਂ ਤੋਂ ਪ੍ਰੇਰਣਾ ਲੈਂਦਿਆਂ ਨਵੇਂ ਨਵੇਂ ਸਿੱਖ ਸੰਘਰਸ਼ ਦੇ ਹੱਕ ਵਿਚ ਮੈਦਾਨ ਵਿਚ ਸਾਹਮਣੇ ਆਏ ਪੰਜਾਬ ਦੇ ਪੁਰਾਣੇ ਸ਼੍ਰੋਮਣੀ ਨਾਵਲਕਾਰ ਸ. ਜਸਵੰਤ ਸਿੰਘ ਕੰਵਲ ਨੇ ਆਪਣੀ ਪੂਰੀ ਵਾਹ ਲਗਾਈ। ਪਰ 'ਸ਼ਾਹ ਮੁਹੰਮਦਾ ਭੱਜਣਾ ਰਣੋਂ ਭਾਰੀ, ਜੁੱਟੇ ਸੂਰਮੇ ਆਖ ਤੂੰ ਕਦੋਂ ਮੁੜਦੇ।' ਰਣ ਤੱਤੇ ਲਈ ਤਤਪਰ ਯੋਧੇ ਕਿਸੇ ਦੀ ਕਦ ਸੁਣਦੇ ਹਨ।

ਨਰਾਇਣ ਸਿੰਘ ਚੌੜਾ ਨੇ ਪਿਛਲੇ 40 ਸਾਲ ਦੇ ਧੁੰਦਲਕੇ ਨੂੰ ਸਾਫ ਕਰਦੇ ਹੋਏ ਸਪੱਸ਼ਟ ਕਰ ਦਿੱਤਾ ਹੈ ਕਿ ਸੰਤ ਜਰਨੈਲ ਸਿੰਘ ਵੱਲੋਂ 1984 ਵਿਚ ਭਾਰਤੀ ਫੌਜ ਨਾਲ ਲਈ ਟੱਕਰ ਖੁੱਸੇ ਹੋਏ ਸਿੱਖ ਰਾਜ ਦੀ ਮੁੜ ਪ੍ਰਾਪਤੀ ਵਾਸਤੇ ਮਿਥ ਕੇ ਲੜੀ ਗਈ ਜੰਗ ਸੀ, ਇਹ ਏਜੰਸੀਆਂ ਦਾ ਖੇਲ੍ਹ ਕਤੱਈ ਨਹੀਂ ਸੀ। ਸ੍ਰੀ ਅਕਾਲ ਤਖਤ ਨੂੰ ਕਿਲਾ ਬਣਾ ਕੇ ਸੰਤ ਜਰਨੈਲ ਸਿੰਘ ਵਲੋਂ ਜੰਗ ਲੜਨ ਦਾ ਫ਼ੈਸਲਾ ਜਨਰਲ ਸੁਬੇਗ ਸਿੰਘ ਵਰਗੇ ਜਾਂਬਾਜ਼ ਜਰਨੈਲ ਦੀ ਸਲਾਹ ਨਾਲ ਪੂਰੀ ਤਰ੍ਹਾਂ ਗਿਣ-ਮਿਥ ਕੇ ਬੰਨ੍ਹਿਆ ਗਿਆ ਸੀ। ਇਸ ਪ੍ਰਥਾਏ ਪ੍ਰੋ. ਹਰਿੰਦਰ ਸਿੰਘ ਮਹਿਬੂਬ ਨੇ 'ਸਿੱਖ ਸੁਰਤਿ ਦੀ ਪਰਵਾਜ਼' ਨਾਂ ਦੀ ਆਪਣੀ ਪੁਸਤਕ ਵਿਚ ਸਿੱਖ ਇਤਿਹਾਸ ਵਿਚ ਸੰਤ ਜਰਨੈਲ ਸਿੰਘ ਦੀ ਭੂਮਿਕਾ ਬਾਰੇ ਸ. ਕਰਮਜੀਤ ਸਿੰਘ ਨੂੰ ਦਿਤੀ ਇਕ ਅਹਿਮ ਇੰਟਰਵਿਊ ਵਿਚ ਵੀ ਅਜਿਹੇ ਹੀ ਵਿਚਾਰ ਪ੍ਰਗਟਾਏ ਹੋਏ ਹਨ। ਸ. ਕਰਮਜੀਤ ਸਿੰਘ ਦੇ ਇਕ ਸੁਆਲ ਦਾ ਜਵਾਬ ਦਿੰਦਿਆਂ ਪ੍ਰੋ. ਮਹਿਬੂਬ ਦੇ ਬੋਲ ਜ਼ਰਾ ਵੇਖੋ:

'ਜਨਰਲ ਸੁਬੇਗ ਸਿੰਘ ਦੀ ਸ਼ਹਾਦਤ ਜਾਤੀ ਰੰਜਸ਼ਾਂ ਤੋਂ ਕਿਤੇ ਅਗੇ ਸੀ ਅਤੇ ਨਿਰਲੇਪ ਆਕਾਸ਼ਾਂ ਵਿਚ ਵਿਚਰਦੀ ਸੀ। ਜਾਤੀ ਰੰਜਸ਼ਾਂ ਵਿਚ ਘਿਰੇ ਲੋਕ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਏ ਤੀਸਰੇ ਵਡੇ ਘਲੂਘਾਰੇ ਵਿਚ ਗੁਰਦਾਸ ਨੰਗਲ ਦੇ ਯੋਧੇ ਜਿਹੀ ਸੂਰਮਗਤੀ ਵਿਖਾ ਕੇ ਜਨਰਲ ਸੁਬੇਗ ਸਿੰਘ ਵਰਗੀ ਬੇਮਿਸਾਲ ਸ਼ਹਾਦਤ ਪ੍ਰਾਪਤ ਨਹੀਂ ਕਰਿਆ ਕਰਦੇ। ਕੀ ਉਸ ਦੀ ਸ਼ਹਾਦਤ ਵਿਚ ਟੌਂਚ ਫਿਲਾਸਫਰਾਂ ਵਰਗੀ ਸਬਰ-ਸ਼ਾਂਤੀ ਅਤੇ ਸੁਕਰਾਤ ਵਰਗੀ ਅਗਾਧ ਤੇ ਮਿਠੀ ਚੁਪ ਨਹੀਂ ਸੀ। ਕੀ ਉਸ ਦੀ ਜੰਗ ਵਿਚ ਸ਼ਾਮ ਸਿੰਘ ਅਟਾਰੀ ਵਾਲੇ ਵਰਗੀ ਸੂਰਮਗਤੀ ਪਰ ਉਸ ਨਾਲੋਂ ਕਿਤੇ ਵਧੇਰੇ ਪ੍ਰੌੜ ਨਿਪੁੰਨਤਾ, ਦੂਰ-ਦ੍ਰਿਸ਼ਟੀ, ਸਹੀ ਤੇ ਕਾਰੀ ਚੋਟ ਅਤੇ ਅਤਿ ਸੂਖਮ ਸੰਤੁਲਨ ਨਹੀਂ ਸਨ?'

ਇਸ ਸੈਮੀਨਾਰ ਅੰਦਰ ਵਿਚਾਰ ਪ੍ਰਗਟ ਕਰਨ ਵਾਲਿਆਂ ਵਿਚ ਸ. ਗੁਰਤੇਜ ਸਿੰਘ, ਗੁਰਦਰਸ਼ਨ ਸਿੰਘ ਢਿਲੋਂ, ਪੱਤਰਕਾਰ ਜਗਤਾਰ ਸਿੰਘ ਅਤੇ ਜਸਪਾਲ ਸਿੰਘ ਸਿੱਧੂ ਵਰਗੇ ਇਸ ਸਾਕੇ ਬਾਰੇ ਅਹਿਮ ਕਿਤਾਬਾਂ ਲਿਖਣ ਵਾਲੇ ਚਿੰਤਕਾਂ ਅਤੇ ਪੱਤਰਕਾਰਾਂ ਤੋਂ ਛੁੱਟ, ਜਸਟਿਸ ਰਣਜੀਤ ਸਿੰਘ, ਸ. ਸੇਵਕ ਸਿੰਘ ਦੇ ਨਾਲ ਟਕਸਾਲ ਦੇ ਮੁੱਖ ਬੁਲਾਰੇ ਵਜੋਂ ਮੋਹਕਮ ਸਿੰਘ ਅਕਾਲ ਫੈਡਰੇਸ਼ਨ ਸਮੇਂ ਦੇ ਸ. ਚੌੜਾ ਦੇ ਮੁਖ ਸਾਥੀ ਭਾਈ ਕੰਵਰ ਸਿੰਘ ਧਾਮੀ, ਸੀਨੀਅਰ ਐਡਵੋਕੇਟ ਰਾਜਵਿੰਦਰ ਬੈਂਸ, ਗੁਰਦਰਸ਼ਨ ਸਿੰਘ ਬਾਹੀਆ, ਜਸਪਾਲ ਸਿੰਘ ਮੰਝਪੁਰ, ਦਲ ਖਾਲਸਾ ਦੇ ਕੰਵਰਪਾਲ ਸਿੰਘ ਵਰਗੇ ਖਾੜਕੂ ਲਹਿਰ ਨਾਲ ਨੇੜਿਓਂ ਜੁੜੇ ਰਹੇ ਅਨੇਕਾਂ ਅਹਿਮ ਸੱਜਣ ਵੀ ਮੌਜੂਦ ਸਨ। ਹੁਣ ਇਹ ਗੱਲ ਜਸਪਾਲ ਸਿੰਘ ਸਿੱਧੂ ਅਤੇ ਜਗਤਾਰ ਸਿੰਘ ਵਰਗੇ ਸੱਜਣਾਂ ਨੇ ਖੁਦ ਵੇਖਣੀ ਹੈ ਕਿ ਕੀ ਸ. ਚੌੜਾ ਵਲੋਂ ਕੀਤੇ ਅਹਿਮ ਖੁਲਾਸਿਆਂ ਦੀ ਲੋਅ ਵਿਚ ਉਨ੍ਹਾਂ ਆਪਣੇ ਬਿਰਤਾਂਤਾਂ ਵਿਚ ਕੋਈ ਤਬਦੀਲੀਆਂ ਕਰਨੀਆਂ ਹਨ ਜਾਂ ਨਹੀਂ। ਇਸ ਮੌਕੇ ਦੁਨੀਆਂ ਭਰ ਵਿਚ ਵਸਦੀਆਂ ਸਿੱਖ ਸੰਗਤਾਂ ਨੂੰ ਠੰਢੇ ਮਨ ਨਾਲ ਇਹ ਨਿਤਾਰਾ ਵੀ ਕਰ ਲੈਣਾ ਚਾਹੀਦਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਨੂੰ ਹਥਿਆਰਬੰਦ ਕਿਲਾ ਬਣਾ ਕੇ ਭਾਰਤੀ ਸਟੇਟ ਨਾਲ ਲੜਾਈ ਲੜਨ ਦਾ ਪੈਂਤੜਾ ਸਹੀ ਸੀ ਜਾਂ ਨਹੀਂ!

# ਅਮੋਲਕ ਸਿੰਘ ਜੰਮੂ ਨੂੰ ਯਾਦ ਕਰਦਿਆਂ...



2008 ਵਿਚ ਸ. ਅਮੋਲਕ ਸਿੰਘ ਜੰਮੂ ਦਾ ਜਨਮ ਦਿਨ ਮਨਾਏ ਜਾਣ ਦੀ ਇਕ ਪੁਰਾਣੀ ਯਾਦਗਾਰ।

ਕੌਲ਼ਾਂ ਦੇ ਪੱਕੇ ਅਤੇ ਸਿਰੜੀ ਸੁਖ਼ਨਵਰ...ਅਮੋਲਕ ਸਿੰਘ ਜੰਮੂ ਦੀ ਸ਼ਖ਼ਸੀਅਤ ਨੂੰ ਦੋ-ਚਾਰ ਲਾਈਨਾਂ ਵਿਚ ਬੰਦ ਕਰਨਾ ਇਨਸਾਫ ਨਹੀਂ ਹੋਵੇਗਾ। ਕੁੱਜਿਆਂ ਵਿਚ ਸਮੁੰਦਰ ਬੰਦ ਨਹੀਂ ਹੁੰਦੇ ਤੇ ਨਾ ਹੀ ਇਹੋ ਜਿਹੇ ਵਿਸ਼ਾਲ ਦਿਲ ਵਾਲੇ ਦਿਲਦਾਰ ਹੀ।

ਢਾਈ ਕੁ ਦਹਾਕੇ ਪਹਿਲਾਂ ਲਏ 'ਪੰਜਾਬ ਟਾਈਮਜ਼' ਦੇ ਸੁਪਨੇ ਨੂੰ ਰੂਹ ਨਾਲ ਸਾਕਾਰ ਹੀ ਨਹੀਂ ਕੀਤਾ, ਬਲਕਿ, ਬੁਲੰਦੀਆਂ ਤੱਕ ਵੀ ਪਹੁੰਚਾਇਆ। ਸੰਘਰਸ਼ ਭਰਪੂਰ ਜੀਵਨ ਜਿਉਂਦਿਆਂ ਵੀ ਚੜ੍ਹਦੀ ਕਲਾ ਅਤੇ ਜ਼ਿੰਦਾਦਿਲੀ ਅਮੋਲਕ ਜੀ ਦੀ ਰੂਹ ਅੰਦਰ ਹਮੇਸ਼ਾ ਕਾਇਮ ਰਹਿੰਦੀ ਸੀ। ਜਿਉਂਦੇ-ਜੀਅ...ਉਹ ਪਰਬਤ ਦੀ ਹਿੱਕ ਵਿਚੋਂ ਫੁੱਟੇ ਚਸ਼ਮੇ ਵਾਂਗ ਨਿਰੰਤਰ ਵਹਿੰਦੇ ਰਹੇ...। ਭਾਈ ਵੀਰ ਸਿੰਘ ਦੀਆਂ ਇਹ ਖ਼ੂਬਸੂਰਤ ਸਤਰਾਂ ਮੈਨੂੰ ਅਕਸਰ ਹੀ ਅਮੋਲਕ ਜੰਮੂ ਦੀ ਜ਼ਿੰਦਗੀ ਨੂੰ ਬਿਆਨ ਕਰਦੀਆਂ ਲੱਗਦੀਆਂ ਰਹਿੰਦੀਆਂ ਹਨ:



**ਕੁਲਵਿੰਦਰ ਬਾਠ**
**ਫੋਨ:209 600 2897**

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ,
ਓਹ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ,
ਓਹ ਦਿਨੇ ਰਾਤ ਪਏ ਵਹਿੰਦੇ।
ਇੱਕੋ ਲਗਨ ਲੱਗੀ ਲਈ ਜਾਂਦੀ,
ਹੈ ਟੋਰ ਅਨੰਤ ਉਨ੍ਹਾਂ ਦੀ।
ਵਸਲੋਂ ਉਰੇ ਮੁਕਾਮ ਨਾ ਕੋਈ
ਸੋ ਚਾਲ ਪਏ ਨਿਤ ਰਹਿੰਦੇ।

ਦੋਸਤੋ, ਇਹ ਗੱਲ ਬਿਲਕੁਲ ਦਰੁਸਤ ਹੈ ਕਿ ਦੁਨੀਆ ਦੀ ਲੰਮੀ-ਚੌੜੀ ਭੀੜ ਵਿਚ ਉਹ ਸ਼ਖ਼ਸ ਤੁਹਾਡਾ ਆਪਣਾ ਈ ਹੁੰਦਾ ਹੈ ਜਿਸ ਨਾਲ ਗੱਲਬਾਤ ਕਰਦਿਆਂ ਮਨ ਦਾ ਦੁੱਖ ਘਟ ਜਾਏ...ਤੇ ਖ਼ੁਸ਼ੀ ਕਈ ਗੁਣਾ ਵੱਧ ਜਾਏ। ਅਮੋਲਕ ਸਿੰਘ ਨੂੰ ਕਰੀਬ ਤੋਂ ਜਾਨਣ ਵਾਲੇ ਵੀ ਉਸ ਬਾਰੇ ਕੁਝ ਇੰਜ ਹੀ ਆਖਦੇ ਨੇ! ਮੇਰਾ ਉਨ੍ਹਾਂ ਨਾਲ ਆਹਮੋ-ਸਾਹਮਣੇ ਮੇਲ-ਮਿਲਾਪ ਤਾਂ ਨਾ ਹੋ ਸਕਿਆ, ਪਰ ਈ-ਮੇਲ ਰਾਹੀਂ ਗੱਲਾਂ-ਬਾਤਾਂ ਅਕਸਰ ਹੁੰਦੀਆਂ ਰਹੀਆਂ, ਵਿਚਾਰਾਂ ਦਾ ਆਦਾਨ-ਪ੍ਰਦਾਨ ਹੁੰਦਾ ਰਿਹਾ ਅਤੇ ਰਾਬਤਾ ਕਾਇਮ ਰਿਹਾ। ਸੰਸਾਰ ਪ੍ਰਸਿੱਧ ਸਾਇੰਟਿਸਟ ਸਟੀਫਨ ਹਾਕਿੰਗ ਨੂੰ ਉਹ ਆਪਣਾ ਰੋਲ ਮਾਡਲ ਮੰਨਦੇ ਸਨ। ਪੰਜਾਬੀ ਸਾਹਿਤ ਵਿਚ ਮੇਰੀ ਰੁਚੀ ਨੂੰ ਜਾਣਦਿਆਂ ਉਨਾਂ ਕਈ ਵਾਰ ਤਾਕੀਦ ਕੀਤੀ,...'ਤੁਸੀਂ ਕੁਝ ਲਿਖਿਆ ਕਰੋ! ਲਿਖ ਕੇ 'ਪੰਜਾਬ ਟਾਈਮਜ਼' ਨੂੰ ਭੇਜਿਆ ਵੀ ਕਰੋ!' ਇੱਕ ਵਾਰ ਮੈਂ ਪੁੱਛ ਹੀ ਲਿਆ, 'ਜੇ ਕੁਝ ਲਿਖਿਆ ਅਤੇ ਭੇਜਿਆ...ਤਾਂ ਛਾਪੋਗੇ ਵੀ?' ਅੱਗੋਂ ਜਵਾਬ ਆਇਆ, 'ਹਾਂ...ਬਿਲਕੁਲ ਛਾਪਾਂਗੇ...ਜੇਕਰ 'ਛਾਪਣ ਵਾਲਾ' ਲਿਖਿਆ ਹੋਵੇਗਾ...ਤਾਂ..!'

ਜੰਮੂ ਜੀ ਬੜੇ ਸਿਰੜੀ ਇਨਸਾਨ ਸਨ। ਉਨਾਂ ਦੇ ਸਿਰੜੀ ਸੁਭਾਅ ਦੀ ਇੱਕ ਝਲਕ ਸਾਡੇ ਇਸ ਆਪਸੀ ਸੁਨੇਹੇ ਅੰਦਰ ਸਾਫ ਝਲਕਦੀ ਹੈ, ਜੋ ਉਨ੍ਹਾਂ 25 ਫ਼ਰਵਰੀ 2017 ਨੂੰ ਭੇਜਿਆ...

Bath Sahib,

Thanks for your kind words of sympathy. This will encourage me to fight with my problem. By the way Stephen Hawkins is my role model. He is fighting with ALS since more than 52 years and I am fighting with it since 42 years. I am determined to keep the fight on.

Thanks.

Amolak Singh Jammu

ਅਮੋਲਕ ਸਿੰਘ ਜੰਮੂ ਨੇ ਆਪਣੀ ਜ਼ਿੰਦਗੀ ਨੂੰ ਪੰਜਾਬੀ ਸਾਹਿਤ, ਸਮਾਜ, ਅਤੇ ਸੱਭਿਆਚਾਰ ਦੇ ਲੇਖੇ ਲਾਉਂਦਿਆਂ 'ਪੰਜਾਬ ਟਾਈਮਜ਼' ਦਾ ਜੋ ਬੂਟਾ ਲਾਇਆ ਸੀ ਉਹ ਅੱਜ ਇੱਕ ਛਾਂ-ਦਾਰ ਅਤੇ ਫ਼ਲ-ਦਾਰ ਬਿਰਖ ਬਣ ਕੇ ਉਨ੍ਹਾਂ ਦੀ ਮੁਹੱਬਤੀ ਰੂਹ ਸੰਗ ਝੂਲ ਰਿਹਾ ਹੈ...! ਸਾਹਿਤਕ ਹਲਕਿਆਂ ਵਿੱਚ 'ਪੰਜਾਬ ਟਾਈਮਜ਼' ਦਾ ਇੱਕ ਨਿਵੇਕਲਾ ਸਥਾਨ ਹੈ। ਜੰਮੂ ਜੀ ਦੇ ਸਰੀਰਕ ਤੌਰ 'ਤੇ ਵਿਛੜ ਜਾਣ ਤੋਂ ਬਾਅਦ ਉਨ੍ਹਾਂ ਦੀ ਜੀਵਨ ਸਾਥਣ ਜਸਪ੍ਰੀਤ ਕੌਰ ਅਤੇ ਟੀਮ ਪੂਰੀ ਮਿਹਨਤ ਅਤੇ ਲਿਆਕਤ ਨਾਲ ਇਸ ਮਿਸ਼ਨ ਨੂੰ ਅੱਗੇ ਤੋਰ ਰਹੇ ਹਨ।

ਭਾਵੇਂ ਜੰਮੂ ਜੀ ਸਰੀਰਕ ਤੌਰ 'ਤੇ ਵਿੱਛੜ ਗਏ, ਪਰ ਕਿਹਾ ਜਾਂਦਾ ਹੈ ਕਿ ਵਿਛੜਨ ਵਾਲੇ...ਪੂਰੀ ਤਰਾਂ ਕਦੇ ਵੀ ਨਹੀਂ ਵਿਛੜਦੇ। ਉਨ੍ਹਾਂ ਦਾ ਕੁਝ ਹਿੱਸਾ ਸਾਡੇ ਦਿਲਾਂ ਅੰਦਰ ਰਹਿ ਜਾਂਦਾ ਹੈ ਅਤੇ ਸਾਡਾ 'ਕੁਝ ਨਾ ਕੁਝ' ਉਹ ਆਪਣੇ ਨਾਲ ਲੈ ਜਾਂਦੇ ਹਨ। ਅਮੋਲਕ ਸਿੰਘ ਜੰਮੂ ਵੀ ਇਹੋ ਜਿਹੀ ਸ਼ਖ਼ਸੀਅਤ ਹੀ 'ਹਨ' ਜੋ ਜਾ ਕੇ ਵੀ ਕਦੀ ਨਹੀਂ ਗਏ...ਕੌਲ਼ਾਂ-ਕਰਾਰਾਂ ਦੇ ਪੱਕੇ ਸੁਖ਼ਨਵਰ ਸੁਰਜੀਤ ਪਾਤਰ ਜੀ ਦੇ ਕਹਿਣ ਵਾਂਗ:

ਜਦੋਂ ਤਕ ਲਫਜ਼ ਜਿਊਂਦੇ ਨੇ ਸੁਖਨਵਰ ਜਿਓਣ ਮਰ ਕੇ ਵੀ ਉਹ ਕੇਵਲ ਜਿਸਮ ਹੁੰਦੇ ਨੇ ਜੋ ਸਿਵਿਆਂ ਵਿਚ ਸੁਆਹ ਬਣਦੇ

ਅਮੋਲਕ ਜੀ ਮਿਠਬੋਲੜੇ, ਮਿਲਣਸਾਰ, ਮੁਹੱਬਤੀ ਤੇ ਖ਼ੂਬਸੂਰਤ ਸ਼ਖ਼ਸੀਅਤ, ਅਤੇ ਵਧੀਆ ਇਨਸਾਨ ਸਨ ਜੋ ਸਮਾਜ ਨੂੰ ਖ਼ੂਬਸੂਰਤ ਬਣਾਉਣ ਨੂੰ ਆਪਣਾ ਫ਼ਰਜ਼ ਸਮਝਦੇ ਸਨ। ਇਹੋ ਜਿਹੇ ਮੁਹੱਬਤੀ ਵਣਜਾਰੇ ਬਹੁਤਾਤ ਵਿਚ ਨਹੀਂ ਹੁੰਦੇ ਅਤੇ ਉਹ ਆਪਣੇ ਸਾਹਿਤਕ ਸਫ਼ਰ, ਸਮਾਜਿਕ ਅਤੇ ਸੱਭਿਆਚਾਰਕ ਕਾਰਜਾਂ ਕਰਕੇ ਲੋਕਾਂ ਦੇ ਮਨਾਂ ਵਿਚ ਵੱਸਦੇ ਰਹਿੰਦੇ ਹਨ।

ਭਾਵੇਂ...
ਕਦੇ ਕਦਾਈਂ ਹੀ ਸਹੀ
ਪਰ ਕੁਝ ਕੁ ਜ਼ਿੰਦਾ-ਦਿਲ ਲੋਕ
ਮਿਲਦੇ ਹਨ ਤਾਂ ਮਹਿਕਾਂ ਫੈਲਾ ਜਾਂਦੇ ਨੇ
ਲੰਘਦੇ-ਲੰਘਦੇ ਸੰਦਲੀ ਪੈੜਾਂ ਪਾ ਜਾਂਦੇ ਨੇ
ਜ਼ਿੰਦਾ-ਦਿਲੀ ਦੀ ਜਿਉਂਦੀ ਮਿਸਾਲ ਬਣ ਜਾਂਦੇ ਨੇ
ਚਿੱਟੀ ਧੁੱਪ ਦੀਆਂ ਕਣੀਆਂ ਵਿਚ ਖਿੜ-ਖਿੜ
ਹੱਸਦੇ ਫੁੱਲਾਂ ਵਾਂਗ ਮੁਹੱਬਤਾਂ ਵੰਡਦੇ ਜਾਂਦੇ ਨੇ
ਉਂਜ...
ਐਸੇ ਖੁੱਲ੍ਹ-ਦਿਲੇ ਲੋਕ
ਕਿਤੇ ਕਿਤੇ ਈ ਮਿਲਦੇ ਹਨ
ਬੰਦਿਆਂ ਦੀਆਂ ਲੰਮੀਆਂ ਚੌੜੀਆਂ
ਭੀੜਾਂ ਵਿਚੋਂ ਐਸੇ ਮੁਹੱਬਤੀ ਵਣਜਾਰਿਆਂ ਨੂੰ
ਢੂੰਡਣਾ ਮੁਸ਼ਕਲ ਹੁੰਦਾ ਹੈ
ਛੱਡਣਾ ਹੋਰ ਮੁਸ਼ਕਲ ਹੁੰਦਾ ਹੈ
ਵਿੱਛੜਨਾ ਉਸ ਤੋਂ ਵੀ ਮੁਸ਼ਕਲ ਹੁੰਦਾ ਹੈ
ਭੁੱਲਣਾ ਤਾਂ ਨਾਮੁਮਕਿਨ ਹੀ ਹੁੰਦਾ ਹੈ!!

ਇਸ ਮੁਹੱਬਤੀ ਇਨਸਾਨ ਨੂੰ ਜਨਮ ਦਿਨ 'ਤੇ ਯਾਦ ਕਰਦਿਆਂ...ਆਸ ਅਤੇ ਅਰਦਾਸ ਹੈ ਕਿ ਉਹ ਜਿੱਥੇ ਵੀ ਹਨ,.. ਹਮੇਸ਼ਾ ਖੁਸ਼ ਰਹਿਣ!!

## ਅਮੋਲ ਹੀਰਾ

### ਜਨਮ ਦਿਨ 'ਤੇ ਵਿਸ਼ੇਸ਼

14 ਜੁਲਾਈ ਦਾ ਦਿਨ ਆਇਆ।
ਅਮੋਲਕ ਨਾਲ ਹੀ ਚੇਤੇ ਆਇਆ।

ਚੇਤੇ ਤਾਂ ਉਂਜ ਹਰ ਹਫ਼ਤੇ ਆਉਂਦਾ,
'ਪੰਜਾਬ ਟਾਈਮਜ਼' ਹੱਥ ਜਦ ਆਉਂਦਾ।

'ਪੰਜਾਬੀ ਟ੍ਰਿਬਿਊਨ' ਛੱਡ ਇਥੇ ਆਇਆ।
'ਪੰਜਾਬ ਟਾਈਮਜ਼' ਤੇ ਹੱਥ ਅਜ਼ਮਾਇਆ

ਇੱਕੋ ਜਨੂਨ ਬਸ ਹੋਰ ਨਾ ਕੋਈ।
'ਕੱਲੀ-'ਕੱਲੀ ਇਹਦੀ ਸਤਰ ਪਰੋਈ।

ਰਾਤ ਦਿਨੇ ਬਸ ਸੋਚ ਇਸੇ ਦੀ।
ਨਾ ਆਪਣੀ ਨਾ ਹੋਰ ਕਿਸੇ ਦੀ।

ਮਾਂ ਜਿਉਂ ਆਪਣਾ ਬਾਲ ਪਾਲਦੀ,
ਤਾਣ ਲਾ ਦਿੰਦੀ, ਆਪ ਗਾਲਦੀ।

ਅਮੋਲਕ ਮੁੱਲ ਬਹੁ ਵੱਡਾ ਤਾਰਿਆ।
'ਪੰਜਾਬ ਟਾਈਮਜ਼' ਤੇ ਆਪਾ ਵਾਰਿਆ।

ਜਸਪ੍ਰੀਤ ਨੂੰ ਸੌਂਪ ਆਪ ਸਿਧਾਇਆ।
ਫੇਰ ਮੁੜਕੇ ਇਸ ਵਾਟ ਨਾ ਆਇਆ।

ਅਮੋਲਕ ਅਮੁੱਲ ਇਹ ਬੂਟਾ ਲਾ ਗਿਆ।
'ਨਾਕਾਮ' ਜੇਹਿਆਂ ਨੂੰ ਕੰਮੇ ਲਾ ਗਿਆ।
***-ਗੁਰਬਖਸ਼ ਸਿੰਘ 'ਨਾਕਾਮ'***

## ਕਾਵਿ-ਕਿਆਰੀ

### ਸਾਉਣ ਦਾ ਮਹੀਨਾ

ਡਾਢਾ ਆ ਗਿਆ ਹੈ ਸਾਉਣ, ਭੈੜਾ ਦਿੰਦਾ ਨਹੀਂ ਸੌਣ,
ਖਿੱਚ ਕੇ ਤੀਰ ਪਿਆਰਾਂ ਵਾਲ਼ੇ, ਸੀਨੇ ਮਾਰੇ ਠੰਢੀ ਪੌਣ,
ਪੈਣ ਫੁਹਾਰਾਂ ਭਿੱਜੇ ਤਨ ਬਦਨ, ਘਟਾ ਘਨਘੋਰ ਛਾਈ,
ਲਾਈ ਹੈ ਛੰਮ ਛੰਮ ਛਹਿਬਰ, ਚੰਨਾਂ ਰੂਹ ਮੇਰੀ ਤ੍ਰਿਹਾਈ।

ਦੇਖਾਂ ਬੋਲਦੇ ਕੋਇਲ ਪਪੀਹੇ, ਮੋਰ ਬਾਗੀਂ ਪੈਲਾਂ ਪਾਉਣ,
ਪਈਆਂ ਪਿੱਪਲੀ ਵੇ ਪੀਂਘਾਂ, ਕੁੜੀਆਂ ਤੀਆਂ ਮਨਾਉਣ।
ਚਾੜ੍ਹ ਪੀਂਘ ਉੱਚੇ ਅੰਬਰੀਂ, ਉਹ ਹੁਲਾਰੇ ਨਾਲ਼ ਗਾਉਣ,
ਸੜੇ ਉਦੋਂ ਤੱਤੜੀ ਦਾ ਦਿਲ, ਗੀਤ ਅੱਗ ਸੀਨੇ ਲਾਉਣ।

ਬਹਿ ਗਿਐਂ ਜਾ ਕੇ ਪ੍ਰਦੇਸ, ਆਏ ਨ ਵੇ ਭੋਰਾ ਖਿਆਲ,
ਜੋਬਨਮੱਤੀ ਦਾ ਵੇ ਅੜਿਆ, ਬਣੇ ਨ ਦੁੱਖਾਂ 'ਚ ਭਿਆਲ।
ਤੈਨੂੰ ਡਾਲਰਾਂ ਦੀ ਪੈ ਗਈ, ਮੇਰੀ ਜਿੰਦ 'ਤੇ ਬਣ ਆਈ,
ਮੈਂ ਪੀਂਦੀ ਘੁੱਟ ਸਬਰਾਂ ਦੇ, ਸੁਣਾਵਾਂ ਕਿਸ ਨੂੰ ਦੁਹਾਈ?

ਤੇਰੇ ਵਿਛੋੜੇ ਵਿਚ ਜੀਉਣਾ, ਚੰਨਾਂ ਵੇ ਹੋ ਗਿਆ ਮੁਹਾਲ,
ਸਾਉਣ ਵੱਢ ਖਾਣ ਆਉਂਦਾ, ਜਿੰਦੜੀ ਹੋਈ ਵੇ ਨਿਢਾਲ।
ਉਡਾਰੀ ਮਾਰ ਆ ਵੇ ਢੋਲਾ, ਮਿਲ ਦੁੱਖ ਸੁੱਖ ਕਰੀਏ,
ਵਾਅਦੇ ਕੀਤੇ ਜੋ ਨਿਭਾਈਏ, ਪੀੜਾਂ ਗਲ਼ ਲੱਗ ਜਰੀਏ।
***-ਸੇਵਾ ਸਿੰਘ 'ਨੂਰਪੁਰੀ'***

---

### ਬੰਦਾ

ਮੁੱਢਲੀ ਜੜ੍ਹ ਨਾੜ ਤੋਂ ਕੱਟਿਆ,
ਮਾਰ ਕਿਲਕਾਰੀ ਰੋਇਆ ਬੰਦਾ।
ਧਰਤ ਸਵਰਗ ਦੀ ਝਾਤੀ ਪਾ ਕੇ,
ਠਗਿਆ ਠਗਿਆ ਖੋਹਿਆ ਬੰਦਾ।

ਜਗਤ ਤਮਾਸ਼ਾ ਵੇਖਣ ਖ਼ਾਤਰ,
ਦੁਨੀਆਂ ਵੱਲ ਨੂੰ ਹੋਇਆ ਬੰਦਾ।
ਪ੍ਰੀਤਮ ਨਾਲੋਂ ਤੋੜ ਕੇ ਨਾਤਾ,
ਤ੍ਰਿਸ਼ਨਾ ਵਿਚ ਪਰੋਇਆ ਬੰਦਾ।

ਗੁੰਝਲ ਨੂੰ ਸੁਲਝਾਉਣ ਦੇ ਚੱਕਰ,
ਉਲਝਣਾਂ ਵਿਚ ਫਸੋਇਆ ਬੰਦਾ।
ਬਚਪਨ ਰੰਗ ਰੁਮਾਂਚਕ ਦੁਨੀਆ,
ਮੋਹਿਤ ਰੰਗਾਂ 'ਤੇ ਹੋਇਆ ਬੰਦਾ।

ਅਲਬੇਲੀ ਚੰਚਲ ਮੁਗਧ ਜਵਾਨੀ,
ਇੱਲਤਾਂ ਵਿਚ ਸੰਜੋਇਆ ਬੰਦਾ।
ਪੰਜਾਂ ਦੁਸ਼ਟਾਂ ਜਾਲ਼ ਵਿਛਾਇਆ,
ਤ੍ਰਿਸ਼ਨਾ ਵਿਚ ਸੰਜੋਇਆ ਬੰਦਾ।

ਬੇੜੀ ਵਿਚ ਮਲੀਨ ਬੋਝਾ ਭਾਰਾ,
ਪਾਪਾਂ ਭਾਰ ਡਬੋਇਆ ਬੰਦਾ।
ਕਰਤੇ ਨੂੰ ਕਦੇ ਯਾਦ ਨਾ ਕੀਤਾ,
ਗ੍ਰਿਸਤ ਨੇ ਗੁਮਰੋਹਿਆ ਬੰਦਾ।

ਦੂਸ਼ਿਤ ਚੋਲ਼ਾ ਚਿੱਕੜ ਭਰਿਆ,
ਵਕਾਰਾਂ ਬੰਦੇ ਤੋਂ ਖੋਹਿਆ ਬੰਦਾ।
ਨੈਣ ਪ੍ਰਾਣ ਅੰਗ ਝੜ ਝੜ ਜਾਂਦੇ,
ਮੁਥਾਜ ਮੰਜੇ ਦਾ ਹੋਇਆ ਬੰਦਾ।

ਅੱਥਰੀ ਜ਼ਿੰਦਗੀ ਦੇ ਗਈ ਧੋਖਾ,
ਦੁੱਖਾਂ ਕੁੱਟ ਕੁੱਟ ਚੋਇਆ ਬੰਦਾ।
ਧੁਰ ਦਰਗਾਹੋਂ ਸੱਦਾ ਆਇਆ,
ਚੁੱਕਲੋ ਚੁੱਕਲੋ ਹੋਇਆ ਬੰਦਾ।

ਜਮਦੂਤਾਂ ਨੇ ਅੜਿੱਕਾ ਡਾਹਿਆ,
ਜਾਮਾ-ਤਲਾਸ਼ੀ ਟੋਹਿਆ ਬੰਦਾ।
ਪਰਖਿਆ ਧਰਮਰਾਜ ਨੇ ਖਾਤਾ,
ਪਸ਼ੇਮਾਨੀ ਵਿਚ ਖੜੋਇਆ ਬੰਦਾ।

ਨੱਕੋ ਨੱਕ ਪਾਪਾਂ ਨਾਲ ਭਰਿਆ,
ਧੋਬੀ ਪਟੜੇ ਧੋਇਆ ਬੰਦਾ।
ਉੱਡ ਗਏ ਪ੍ਰਾਣ ਪੰਖੇਰੂ ਕਿਧਰੇ,
ਲੋਕੀਂ ਕਹਿੰਦੇ ਮੋਇਆ ਬੰਦਾ।

ਖ਼ਤਮ ਹੋ ਗਈ ਸਾਹਾਂ ਦੀ ਪੂੰਜੀ,
ਚਹੁੰ ਕੰਧਿਆਂ ਨੇ ਢੋਇਆ ਬੰਦਾ।
ਜਲ ਤੇ ਬੁਲਬੁਲਾ ਫਟਿਆ ਆਖਰ,
ਅਬਚਲ ਜੋਤ ਸਮੋਇਆ ਬੰਦਾ।

ਆਪਣੇ ਘਰ ਪਹੁੰਚ ਗਿਆ ਪੰਨੂ,
ਬੇਫ਼ਿਕਰੀ ਵਿਚ ਸੋਇਆ ਬੰਦਾ।
***-ਚਰਨਜੀਤ ਸਿੰਘ ਪੰਨੂ***

---

### ਰੱਬ ਦੀ ਕਚਹਿਰੀ

ਰੱਬ ਦੀ ਕਚਹਿਰੀ 'ਚ, ਨਾ ਮਿਲਣੇ ਵਕੀਲ ਓਏ।
ਨਾ ਉੱਥੇ ਵੱਢੀ, ਨਾ ਹੀ ਚੱਲਣੀ ਦਲੀਲ ਓਏ।

ਫ਼ੈਸਲੇ ਸੁਣਾਏ ਜਾਣੇ, ਅਮਲਾਂ ਨੂੰ ਦੇਖ ਕੇ
ਵਾਰ ਵਾਰ ਕਰੀਂ ਜਾਈਂ, ਲੱਖ ਤੂੰ ਅਪੀਲ ਓਏ।

ਭੁੱਖਿਆਂ ਪਿਆਸਿਆਂ ਨੂੰ, ਦਰੋਂ ਖਾਲੀ ਮੋੜਦੈਂ
ਮੰਦਰਾਂ 'ਚ ਲਾਈ ਤੇਰੀ, ਕਰੂ ਕੀ ਛਬੀਲ ਓਏ।

ਕੱਢ ਕੱਢ ਖ਼ਾਨਾ ਏਂ, ਗਰੀਬਾਂ ਦਿਆਂ ਢਿੱਡਾਂ 'ਚੋਂ
ਵੱਢ ਵੱਢ ਖਾਊ ਤੈਨੂੰ, ਪਾਪਾਂ ਦਾ ਮਖੀਲ ਓਏ।

ਫੇਸਬੁੱਕ ਉੱਤੇ ਚੰਗੀ, ਵੀਡੀਓ ਨੀ ਦੇਖਦਾ
ਲੁਕ ਲੁਕ ਦੇਖਦਾਂ ਏਂ, ਫ਼ੋਟੋ ਅਸ਼ਲੀਲ ਓਏ।

ਜ਼ਿੰਦਗੀ ਦੀ ਬੇੜੀ ਤੇਰੀ, ਕਿੱਦਾਂ ਲੱਗੂ ਪਾਰ ਵੇ
ਪਾਪਾਂ ਦੀਆਂ ਲਹਿਰਾਂ ਡੂੰਘੀ, ਮੌਤ ਵਾਲੀ ਝੀਲ ਓਏ।

ਮੰਜ਼ਿਲਾਂ ਤੇ ਕਿਹੜੇ ਵੇਲੇ, ਪਹੁੰਚੇਗਾ ਨਿਮਾਣਿਆ
ਸਾਹਾਂ ਦਾ ਭਰੋਸਾ ਨੀ, ਕਰੋੜਾਂ ਰਹਿੰਦੇ ਮੀਲ ਓਏ।

ਇਦ ਚਅਰਪਣਟ ਤੇ, ਅਵਾਰਡ ਲੈਣ ਵਾਲਿਆ
ਰੱਬ ਦੀਆਂ ਚੌਖਟਾਂ 'ਤੇ, ਹੋਵੇਂਗਾ ਜ਼ਲੀਲ ਓਏ।

ਪੁੱਛਣਾ ਨੀ ਉੱਥੇ, ਕਾਰੋਬਾਰਾਂ ਨੂੰ 'ਸਹੋਤਿਆ'
ਇੱਥੇ ਭਾਵੇਂ ਕਰੀ ਜਾਨਾ, ਡੀਲ ਉੱਤੇ ਡੀਲ ਓਏ।
***-ਕੁਲਵੀਰ ਸਿੰਘ ਡਾਨਸੀਵਾਲ***

---

### ਗ਼ਜ਼ਲ

ਮੈਂ ਇਕੱਲਾ ਬੈਠ ਕਰਦਾ ਜਦ ਉਡੀਕਾਂ ਤੇਰੀਆਂ।
ਕੋਲ ਮੇਰੇ ਆਉਣ ਤਦ-ਤਦ ਫੇਰ ਯਾਦਾਂ ਤੇਰੀਆਂ।

ਲੋਕ ਸੋਚਣ ਇਹ ਇਕੱਲਾ ਕਿਹੜੀ ਗੱਲੋਂ ਹੱਸ ਰਿਹਾ
ਉਹ ਕੀ ਜਾਨਣ ਜ਼ਹਿਨ ਵਿਚ ਨੇ ਮੇਰੇ ਬਾਤਾਂ ਤੇਰੀਆਂ।

ਮਰ ਗਿਆ ਹੁੰਦਾ ਕਦੋਂ ਦਾ ਪਰ ਅਜੇ ਵੀ ਜਿਉਂ ਰਿਹਾ
ਬੱਸ ਬਚਾਈ ਫਿਰਦੀਆਂ ਮੈਨੂੰ ਦੁਆਵਾਂ ਤੇਰੀਆਂ।

ਕੁਝ ਨਾ ਰਹਿਣਾ ਏਸ ਜਗ 'ਤੇ ਇੱਕ ਮੁਹੱਬਤ ਦੇ ਸਿਵਾ
ਗੂੰਜਦੀਆਂ ਹੁਣ ਵੀ ਕੰਨਾਂ ਵਿਚ ਆਵਾਜ਼ਾਂ ਤੇਰੀਆਂ।

ਇਹ ਜੋ ਦਿੰਦੇ ਨੇ ਸਲਾਮੀ ਬਿਨ ਵਜ੍ਹਾ ਹੀ ਰਾਤ ਦਿਨ
ਬੱਸ ਬਹਾਨੇ ਨਾਲ ਤੱਕ ਦੇ ਇਹ ਨੇ ਅੱਖਾਂ ਤੇਰੀਆਂ।

ਤਾਰਿਆਂ ਨੂੰ ਗਿਣ ਕਦੇ ਜਾਂ ਅੰਬਰਾਂ ਨਾਲ਼ ਬਾਤ ਪਾ
ਕਿਸ ਤਰ੍ਹਾਂ ਹੁਣ ਲੰਘਦੀਆਂ ਨੇ ਦੱਸ ਤਾਂ ਰਾਤਾਂ ਤੇਰੀਆਂ।
***-ਹਰਦੀਪ ਬਿਰਦੀ***

# ਬਾਬਾ ਫੌਜਾ ਸਿੰਘ ਦੇ ਅਕਾਲ ਚਲਾਣੇ 'ਤੇ...

*(ਪਾਠਕਾਂ ਦੀ ਸੌਖ ਲਈ ਇਹ ਲੰਮਾ ਲੇਖ ਕਿਸ਼ਤਾਂ ਵਿਚ ਪੇਸ਼ ਕੀਤਾ ਜਾ ਰਿਹੈ)*

## ਮੈਰਾਥਨ ਦੇ ਮਹਾਂਰਥੀ ਦੀਆਂ ਯਾਦਾਂ-1




**ਪ੍ਰਿੰ. ਸਰਵਣ ਸਿੰਘ**
ਫੋਨ: 647-785-1661

ਬਾਬਾ ਫੌਜਾ ਸਿੰਘ ਕੁਦਰਤ ਦਾ ਕ੍ਰਿਸ਼ਮਾ ਸੀ। ਉਹ ਸੌ ਸਾਲਾਂ ਤੋਂ ਟੱਪ ਕੇ ਵੀ ਜੁਆਨਾਂ ਵਾਂਗ ਜੀਅ ਰਿਹਾ ਸੀ। ਹਰ ਰੋਜ਼ ਤੁਰਦਾ, ਵਗਦਾ, ਦੁੜਕੀਆਂ ਲਾਉਂਦਾ ਤੇ ਆਏ ਗਏ ਨੂੰ ਹੱਸ ਕੇ ਮਿਲਦਾ। ਅਸੀਂ 8 ਮਾਰਚ 2025 ਨੂੰ ਉਹਦੇ ਬਿਆਸਪਿੰਡ ਵਾਲੇ ਘਰ ਮਿਲੇ ਸਾਂ। ਵਾਇਦਾ ਕੀਤਾ ਸੀ ਕਿ ਕੈਨੇਡਾ ਤੋਂ ਮੁੜ ਕੇ ਨਵੰਬਰ ਵਿਚ ਫਿਰ ਮਿਲਣ ਆਵਾਂਗੇ। ਪਰ ਕੁਦਰਤ ਦਾ ਭਾਣਾ 14 ਜੁਲਾਈ 2025 ਨੂੰ ਹੀ ਵਰਤ ਗਿਆ। ਵਾਹਿਗੁਰੂ ਉਹਦੀ ਰੂਹ ਨੂੰ ਸ਼ਾਂਤੀ ਦੇਵੇ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

ਬਾਬਾ ਫੌਜਾ ਸਿੰਘ ਅਜਬ ਸ਼ੈਅ ਸੀ। ਬਜ਼ੁਰਗਾਂ ਦਾ ਰੋਲ ਮਾਡਲ ਤੇ ਬੰਦੇ ਦੇ ਬੁਲੰਦ ਜੇਰੇ ਦੀ ਜਿਊਂਦੀ ਜਾਗਦੀ ਮਿਸਾਲ। ਸਿਰੜੀ, ਮਿਹਨਤੀ ਤੇ ਮੰਜ਼ਿਲਾਂ ਮਾਰਨ ਵਾਲਾ ਮੈਰਾਥਨ ਦਾ ਮਹਾਂਰਥੀ। ਬੁੱਲ੍ਹੇ ਸ਼ਾਹ ਵਰਗੀ ਮਸਤ ਤਬੀਅਤ ਦਾ ਮਾਲਕ ਤੇ ਸ਼ਾਹ ਹੁਸੈਨ ਜਿਹਾ ਫੱਕਰ। ਸਹਿਜਤਾ, ਸੁਹਿਰਦਤਾ, ਮਸੂਮੀਅਤ ਤੇ ਭੋਲੇਪਨ ਦੀ ਮੂਰਤ। ਉਹਦੀਆਂ ਗੱਲਾਂ ਸਿੱਧੀਆਂ, ਸਾਦੀਆਂ, ਭੋਲੀਆਂ ਤੇ ਨਿਰਛਲ ਸਨ। ਹਾਸਾ-ਠੱਠਾ ਕਰਨਾ ਉਹਦਾ ਸੁਭਾਅ ਸੀ ਜਿਸ ਨਾਲ ਹੱਸਦੇ ਦੀਆਂ ਅੱਖਾਂ ਛਲਕ ਪੈਂਦੀਆਂ। ਦੌੜਦਿਆਂ ਉਹਦੀ ਲੰਮੀ ਦਾੜ੍ਹੀ ਝੂਲਦੀ ਤੇ ਆਸੇ-ਪਾਸੇ ਲਹਿਰਾਉਂਦੀ।

ਰਤਾ ਸੋਚੋ, ਕੋਈ ਬੰਦਾ ਪਹਿਲੀ ਵਿਸ਼ਵ ਜੰਗ ਤੋਂ ਪਹਿਲਾਂ ਦਾ ਜੰਮਿਆ ਹੋਵੇ, ਕੋਰਾ ਅਨਪੜ੍ਹ ਤੇ ਕੁਲ ਦਸ ਗਿਣਨ ਹੀ ਜਾਣਦਾ ਹੋਵੇ। ਕੱਦ 5 ਫੁਟ 8 ਇੰਚ ਤੇ ਸਰੀਰਕ ਵਜ਼ਨ ਸਿਰਫ਼ 52 ਕਿਲੋਗਰਾਮ ਹੋਵੇ ਪਰ ਲੁਧਿਆਣੇ ਤੋਂ ਦੌੜਨ ਲੱਗਾ ਫਗਵਾੜਾ ਲੰਘ ਕੇ ਦਮ ਲਵੇ ਤੇ ਅਗਲੀ ਝੁੱਟੀ ਜਲੰਧਰ ਤੋਂ ਅਗਾਂਹ ਆਪਣੇ ਬਿਆਸਪਿੰਡ ਜਾ ਵੜੇ।



*8 ਮਾਰਚ 2025 ਨੂੰ ਬਾਬਾ ਫੌਜਾ ਸਿੰਘ ਦੇ ਬਿਆਸਪਿੰਡ ਵਾਲੇ ਘਰ ਪ੍ਰਿੰਸੀਪਲ ਸਰਵਣ ਸਿੰਘ ਆਪਣੀ ਪੁਸਤਕ 'ਸੰਸਾਰ ਦੇ ਪ੍ਰਸਿੱਧ ਖਿਡਾਰੀ' ਬਾਬਾ ਜੀ ਨੂੰ ਭੇਟ ਕਰਦਿਆਂ।*

ਬਿਆਸਪਿੰਡ ਪਹੁੰਚ ਕੇ ਆਪਣੇ ਪੋਤ੍ਰਆਂ ਨਾਲ ਹਾਸਾ-ਠੱਠਾ ਕਰੇ। ਹੱਸੇ ਹਸਾਵੇ। ਕੌਣ ਫਿਰ ਅਜਿਹੇ ਬਾਬੇ ਤੋਂ ਵਾਰੇ-ਵਾਰੇ ਨਾ ਜਾਵੇ?

ਉਹ 20ਵੀਂ ਸਦੀ ਦੇ ਆਰੰਭ ਵਿਚ ਜੰਮਿਆ ਸੀ। ਸਦੀ ਦੇ ਅਖ਼ੀਰ ਤਕ ਅਣਗੌਲਿਆ ਰਿਹਾ। ਪਰ 21ਵੀਂ ਸਦੀ ਚੜ੍ਹਨ ਤੋਂ ਉਹ ਅਖ਼ਬਾਰੀ ਖ਼ਬਰਾਂ ਦਾ ਸ਼ਿੰਗਾਰ ਸੀ। ਉਹਦੀ ਸ਼ਖ਼ਸੀਅਤ ਨਾਲ ਅਨੇਕ ਵਿਸ਼ੇਸ਼ਤਾਵਾਂ ਜੋੜੀਆਂ ਗਈਆਂ ਹਨ, ਮੈਰਾਥਨ ਦਾ ਮਹਾਂਰਥੀ, ਪਗੜੀਧਾਰੀ ਝੱਖੜ, ਸਿਰੜੀ ਬਾਬਾ, ਬੁੱਢਿਆਂ ਦਾ ਰੋਲ ਮਾਡਲ, ਹਸਮੁਖ ਬਾਬਾ, ਬੱਲੇ ਬਾਬਾ ਫੌਜਾ ਸਿੰਘ ਦੇ! ਨਈਂ ਰੀਸਾਂ ਫੌਜਾ ਸਿੰਘ ਦੀਆਂ!!

ਉਹ ਰੌਣਕੀ ਬੰਦਾ ਸੀ। ਸਿਰੇ ਦਾ ਗਾਲੜੀ। ਬੇਫਿਕਰ, ਬੇਪਰਵਾਹ, ਬੇਬਾਕ, ਦਾਨੀ ਤੇ ਦਇਆਵਾਨ। ਮੈਰਾਥਨ ਦੌੜਾਂ ਦਾ ਬਾਦਸ਼ਾਹ। ਉਹਨੇ ਗੁੰਮਨਾਮੀ 'ਚ ਚੱਲ ਵਸਣਾ ਸੀ ਜੇ ਦੌੜਨ ਨਾ ਲੱਗਦਾ। ਬੁੱਢੇਵਾਰੇ ਦੌੜਾਂ 'ਚ ਪੈ ਕੇ ਉਹਨੇ ਪੂਰੇ ਜੱਗ ਜਹਾਨ ਵਿਚ ਬੱਲੇ-ਬੱਲੇ ਕਰਵਾਈ। ਉਸ ਨੂੰ 2004, 2008 ਤੇ 2012 ਦੀਆਂ ਓਲੰਪਿਕ ਖੇਡਾਂ ਦੀ ਮਸ਼ਾਲ ਲੈ ਕੇ ਦੌੜਨ ਦਾ ਮਾਣ ਮਿਲਿਆ। ਉਸ ਨੂੰ ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈੱਥ ਨੇ ਸੌ ਸਾਲ ਦਾ ਸੀਨੀਅਰ ਸਿਟੀਜ਼ਨ ਹੋ ਜਾਣ ਦੀ ਚਿੱਠੀ ਲਿਖ ਕੇ ਵਧਾਈ ਦਿੱਤੀ ਤੇ ਸ਼ਾਹੀ ਮਹਿਲਾਂ ਵਿਚ ਖਾਣੇ 'ਤੇ ਸੱਦਿਆ। ਮਹਾਰਾਣੀ ਨੂੰ ਮਿਲ ਕੇ ਉਹਦੀ ਉਮਰ ਹੋਰ ਵਧ ਗਈ।

ਉਹ ਸੌ ਸਾਲ ਤੋਂ ਵਡੇਰੀ ਉਮਰ ਦਾ ਇਸ ਧਰਤੀ ਦਾ ਪਹਿਲਾ ਮਨੁੱਖ ਸੀ ਜਿਸ ਨੇ 16 ਅਕਤੂਬਰ 2011 ਨੂੰ ਟੋਰਾਂਟੋ ਦੀ ਵਾਟਰ ਫਰੰਟ ਮੈਰਾਥਨ ਦੌੜ ਪੂਰੀ ਕੀਤੀ। ਉਥੇ ਉਸ ਨੇ 42.2 ਕਿਲੋਮੀਟਰ ਦਾ ਪੰਧ 8 ਘੰਟੇ 11 ਮਿੰਟ 6 ਸੈਕੰਡ ਵਿਚ ਮੁਕਾਇਆ। ਉਹਦਾ ਨਾਂ ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ ਵਿਚ ਦਰਜ ਹੋ ਜਾਣਾ ਸੀ ਜੇ ਉਹਦੀ ਜਨਮ ਤਾਰੀਖ਼ ਦਾ ਜਲੰਧਰ ਦੇ ਜਨਮ ਮਰਨ ਤਾਰੀਖ਼ਾਂ ਦੇ ਰਜਿਸਟਰਾਰ ਵੱਲੋਂ ਅਸਲੀ ਸਰਟੀਫਿਕੇਟ ਮਿਲ ਜਾਂਦਾ। ਫੌਜਾ ਸਿੰਘ ਨੇ ਮਹਾਰਾਣੀ ਐਲਿਜ਼ਾਬੈੱਥ ਵੱਲੋਂ ਭੇਜੀ ਚਿੱਠੀ ਤੇ ਆਪਣੇ ਪਾਸਪੋਰਟ ਦੀ ਕਾਪੀ ਪੇਸ਼ ਕੀਤੀ ਜੋ ਗਿੰਨੀਜ਼ ਬੁੱਕ ਵਾਲਿਆਂ ਨੇ ਜਨਮ ਤਾਰੀਖ਼ ਦਾ ਸਹੀ ਸਬੂਤ ਨਾ ਮੰਨੀ।

ਹਕੀਕਤ ਇਹ ਹੈ ਕਿ 1911 ਵਿਚ ਬਿਆਸਪਿੰਡ 'ਚ ਜੰਮੇ ਕਿਸੇ ਵੀ ਬੱਚੇ ਦਾ ਜਨਮ ਰਿਕਾਰਡ ਨਹੀਂ ਮਿਲਦਾ। ਉਦੋਂ ਕਿਸੇ ਦਾ ਜਨਮ ਰਿਕਾਰਡ ਰੱਖਿਆ ਹੀ ਨਹੀਂ ਗਿਆ। ਬੇਸ਼ਕ ਬ੍ਰਿਟਿਸ਼ ਰਾਜ ਵਿਚ ਦਿੱਲੀ ਦੇ ਇਕ ਬੰਦੇ ਨੂੰ 23 ਫਰਵਰੀ 1879 ਦੇ ਦਿਨ ਜੰਮਣ ਦਾ ਰਿਕਾਰਡ ਲੱਭ ਗਿਆ ਹੈ ਪਰ ਪੰਜਾਬ ਦੇ ਪਿੰਡਾਂ ਵਿਚ ਜੰਮੇ ਸਾਰੇ ਬੱਚਿਆਂ ਦਾ ਜਨਮ ਰਿਕਾਰਡ 20ਵੀਂ ਸਦੀ ਦੇ ਮੁੱਢਲੇ ਸਾਲਾਂ ਦਾ ਵੀ ਨਹੀਂ ਮਿਲਦਾ। ਇਸੇ ਕਰਕੇ ਫੌਜਾ ਸਿੰਘ ਦੀ ਅਸਲੀ ਜਨਮ ਤਾਰੀਖ਼ ਵੀ ਜ਼ਿਲ੍ਹਾ ਜਲੰਧਰ ਦੇ ਜਨਮ ਰਜਿਸਟਰ ਵਿਚੋਂ ਨਹੀਂ ਲੱਭੀ। ਉਸ ਤੋਂ ਵਡੇਰੀ ਉਮਰ ਦੇ ਦੋ ਬੰਦਿਆਂ ਦੀ ਗਵਾਹੀ ਤੇ ਹਲਫ਼ੀਆ ਬਿਆਨ ਦੇਣ ਉਤੇ ਹੀ ਉਸ ਦੀ ਜਨਮ ਤਾਰੀਖ਼ 1 ਅਪ੍ਰੈਲ 1911 ਲਿਖੀ ਗਈ ਜੋ ਉਸ ਦੇ ਪਾਸਪੋਰਟ ਉਤੇ ਦਰਜ ਹੈ। *(ਚਲਦਾ)*

# ਤੁਰਦਾ-ਤੁਰਦਾ ਹੀ ਤੁਰ ਗਿਐ, ਬਾਬਾ ਫ਼ੌਜਾ ਸਿੰਘ...

**ਡਾ. ਸੁਖਦੇਵ ਸਿੰਘ ਝੰਡ**
ਫ਼ੋਨ:+1 647-567-9128

ਬਾਬਾ ਫ਼ੌਜਾ ਸਿੰਘ ਚਲਾ ਗਿਆ... ਉਹ ਤੁਰਦਾ-ਤੁਰਦਾ ਹੀ ਤੁਰ ਗਿਆ ਹੈ। ਹਜ਼ਾਰਾਂ ਨੂੰ ਨਹੀਂ, ਸਗੋਂ ਲੱਖਾਂ ਨੂੰ ਹੀ ਉਸ ਨੇ ਕੇਵਲ ਤੁਰਨ ਨਹੀਂ, ਬਲਕਿ ਦੌੜਨ ਲਾਇਆ ਹੈ। ਬਾਬਾ ਫ਼ੌਜਾ ਸਿੰਘ ਨੇ ਆਪ 80 ਸਾਲ ਵਿਚ ਦੌੜਨਾ ਸ਼ੁਰੂ ਕੀਤਾ, ਜਦੋਂ ਬਹੁਤੇ ਬਾਬੇ 'ਸਿਵਿਆਂ ਦੇ ਰਾਹ' ਪੈ ਜਾਂਦੇ ਹਨ ... ਤੇ ਉਹ ਵੀ ਜਦੋਂ ਭਰ-ਜਵਾਨ ਪੁੱਤਰ ਕੁਲਦੀਪ ਸਿੰਘ ਦੀ ਮੌਤ ਨੇ ਉਸ ਨੂੰ ਕਮਲਾ-ਰਮਲਾ ਜਿਹਾ ਕਰ ਦਿੱਤਾ ਅਤੇ ਉਸ ਦੇ ਵਿਯੋਗ ਵਿਚ ਉਹ ਜਲੰਧਰ ਜ਼ਿਲੇ ਦੇ ਬਿਆਸ ਪਿੰਡ ਦੇ ਕਦੇ ਕਿਸੇ ਪਾਸੇ ਤੇ ਕਦੇ ਕਿਸੇ ਪਾਸੇ ਕੱਚੇ 'ਪਹਿਆਂ' ਵਿਚ ਦੌੜਦਾ ਫਿਰਦਾ ਆਪਣੇ ਗ਼ਮ ਨੂੰ ਘੱਟ ਕਰਨ ਦਾ ਯਤਨ ਕਰਦਾ।

ਫਿਰ ਇਕ 'ਜੌਹਰੀ' ਦੀ ਨਜ਼ਰ ਮੀਲਾਂ-ਬੱਧੀ ਦੌੜਦੇ ਹੋਏ ਇਸ 'ਨਗੀਨੇ' ਉਪਰ ਪੈ ਗਈ ਅਤੇ ਉਸਨੇ ਬਾਬਾ ਫ਼ੌਜਾ ਸਿੰਘ ਨੂੰ ਸੀਨੀਅਰ ਬਜ਼ੁਰਗਾਂ ਦੇ ਮੁਕਾਬਲੇ ਦੀ ਦੌੜ ਵਿਚ ਦੌੜਨ ਦੀ ਸਲਾਹ ਦਿੱਤੀ, ਜੋ ਇਨ੍ਹਾਂ ਦੇ ਮਨ ਨੂੰ ਭਾਅ ਗਈ। ਉਹ 'ਜੌਹਰੀ' 10,000 ਮੀਟਰ ਦਾ ਦੌੜਾਕ ਹਰਮੰਦਰ ਸਿੰਘ ਸੀ, ਜਿਸਨੇ 'ਕੋਚ' ਦੇ ਰੂਪ ਵਿਚ ਬਾਬਾ ਜੀ ਦੀ ਅਗਵਾਈ ਕੀਤੀ ਅਤੇ ਜਦੋਂ ਉਸ ਨੂੰ ਯਕੀਨ ਹੋ ਗਿਆ ਕਿ ਬਾਬਾ ਜੀ ਹੁਣ ਇਨ੍ਹਾਂ ਮੁਕਾਬਲਿਆਂ ਵਿਚ ਹਿੱਸਾ ਲੈ ਸਕਦੇ ਹਨ ਤਾਂ ਉਸਨੇ ਉਨ੍ਹਾਂ ਨੂੰ ਉਥੇ ਦੌੜਨ ਲਾ ਦਿੱਤਾ...ਤੇ ਫਿਰ ਉਸ ਤੋਂ ਬਾਅਦ, ਚੱਲ ਸੋ ਚੱਲ।

ਬਾਬਾ ਜੀ ਦੇ ਪਾਸਪੋਰਟ ਮੁਤਾਬਿਕ ਉਨ੍ਹਾਂ ਦੀ ਉਮਰ ਇਸ ਸਮੇਂ 114 ਸਾਲ 3 ਮਹੀਨੇ ਬਣਦੀ ਹੈ। ਜੇਕਰ ਇਹ 'ਸਹੀ' ਨਾ ਵੀ ਹੋਵੇ ਅਤੇ ਪਾਸਪੋਰਟ ਵਿਚ ਪੰਜ-ਚਾਰ ਸਾਲ ਵੱਧ ਵੀ ਲਿਖੀ ਗਈ ਹੋਵੇ, (ਕਿਉਂਕਿ ਬਾਬਾ ਜੀ ਅਨਪੜ੍ਹ ਹੋਣ ਕਾਰਨ ਉਨ੍ਹਾਂ ਕੋਲ ਜਨਮ-ਮਿਤੀ ਦਾ ਕੋਈ ਸਬੂਤ ਨਹੀਂ ਸੀ) ਤਾਂ ਵੀ ਇਹ 110 ਸਾਲ ਦੇ ਕਰੀਬ ਤਾਂ ਬਣਦੀ ਹੀ ਹੈ। ਇਸ ਉਮਰ ਵਿਚ ਵੀ ਦੋਵੇਂ ਵੇਲੇ ਬਾ-ਕਾਇਦਾ ਸੈਰ ਕਰਨੀ ਬਾਬਾ ਜੀ ਦਾ 'ਨਿੱਤਨੇਮ' ਸੀ। ਘਰ ਦੇ ਬਾਹਰ ਸੜਕ 'ਤੇ ਸੈਰ ਕਰਦਿਆਂ ਹੀ ਪਿੱਛੋਂ ਇੱਕ ਗੱਡੀ ਉਨ੍ਹਾਂ ਵਿਚ ਆ ਵੱਜੀ ਤੇ ਉਨ੍ਹਾਂ ਨੂੰ ਲੈ ਬੈਠੀ।

2011 ਤੋਂ 2020 ਦੇ ਦਹਾਕੇ 'ਸਿੱਖ ਸਪੋਕਸਮੈਨ' ਅਖ਼ਬਾਰ ਵਿਚ ਕੰਮ ਕਰਦਿਆਂ ਮੈਂ ਤੇ ਮੇਰੇ ਸਾਥੀ ਮਲੂਕ ਸਿੰਘ ਕਾਹਲੋਂ ਨੇ ਇੱਕ ਵਾਰ ਬਾਬਾ ਜੀ ਦੀ ਇੰਟਰਵਿਊ ਕੀਤੀ ਤੇ ਆਪਣੀ ਇਸ ਅਖ਼ਬਾਰ ਵਿਚ ਛਾਪੀ ਸੀ। ਉਦੋਂ ਉਹ ਲੰਡਨ ਵਾਲੀ ਮੈਰਾਥਨ ਵਿਚ ਨਵਾਂ ਰਿਕਾਰਡ ਬਣਾ ਕੇ ਟੋਰਾਂਟੋ ਆਏ ਸਨ। ਉਨ੍ਹਾਂ ਉਦੋਂ ਦੱਸਿਆ ਕਿ ਉਨ੍ਹਾਂ ਦੀ ਪਹਿਚਾਣ ਉਥੇ ਦਸਤਾਰ ਅਤੇ ਖੁੱਲ੍ਹੀ ਦਾਹੜੀ ਕਰਕੇ ਹੀ ਬਣੀ ਸੀ। ਇਸ ਇੰਟਰਵਿਊ ਦੌਰਾਨ ਉਨ੍ਹਾਂ ਕਿਹਾ ਸੀ, 'ਕਈ ਟੀ.ਵੀ. ਤੇ ਅਖ਼ਬਾਰਾਂ ਵਾਲੇ ਉਥੇ ਮੇਰੇ ਅੱਗੇ-ਪਿੱਛੇ ਭੱਜੇ ਫਿਰਦੇ ਸਨ, ਤਸਵੀਰਾਂ ਲੈਣ ਲਈ ਤੇ ਉਨ੍ਹਾਂ ਮੈਨੂੰ ਇੰਟਰਵਿਊ ਵੀ ਕੀਤਾ। ਮੇਰੇ ਵਰਗੇ ਕਈ ਹਜ਼ਾਰਾਂ ਹੀ ਉਥੇ ਦੌੜੀ ਫਿਰਦੇ ਸਨ, ਪਰ ਕੋਈ ਕਿਸੇ ਨੂੰ ਨਹੀਂ ਪੁੱਛ ਰਿਹਾ ਸੀ, ਬਈ ਤੂੰ ਕੌਣ



ਹੈਂ? ਮੈਨੂੰ ਵੀ ਤਾਂ ਸਿਰਫ਼ ਮੇਰੀ ਦਾਹੜੀ ਤੇ ਦਸਤਾਰ ਕਰਕੇ ਹੀ ਪੁੱਛਿਆ ਗਿਆ।'

ਹੋਰ ਕਈ ਸੁਆਲਾਂ ਸਮੇਤ ਇੱਕ ਸੁਆਲ ਬਾਬਾ ਜੀ ਦੀ ਖ਼ੁਰਾਕ ਬਾਰੇ ਵੀ ਸੀ ਜਿਸ ਦਾ ਜੁਆਬ ਦਿੰਦਿਆਂ ਉਨ੍ਹਾਂ ਦੱਸਿਆ ਸੀ ਕਿ ਉਹ ਦੁਪਹਿਰ ਵੇਲੇ ਦਾਲ਼ ਜਾਂ ਸਬਜ਼ੀ ਨਾਲ ਇੱਕ ਫੁਲਕਾ ਖਾਂਦੇ ਸਨ। ਰਾਤ ਦੀ ਰੋਟੀ ਵਿਚ ਹੀ ਦਾਲ਼/ਸਬਜ਼ੀ ਨਾਲ ਇੱਕ ਹੀ ਫੁਲਕਾ ਹੁੰਦਾ ਸੀ। ਸੌਣ ਲੱਗਿਆਂ ਦੁੱਧ ਜ਼ਰੂਰ ਪੀਣਾ ਤੇ ਕਈ ਵਾਰ ਅਧਰਕ ਦੀ ਕੜ੍ਹੀ ਵੀ ਛਕਣੀ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਸੀ, 'ਤੁਹਾਡਾ ਇਹ ਬਾਬਾ ਅਲਸੀ ਦੀਆਂ ਪਿੰਨੀਆਂ ਹਾੜ-ਸਿਆਲ ਕਦੇ ਨਹੀਂ ਮੁੱਕਣ ਦਿੰਦਾ। ਸਵੇਰੇ ਚਾਹ ਨਾਲ ਖਾਧੀ ਅਲਸੀ ਦੀ ਇੱਕ ਵੱਡੀ ਪਿੰਨੀ ਦੁਪਹਿਰ ਤੱਕ ਭੁੱਖ ਨਹੀਂ ਲੱਗਣ ਦਿੰਦੀ।'

ਬਾਬਾ ਫ਼ੌਜਾ ਸਿੰਘ ਦਾ ਸੁਭਾਅ ਬੜੇ ਹਾਸੇ-ਮਜ਼ਾਕ ਵਾਲਾ ਸੀ। 'ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ' ਵੱਲੋਂ ਕਰਵਾਏ ਜਾਂਦੇ ਸਲਾਨਾ ਈਵੈਂਟ 'ਇੰਸਪੀਰੇਸ਼ਨਲ ਸਟੈੱਪਸ' ਵਿਚ ਉਹ ਦੌੜਾਕਾਂ ਦੇ 'ਰੋਲ-ਮਾਡਲ' ਤੇ ਬਹੁਤ ਵੱਡੀ 'ਇੰਸਪੀਰੇਸ਼ਨ' ਸਨ। ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕਰਨ ਲਈ ਉਹ ਕਈ ਵਾਰ ਉਥੇ ਪਹੁੰਚੇ। ਇਹ 2017 ਜਾਂ 2018 ਦੀ ਗੱਲ ਹੋਵੇਗੀ। ਵੱਖ-ਵੱਖ ਥਾਵਾਂ ਤੋਂ ਆਰੰਭ ਹੋਈ ਮੈਰਾਥਨ/ਹਾਫ਼-ਮੈਰਾਥਨ/10 ਕਿਲੋਮੀਟਰ ਤੇ 5 ਕਿਲੋਮੀਟਰ ਸਾਰੀਆਂ ਹੀ ਦੌੜਾਂ ਦੀ ਸਮਾਪਤੀ ਡਿਕਸੀ ਗੁਰੂਘਰ ਦੇ ਸਾਹਮਣੇ ਬਣੇ ਮੰਚ ਦੇ ਨੇੜੇ ਹੋਣੀ ਸੀ। ਕੱਵਰੇਜ ਕਰਨ ਲਈ ਹੋਰ ਪੱਤਰਕਾਰਾਂ ਨਾਲ ਮੈਂ ਵੀ ਉਥੇ ਪਹੁੰਚਿਆ ਹੋਇਆ ਸੀ। ਈਵੈਂਟ ਦੇ ਤਿੰਨ-ਚਾਰ ਪ੍ਰਬੰਧਕਾਂ ਦੇ ਨਾਲ ਬਾਬਾ ਜੀ ਮੰਚ ਦੇ ਇੱਕ ਪਾਸੇ ਖੜੇ ਸਨ। ਦੌੜਾਕ ਉਥੇ ਆਉਂਦੇ ਤੇ ਬਾਬਾ ਜੀ ਉਨ੍ਹਾਂ ਦੇ ਗਲ਼ਾਂ ਵਿਚ ਮੈਡਲ ਪਾਉਂਦੇ। ਉਹ ਬਾਬਾ ਜੀ ਨਾਲ ਆਪਣੀ ਫ਼ੋਟੋ ਖਿਚਵਾਉਂਦੇ ਅਤੇ ਅੱਗੇ ਚਲੇ ਜਾਂਦੇ। ਜਦੋਂ ਵਾਹਵਾ ਈ ਦੌੜਾਕ ਭੁਗਤ ਗਏ ਅਤੇ ਬਾਬਾ ਜੀ ਲੱਗਭੱਗ ਵਿਹਲੇ ਖੜੇ ਸਨ ਤਾਂ ਮੈਂ ਤੇ ਮੇਰੇ ਇੱਕ ਸਾਥੀ ਪੱਤਰਕਾਰ ਨੇ ਬਾਬਾ ਜੀ ਨੂੰ ਪੁੱਛਿਆ, 'ਬਾਬਾ ਜੀ, ਅਸੀਂ ਕਿਸੇ ਦੌੜ ਵਿਚ ਭਾਗ ਤਾਂ ਨਹੀਂ ਲਿਆ। ਬੱਸ, ਉਨ੍ਹਾਂ ਦੀਆਂ ਤਸਵੀਰਾਂ ਹੀ ਲਈਆਂ ਹਨ ਤੇ ਦੌੜ ਦੇ ਇਸ ਈਵੈਂਟ ਦੀ ਖ਼ਬਰ ਆਪਣੀਆਂ ਅਖ਼ਬਾਰਾਂ ਵਿਚ ਛਾਪਾਂਗੇ। ਕੀ ਅਸੀਂ ਵੀ ਤੁਹਾਡੇ ਨਾਲ ਆਪਣੀ ਫ਼ੋਟੋ ਕਰਵਾ ਸਕਦੇ ਹਾਂ?' ਖਿੜ-ਖਿੜਾ ਕੇ ਹੱਸਦਿਆਂ ਬਾਬਾ ਜੀ ਨੇ ਕਿਹਾ, 'ਆਜੋ-ਆਜੋ ਬਈ, ਤੁਸੀਂ ਵੀ। ਬਾਬਾ ਕਿਹੜਾ ਘਸ ਚੱਲਿਆ, ਤੁਹਾਡੇ ਨਾਲ ਫ਼ੋਟੋ ਖਿਚਵਾਉਂਦਿਆਂ।'... ਤੇ ਫਿਰ ਅਸੀਂ ਵੀ ਫ਼ੋਟੋ ਖਿਚਵਾ ਲਈ।

ਖ਼ੁਸ਼-ਮਿਜ਼ਾਜ ਬਾਬਾ ਫ਼ੌਜਾ ਸਿੰਘ ਜੀ 14 ਜੁਲਾਈ ਨੂੰ ਸੱਭ ਨੂੰ ਸਦੀਵੀ-ਵਿਛੋੜਾ ਦੇ ਗਏ ਹਨ। ਇਹ ਵਿਛੋੜਾ ਅਸਹਿ ਹੈ, ਸਾਰਿਆਂ ਦੇ ਲਈ। ਜਾਣਾ ਤਾਂ ਸੱਭਨਾਂ ਨੇ ਹੀ ਹੈ। ਪਰ ਇਸ ਦੇ ਨਾਲ ਹੀ ਸਾਡੇ ਸਾਰਿਆਂ ਲਈ ਇਹ ਤਸੱਲੀ ਵਾਲੀ ਗੱਲ ਵੀ ਹੈ ਕਿ ਉਹ ਏਨੀ ਲੰਮੀ, ਤੰਦਰੁਸਤ ਤੇ ਵਧੀਆ ਉਮਰ ਭੋਗ ਕੇ ਅਤੇ ਆਪਣਾ ਤੇ ਆਪਣੀ ਕਮਿਊਨਿਟੀ ਦਾ ਨਾਂ ਸਾਰੀ ਦੁਨੀਆਂ ਵਿਚ ਉੱਚਾ ਕਰਕੇ ਗਏ ਹਨ। ਪਰਮਾਤਮਾ ਉਨ੍ਹਾਂ ਦੀ ਰੂਹ ਨੂੰ ਸ਼ਾਂਤੀ ਬਖ਼ਸ਼ੇ! .... ਆਮੀਨ!

# ਸਿੱਖ ਅਜਾਇਬ ਘਰ ਵਿਚ ਸੁਸ਼ੋਭਿਤ ਹੋਵੇ ਬਾਬਾ ਫੌਜਾ ਸਿੰਘ ਦੀ ਤਸਵੀਰ

**ਡਾ. ਗੁਰਵਿੰਦਰ ਸਿੰਘ**

114 ਸਾਲਾ ਬਜ਼ੁਰਗ, ਮੈਰਾਥਨ ਦੌੜਾਂ ਦਾ ਬਾਦਸ਼ਾਹ ਅਤੇ ਦਸਤਾਰਧਾਰੀ ਤੂਫ਼ਾਨ ਸਿੱਖ (ਟਰਬਅਨਡ ਟੋਰਨਅਡੋ ਕਿਹ) ਦੇ ਨਾਂ ਨਾਲ ਜਾਣੇ ਜਾਂਦੇ ਬਾਬਾ ਫੌਜਾ ਸਿੰਘ ਪੰਜਾਬ ਦੇ ਬਿਆਸ ਪਿੰਡ 'ਚ ਸਦੀਵੀ ਵਿਛੋੜਾ ਦੇ ਗਏ ਹਨ। ਉਹ ਸੈਰ ਕਰਦਿਆਂ ਇਕ ਹਾਦਸੇ ਦੀ ਲਪੇਟ ਵਿਚ ਆ ਗਏ, ਜੋ ਜਾਨ ਲੇਵਾ ਸਾਬਤ ਹੋਇਆ। ਇਸ ਤੋਂ ਵੀ ਦੁਖਦਾਈ ਤੇ ਸ਼ਰਮਨਾਕ ਗੱਲ ਇਹ ਹੈ ਕਿ ਉਨ੍ਹਾਂ ਨੂੰ ਟੱਕਰ ਮਾਰਨ ਵਾਲਾ ਜ਼ਾਲਮ ਰੁਕਿਆ ਨਹੀਂ, ਬਲਕਿ ਘਟਨਾ ਥਾਂ ਤੋਂ ਦੌੜ ਗਿਆ। ਜਿਹੜਾ ਵਿਅਕਤੀ ਦੁਨੀਆ ਭਰ 'ਚ ਪੰਜਾਬੀਆਂ ਅਤੇ ਸਿੱਖਾਂ ਦਾ ਨਾਂ ਰੌਸ਼ਨ ਕਰਦਾ ਰਿਹਾ, ਉਹ ਪੰਜਾਬ ਦੀ ਧਰਤੀ 'ਤੇ 'ਹਿਟ ਐਂਡ ਰਨ' ਦਾ ਸ਼ਿਕਾਰ ਹੋ ਕੇ ਜਾਨ ਗਵਾ ਬੈਠਾ, ਅੱਤ ਮੰਦਭਾਗੀ, ਨਿੰਦਣਯੋਗ ਅਤੇ ਦੁਖਦਾਈ ਘਟਨਾ।

ਇਰਾਦੇ ਦੇ ਪੱਕੇ, ਸਿਰੜੀ ਅਤੇ ਬੁਲੰਦ ਹੌਸਲੇ ਵਾਲੇ ਬਾਬਾ ਫੌਜਾ ਸਿੰਘ ਅਨੇਕਾਂ ਵਿਅਕਤੀਆਂ ਦੇ ਪ੍ਰੇਰਨਾ-ਸਰੋਤ ਸਨ। ਸੰਨ 1990 ਤੋਂ ਪੱਕੇ ਤੌਰ 'ਤੇ ਇੰਗਲੈਂਡ 'ਚ ਵਾਸਾ ਕਰਨ ਵਾਲੇ ਬਾਬਾ ਫੌਜਾ ਸਿੰਘ, ਅੱਜ-ਕੱਲ੍ਹ ਬਿਆਸ ਰਹਿ ਰਹੇ ਸਨ ਅਤੇ ਹਮੇਸ਼ਾ ਚੜ੍ਹਦੀ ਕਲਾ 'ਚ ਰਹਿਣ ਵਾਲੀ ਸ਼ਖ਼ਸੀਅਤ ਸਨ। ਉਨ੍ਹਾਂ 1 ਅਪ੍ਰੈਲ 2025 ਨੂੰ ਆਪਣਾ 115ਵਾਂ ਜਨਮ ਦਿਨ ਮਨਾਇਆ ਸੀ ਅਤੇ ਉਤਸ਼ਾਹ ਨਾਲ ਚੜ੍ਹਦੀ ਕਲਾ ਵਿਚ ਨਜ਼ਰ ਆ ਰਹੇ ਸਨ। ਉਨ੍ਹਾਂ ਦੇ ਵਿਛੋੜੇ ਨੇ ਦਿਲ ਨੂੰ ਗਹਿਰੀ ਸੱਟ ਮਾਰੀ ਹੈ, ਪਰ ਉਹ ਕਿਸੇ ਬਿਮਾਰੀ ਨਾਲ ਸੰਸਾਰ ਤੋਂ ਨਹੀਂ ਗਏ, ਬਲਕਿ ਸੈਰ ਕਰਦਿਆਂ ਹੋਇਆਂ ਗੁਰੂ ਚਰਨਾਂ 'ਚ ਜਾ ਬਿਰਾਜੇ। ਉਨ੍ਹਾਂ ਨੇ 'ਸੈਰ ਦਾ ਇਸ਼ਕ' ਆਖ਼ਰੀ ਦਮ ਤੱਕ ਕਾਇਮ ਰੱਖਿਆ।

ਬੇਬਾਕ, ਬੇਫ਼ਿਕਰ ਅਤੇ ਬੇਪਰਵਾਹ ਬਾਬਾ ਫੌਜਾ ਸਿੰਘ ਵਾਹਿਗੁਰੂ ਦੀ ਧੁਨ ਵਿਚ ਮਸਤ ਰਹਿੰਦੇ ਸਨ। ਕੌਮਾਂਤਰੀ ਸਿੱਖ ਦੌੜਾਕ ਬਾਬਾ ਫੌਜਾ ਸਿੰਘ ਦੀਆਂ ਕੈਨੇਡਾ ਫੇਰੀਆਂ ਦੌਰਾਨ ਵੱਖ-ਵੱਖ ਮੁੱਦਿਆਂ 'ਤੇ ਉਨ੍ਹਾਂ ਨਾਲ ਵਿਚਾਰਾਂ ਕਰਨ ਦਾ ਸੁਭਾਗ ਮਿਲਿਆ। ਉਨ੍ਹਾਂ ਆਪਣੀ ਸਫਲਤਾ ਦਾ ਭੇਦ 'ਜ਼ਬਾਨ 'ਤੇ ਕਾਬੂ' ਨੂੰ ਕਰਾਰ ਦਿੱਤਾ। ਇਹ ਗੱਲ ਦੋਵੇਂ ਪਾਸਿਓਂ ਠੀਕ ਸੀ, ਖਾਣ ਪੀਣ ਪੱਖੋਂ ਵੀ ਆਪਣੀ ਜੀਭ 'ਤੇ ਕਾਬੂ ਅਤੇ ਬੋਲਣ ਪੱਖੋਂ ਵੀ ਕੰਟਰੋਲ। ਬਾਬਾ ਫੌਜਾ ਸਿੰਘ ਨੇ ਦੁਨੀਆ ਭਰ 'ਚ ਦਸਤਾਰ ਤੇ ਸਿੱਖੀ ਦਾ ਨਾਮ ਰੌਸ਼ਨ ਕੀਤਾ ਤੇ ਅਨੇਕਾਂ ਮਨੁੱਖਾਂ ਨੂੰ ਹਿੰਮਤ ਬਖ਼ਸ਼ੀ।

ਬਾਬਾ ਫੌਜਾ ਸਿੰਘ ਦੇ ਮੁਤਾਬਿਕ ਉਨ੍ਹਾਂ ਦਾ ਜਨਮ 1 ਅਪ੍ਰੈਲ 1911 ਨੂੰ ਬਿਆਸ ਪਿੰਡ, ਜ਼ਿਲ੍ਹਾ ਜਲੰਧਰ ਵਿਖੇ ਹੋਇਆ ਸੀ। ਇਹ ਤਾਰੀਖ਼ ਹੀ ਉਨ੍ਹਾਂ ਦੇ ਪਾਸਪੋਰਟ ਉਪਰ ਹੈ, ਬੇਸ਼ੱਕ ਦੇਸ਼ ਦੀ ਵੰਡ ਤੋਂ ਪਹਿਲਾਂ ਦੇ ਹਾਲਾਤ ਕਾਰਨ ਉਨ੍ਹਾਂ ਦਾ ਜਨਮ ਪ੍ਰਮਾਣ ਪੱਤਰ ਨਹੀਂ ਮਿਲ ਸਕਿਆ ਸੀ। ਇੱਕ ਟੈਲੀਵਿਜ਼ਨ ਇੰਟਰਵਿਊ ਦੌਰਾਨ ਉਨ੍ਹਾਂ ਮੇਰੇ ਨਾਲ ਆਪਣੇ ਬਚਪਨ ਬਾਰੇ ਸੰਜੀਦਾ ਗੱਲਾਂ ਕੀਤੀਆਂ ਅਤੇ ਦੱਸਿਆ ਕਿ ਉਨ੍ਹਾਂ ਦੀਆਂ ਲੱਤਾਂ ਜਨਮ ਤੋਂ ਹੀ ਕਮਜ਼ੋਰ ਸਨ ਅਤੇ ਸਰੀਰ ਦਾ ਭਾਰ ਚੁੱਕਣ ਤੋਂ ਵੀ ਅਸਮਰੱਥ ਸਨ। ਉਹ ਇਸ ਨੂੰ ਰੱਬੀ ਕਰਾਮਾਤ ਹੀ ਮੰਨਦੇ ਸਨ ਕਿ ਜਿਹੜਾ ਬਾਲਕ ਜ਼ਿੰਦਗੀ ਦੇ ਪੰਜ ਵਰ੍ਹੇ ਚੰਗੀ ਤਰ੍ਹਾਂ ਨਹੀਂ ਚੱਲਿਆ, ਉਹ ਬਜ਼ੁਰਗੀ ਦੀ ਉਮਰ 'ਚ ਜਾ ਕੇ, ਜ਼ਿੰਦਗੀ ਦੀ ਦੌੜ ਵਿਚ ਸਾਰਿਆਂ ਨੂੰ ਪਿੱਛੇ ਛੱਡ ਜਾਏਗਾ। ਬਾਬਾ ਫੌਜਾ ਸਿੰਘ ਦਾ ਕੱਦ 5 ਫੁਟ 8 ਇੰਚ ਤੇ ਸਰੀਰਕ ਵਜ਼ਨ 52 ਕਿਲੋਗ੍ਰਾਮ ਸੀ।

ਨਿਰਮਲ ਤੇ ਨਿਰਛਲ ਸੋਚ ਦੇ ਧਾਰਨੀ, ਸਾਦ ਮੁਰਾਦੇ ਅਤੇ ਸਰਲ ਸੁਖੈਨ ਖਿਆਲਾਂ ਵਾਲੇ ਬਾਬਾ



ਫੌਜਾ ਸਿੰਘ ਬੇਹੱਦ ਮਿਲਣਸਾਰ ਮਨੁੱਖ ਸਨ। ਇੰਗਲੈਂਡ ਵਾਸੀ ਲਿਖਾਰੀ ਡਾ. ਗੁਰਦੀਪ ਸਿੰਘ ਜਗਬੀਰ ਲਿਖਦੇ ਹਨ ਕਿ ਜ਼ਿੰਦਗੀ ਦੇ ਕਈ ਉਤਾਰ ਚੜ੍ਹਾਅ ਦੇਖਣ ਤੋਂ ਬਾਅਦ 1990 ਦੇ ਦਹਾਕੇ ਵਿਚ ਭਾਈ ਫੌਜਾ ਸਿੰਘ ਇੰਗਲੈਂਡ ਆ ਗਏ ਅਤੇ ਲੰਡਨ ਦੇ ਇਲਫੋਰਡ ਵਿਖੇ ਆਪਣੇ ਇੱਕ ਪੁੱਤਰ ਨਾਲ ਕਾਫੀ ਸਮਾਂ ਰਹਿੰਦੇ ਰਹੇ। ਉਨ੍ਹਾਂ ਕਈ ਉਮਰ ਵਰਗਾਂ ਵਿਚ ਕਈ ਵਿਸ਼ਵ ਰਿਕਾਰਡ ਤੋੜੇ ਤੇ ਕੇ ਆਪਣੇ ਨਾਮ ਕੀਤੇ। ਸਾਲ 2003 ਸਾਲ ਦੌਰਾਨ ਲੰਡਨ ਮੈਰਾਥਨ ਲਈ ਉਨ੍ਹਾਂ ਦਾ ਨਿੱਜੀ ਸਭ ਤੋਂ ਵਧੀਆ ਸਮਾਂ 6 ਘੰਟੇ 2 ਮਿੰਟ ਹੈ ਜੋ ਕਿ ਆਪਣੇ ਆਪ ਵਿਚ ਇੱਕ ਰਿਕਾਰਡ ਹੈ। ਬਾਬਾ ਫੌਜਾ ਸਿੰਘ ਨੇ ਸਾਲ 2000 ਦੇ ਦੌਰਾਨ ਲੰਡਨ ਮੈਰਾਥਨ ਲਈ ਆਪਣੀ ਪਹਿਲੀ ਦੌੜ, ਦੌੜੀ ਸੀ ਅਤੇ ਬੜੀ ਆਸਾਨੀ ਨਾਲ 20 ਕਿਲੋਮੀਟਰ ਤੱਕ ਦੌੜ ਕੇ ਇਹ ਪੈਂਡਾ ਤੈਅ ਕੀਤਾ ਸੀ। 93 ਸਾਲ ਦੀ ਉਮਰ ਵਿਚ, 90 ਤੋਂ ਵੱਧ ਉਮਰ ਵਰਗ ਵਾਲੀ ਮੈਰਾਥਨ, ਭਾਈ ਫੌਜਾ ਸਿੰਘ ਨੇ 6 ਘੰਟੇ ਅਤੇ 54 ਮਿੰਟ ਵਿਚ ਪੂਰੀ ਕੀਤੀ, ਜੋ ਕਿ ਦੁਨੀਆ ਦੇ ਸਭ ਤੋਂ ਵਧੀਆ ਮੈਰਾਥਨ ਨਾਲੋਂ 58 ਮਿੰਟ ਤੇਜ਼ ਸੀ।

ਮੈਰਾਥਨ ਦੌੜਾਂ ਦੇ ਬਾਦਸ਼ਾਹ ਬਾਬਾ ਫੌਜਾ ਸਿੰਘ ਨੂੰ 2004, 2008 ਤੇ 2012 ਦੀਆਂ ਓਲੰਪਿਕ ਖੇਡਾਂ ਦੀ ਮਸ਼ਾਲ ਲੈ ਕੇ ਦੌੜਨ ਦਾ ਮਾਣ ਮਿਲਿਆ। 100 ਸਾਲ ਦੀ ਉਮਰ ਵਿਚ, ਪਗੜੀਧਾਰੀ ਝੱਖੜ ਬਾਬਾ ਫ਼ੌਜਾ ਸਿੰਘ ਨੇ ਕੈਨੇਡਾ ਦੇ ਬਿਰਚਮਾਉਂਟ ਸਟੇਡੀਅਮ ਵਿਖੇ ਆਯੋਜਿਤ ਵਿਸ਼ੇਸ਼ ਓਨਟਾਰੀਓ ਮਾਸਟਰਜ਼ ਐਸੋਸੀਏਸ਼ਨ ਇਨਵੀਟੇਸ਼ਨਲ ਮੀਟ ਵਿਚ 'ਇੱਕ ਦਿਨ ਵਿਚ ਅੱਠ ਵਿਸ਼ਵ ਰਿਕਾਰਡ' ਆਪਣੇ ਨਾਮ ਕੀਤੇ। ਆਯੋਜਕਾਂ ਵੱਲੋਂ ਮਿੱਥੇ ਸਮੇਂ ਦੇ ਮੁਤਾਬਿਕ, 100 ਮੀਟਰ 23.14 ਵਿਚ, 200 ਮੀਟਰ 52.23 ਵਿਚ , 400 ਮੀਟਰ 2:13.48 ਵਿਚ, 5:32.18 ਵਿਚ ,800 ਮੀਟਰ 11:27.81 ਵਿਚ, 1500 ਮੀਟਰ , 11:53.45 ਵਿਚ , 3000 ਮੀਟਰ 24:52.47 ਵਿਚ , ਅਤੇ 5000 ਮੀਟਰ, 49:57.39 ਵਿਚ ਦੌੜ ਕੇ ਇਕ ਦਿਨ ਵਿਚ ਪੰਜ ਵਿਸ਼ਵ ਰਿਕਾਰਡ ਆਪਣੇ ਨਾਮ ਕੀਤੇ। 16 ਅਕਤੂਬਰ 2011 ਨੂੰ, ਭਾਈ ਫੌਜਾ ਸਿੰਘ ਨੂੰ ਟੋਰਾਂਟੋ ਵਾਟਰਫਰੰਟ ਮੈਰਾਥਨ, 8:11:06 ਸਮੇਂ ਵਿਚ ਪੂਰੀ ਕਰਨ ਲਈ, 'ਪਹਿਲਾ 100 ਸਾਲਾਂ ਦਾ ਵਿਅਕਤੀ' ਬਣਨ ਦਾ ਮਾਣ ਹਾਸਲ ਹੋਇਆ। ਇੱਕ ਵਾਰ ਜਦੋਂ ਬਾਬਾ ਫੌਜਾ ਸਿੰਘ ਨੂੰ ਮਾਣ-ਸਨਮਾਨ ਅਤੇ ਅਵਾਰਡਾਂ ਬਾਰੇ ਪੁੱਛਿਆ, ਤਾਂ ਉਨ੍ਹਾਂ ਕਿਹਾ ਕਿ ਮੈਂ ਇਨ੍ਹਾਂ ਸੰਸਾਰਕ ਮਾਣ-ਸਨਮਾਨਾਂ ਦੀ ਥਾਂ, ਲੋਕਾਂ ਵੱਲੋਂ ਮਿਲੇ ਬੇਅੰਤ ਅਤੇ ਅਥਾਹ ਸਤਿਕਾਰ ਅਤੇ ਵਿਸ਼ੇਸ਼ ਕਰਕੇ ਦੁਨੀਆ ਭਰ ਦੇ ਸਿੱਖਾਂ ਵੱਲੋਂ ਮਿਲੇ ਪਿਆਰ ਨੂੰ 'ਸਭ ਤੋਂ ਵੱਡਾ ਅਵਾਰਡ' ਮੰਨਦਾ ਹਾਂ।

ਸਹਿਜਤਾ, ਸੁਹਿਰਦਤਾ ਅਤੇ ਸਾਦਗੀ ਦੀ ਮੂਰਤ ਬਾਬਾ ਫੌਜਾ ਸਿੰਘ ਨੇ ਸੰਸਾਰ ਭਰ ਵਿਚ ਸਿੱਖੀ ਦਾ ਝੰਡਾ ਉਚਾ ਕੀਤਾ। ਉਨ੍ਹਾਂ ਦੀ ਦਸਤਾਰ 'ਤੇ ਸਜੇ ਖੰਡੇ ਦੀ ਤਸਵੀਰ ਨੇ ਸੰਸਾਰ ਭਰ ਵਿਚ ਸਿੱਖਾਂ ਦੀ ਪਛਾਣ ਨੂੰ ਚਾਰ ਚੰਨ ਲਾਏ ਹਨ। ਬੇਸ਼ਕ ਉਹ ਜਿਸਮਾਨੀ ਤੌਰ 'ਤੇ ਸੰਸਾਰ ਤੋਂ ਚਲੇ ਗਏ ਹਨ, ਪਰ ਉਨ੍ਹਾਂ ਦੀ ਯਾਦ ਤਾਜ਼ਾ ਰੱਖਣ ਲਈ ਦਰਬਾਰ ਸਾਹਿਬ ਅੰਮ੍ਰਿਤਸਰ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਉਨ੍ਹਾਂ ਦੀ ਤਸਵੀਰ ਸੁਸ਼ੋਭਿਤ ਕਰਨੀ ਚਾਹੀਦੀ ਹੈ, ਤਾਂ ਕਿ ਆਉਣ ਵਾਲੀਆਂ ਸਿੱਖ ਨਸਲਾਂ ਮਹਾਨ ਦਸਤਾਰਧਾਰੀ ਤੂਫਾਨ ਅਤੇ ਮੈਰਾਥਾਨ ਦੌੜਾਂ ਦੇ ਬਾਦਸ਼ਾਹ ਬਾਬਾ ਫੌਜਾ ਸਿੰਘ ਤੋਂ ਪ੍ਰੇਰਨਾ ਲੈ ਸਕਣ ਅਤੇ ਉਨ੍ਹਾਂ ਦੇ ਨਕਸ਼ੇ-ਕਦਮਾਂ 'ਤੇ ਚਲ ਸਕਣ! ਬੇਸ਼ੱਕ 14 ਜੁਲਾਈ 2025 ਨੂੰ ਬਾਬਾ ਫੌਜਾ ਸਿੰਘ ਦੇ ਅਕਾਲ ਚਲਾਣੇ ਨਾਲ ਸੰਸਾਰ ਭਰ 'ਚ ਵਸਦੇ ਪੰਜਾਬੀਆਂ ਵਿਚ ਸੋਗ ਦੀ ਲਹਿਰ ਹੈ। ਸਾਡੀ ਸਭਨਾਂ ਦੀ ਵਾਹਿਗੁਰੂ ਦੇ ਚਰਨਾਂ 'ਚ ਅਰਦਾਸ ਹੈ ਕਿ ਬਾਬਾ ਫੌਜਾ ਸਿੰਘ ਵਰਗੀਆਂ ਰੂਹਾਂ ਦਾ ਪਿਆਰ ਸਦਾ ਬਖ਼ਸ਼ਦੇ ਰਹਿਣ ਅਤੇ ਉਨ੍ਹਾਂ ਦੀ ਦੇਣ ਨੂੰ ਅਸੀਂ ਸਦਾ ਦਿਲਾਂ ਵਿਚ ਕਾਇਮ ਰੱਖੀਏ!

# ਮੈ.ਲ



ਗੁਰਮੀਤ ਕੜਿਆਲਵੀ
ਫੋਨ: 98726-40994

ਅੱਠਵੀਂ 'ਏ' ਜਮਾਤ ਦਾ ਹਾਲ ਕਮਰਾ। ਕਮਰੇ ਵਿਚ ਬਰਾ-ਬਰੋਬਰ ਚਾਰ ਬੈਂਚ ਲਗਦੇ ਸਨ। ਬਿਲਕੁੱਲ ਖੱਬੇ ਹੱਥ ਦਰਵਾਜ਼ੇ ਦੇ ਨਾਲ ਕਰਕੇ ਪਹਿਲਾ ਬੈਂਚ ਸੀ ਜਿਸ 'ਤੇ ਮੈਂ ਆਪਣੇ ਦੋ ਸਾਥੀਆਂ ਨਾਲ ਬੈਠਿਆ ਕਰਦਾ ਸਾਂ। ਜਮਾਤ ਦਾ ਹੁਸ਼ਿਆਰ ਵਿਦਿਆਰਥੀ ਅਤੇ ਮੋਨੀਟਰ ਹੋਣ ਕਰਕੇ ਵੀ ਮੈਨੂੰ ਅੱਗੇ ਹੀ ਬੈਠਣਾ ਹੁੰਦਾ ਸੀ। ਪਿੱਛੇ ਬੈਠਣਾ ਵੈਸੇ ਵੀ ਮੈਨੂੰ ਚੰਗਾ ਨ੍ਹੀਂ ਸੀ ਲਗਦਾ। ਹਿਸਾਬ ਵਾਲੇ ਮਾਸਟਰ ਦਾ ਚੌਥਾ ਪੀਰੀਅਡ ਹੁੰਦਾ ਸੀ। ਅੱਧੀ ਛੁੱਟੀ ਤੋਂ ਐਨ ਪਹਿਲਾਂ। ਇਸ ਮਾਸਟਰ ਦੀ ਸਾਰੀ ਕਲਾਸ ਦੇ ਦਿਲਾਂ-ਦਿਮਾਗਾਂ ਉੱਪਰ ਹੀ ਦਹਿਸ਼ਤ ਸੀ। ਜਮਾਤ 'ਚੋਂ ਇੱਕ-ਦੋ ਮੁੰਡਿਆਂ ਅਤੇ ਇੱਕ-ਦੋ ਕੁੜੀਆਂ ਨੂੰ ਛੱਡ ਕੇ ਹਿਸਾਬ ਮਾਸਟਰ ਜੀ ਦੇ ਆਖਣ ਅਨੁਸਾਰ ਸਾਰੇ 'ਮਾਤਾ ਦਾ ਮਾਲ' ਹੀ ਸਨ। ਮੇਰਾ ਹੱਥ ਹਿਸਾਬ ਵਿਚੋਂ ਤੰਗ ਤਾਂ ਨ੍ਹੀਂ ਸੀ ਪਰ ਖੁਲ੍ਹਾ ਵੀ ਨ੍ਹੀਂ ਸੀ ਬਹੁਤਾ। ਹਿਸਾਬ ਦੇ



ਇਸ ਪੀਰੀਅਡ ਵਿਚ ਸਾਰੀ ਕਲਾਸ ਨੂੰ ਹੀ ਸੱਪ ਸੁੰਘ ਜਾਂਦਾ ਸੀ। ਮਾਸਟਰ ਜੀ ਦੇ ਜਮਾਤ ਵਿਚ ਵੜਦਿਆਂ ਹੀ ਕਲਾਸ ਵਿਚ ਸਿਵਿਆਂ ਵਰਗੀ ਚੁੱਪ ਵਰਤ ਜਾਂਦੀ।

ਉਸ ਦਿਨ ਵੀ ਮਾਸਟਰ ਜੀ ਚੌਥੇ ਪੀਰੀਅਡ ਦੀ ਘੰਟੀ ਵੱਜਦਿਆਂ ਹੀ ਕਲਾਸ ਵਿਚ ਆ ਵੜੇ ਸਨ। ਕਲਾਸ ਵਿਚ ਆਉਂਦਿਆਂ ਹੀ ਉਨ੍ਹਾਂ ਪਿਛਲੇ ਹਫ਼ਤੇ ਕਰਵਾਏ ਗਏ ਸੁਆਲਾਂ ਦਾ ਟੈਸਟ ਲੈਣ ਦਾ ਐਲਾਨ ਕਰ ਦਿੱਤਾ। ਸੁਆਲ ਬੋਰਡ 'ਤੇ ਲਿਖਣ ਤੋਂ ਬਾਅਦ ਮਾਸਟਰ ਜੀ ਨੇ ਲਾਈਨਾਂ ਵਿਚ ਚੱਕਰ ਲਾਉਣਾ ਸ਼ੁਰੂ ਕਰ ਦਿੱਤਾ। ਕੁੜੀਆਂ ਵਾਲੇ ਪਾਸਿਓਂ ਚੱਕਰ ਖੱਡਦੇ-ਖੱਡਦੇ ਉਹ ਮੇਰੇ ਕੋਲ ਆ ਰੁਕੇ। ਮੈਂ ਆਪਣੇ ਧਿਆਨੇ ਮਾਸਟਰ ਜੀ ਦੇ ਪਾਏ ਸੁਆਲ ਹੱਲ ਕਰਨ ਵਿਚ ਮਗਨ ਸਾਂ। ਮਾਸਟਰ ਜੀ ਦੇ ਸਿਰ ਉੱਤੇ ਆ ਖੜ੍ਹਨ ਦਾ ਵੀ ਮੈਨੂੰ ਕੋਈ ਪਤਾ ਨ੍ਹੀਂ ਸੀ ਲੱਗਾ।

'ਆਹ ਕੀ?' ਮਾਸਟਰ ਜੀ ਨੇ ਮੇਰੀ ਕਮੀਜ਼ ਦਾ ਕਾਲਰ ਫੜ ਕੇ ਹੱਥ ਨਾਲ ਹਿਲਾਇਆ। ਮਾਸਟਰ ਜੀ ਦੇ ਕਹਿਣ ਦਾ ਮਤਲਬ ਮੇਰੇ ਸਮਝ 'ਚ ਨ੍ਹੀਂ ਸੀ ਆਇਆ। ਮੈਂ ਹੈਰਾਨੀ ਜਿਹੀ ਨਾਲ ਉਨ੍ਹਾਂ ਵੱਲ ਤੱਕਣ ਲੱਗ ਪਿਆ। ਲਗਭਗ ਚਾਲੀ ਵਿਦਿਆਰਥੀਆਂ ਵਾਲੀ ਕਲਾਸ ਵੀ ਮੇਰੇ ਟੇਬਲ ਵੱਲ ਵੇਖਣ ਲੱਗ ਪਈ।

'ਆਹ ਮੈ.ਲ ਵੇਖ ਕਿਵੇਂ ਜੰਮੀ ਪਈ ਐ। ਇਹਨੂੰ ਧੋ-ਧੁਆ ਤਾਂ ਲਿਆ ਕਰੋ ਮਾਂ ਨੂੰ। ਇਹਨੂੰ ਧੋਣ 'ਤੇ ਕਿੰਨਾ ਕੁ ਚਿਰ ਲਗਦਾ?' ਮਾਸਟਰ ਜੀ ਨੇ ਮੇਰੀ ਕਮੀਜ਼ ਵੱਲ ਵੇਖਦਿਆਂ ਉੱਚੀ ਆਵਾਜ਼ ਵਿਚ ਆਖਿਆ ਸੀ। ਮੈਂ ਕੁੱਝ ਨ੍ਹੀਂ ਸਾਂ ਬੋਲਿਆ। ਬੋਲਦਾ ਵੀ ਕੀ? ਮਾਸਟਰ ਜੀ ਇੰਨੇ ਚਿਰ ਨੂੰ ਅੱਗੇ ਚਲੇ ਗਏ ਸਨ। ਮੈਂ ਨੀਵੀਂ ਪਾਈ ਚੋਰ ਅੱਖਾਂ ਨਾਲ ਵੇਖਿਆ, ਕਲਾਸ ਦੇ ਬਹੁਤੇ ਮੁੰਡੇ ਕੁੜੀਆਂ ਮਾਸਟਰ ਜੀ ਤੋਂ ਅੱਖਾਂ ਬਚਾ ਕੇ ਅਜੇ ਵੀ ਮੇਰੇ ਵੱਲ ਹੀ ਵੇਖ ਰਹੇ ਸਨ। ਮੈਨੂੰ ਤਾਂ ਜਿਵੇਂ ਧਰਤੀ ਵਿਹਲ ਨ੍ਹੀਂ ਸੀ ਦੇ ਰਹੀ। ਮਾਸਟਰ ਜੀ ਨੇ ਟੈਸਟ ਵਿਚ ਜਿਹੜੇ ਸੁਆਲ ਪਾਏ ਸਨ, ਉਹ ਸਾਰੇ ਮੈਨੂੰ ਆਉਂਦੇ ਸਨ ਪਰ ਹੁਣ ਤਾਂ ਦਿਮਾਗ ਵਿਚ ਹਲਚਲ ਜਿਹੀ ਮੱਚ ਗਈ ਸੀ। ਸਾਰੇ ਦੇ ਸਾਰੇ ਸੁਆਲ ਹੀ ਭੁੱਲ ਗਏ ਸਨ। ਅਜੀਬ ਜਿਹਾ ਘਮਸਾਣ ਚੱਲ ਰਿਹਾ ਸੀ ਅੰਦਰ। ਦਿਮਾਗ ਵਿਚ ਕੇਵਲ ਮਾਸਟਰ ਜੀ ਦੇ ਬੋਲ ਸਨ। ਦਰਅਸਲ ਇਹ ਮਾਸਟਰ ਉਹੋ ਸੀ ਜਿਹੜਾ ਕਦੇ-ਕਦਾਈਂ ਕਲਾਸ ਵਿਚ ਕੋਈ ਨਾ ਕੋਈ ਜਾਤੀਵਾਦੀ ਸ਼ੁਰਲੀ ਵੀ ਚਲਾ ਦਿੰਦਾ ਸੀ। ਕਲਾਸ ਵਿਚ ਉਸਦੇ ਜ਼ਹਿਰੀਲੇ ਬੋਲ ਮੇਰੇ ਜਿਹੇ ਕਈ ਵਿਦਿਆਰਥੀਆਂ ਦੇ ਅੰਦਰ ਹਲਚਲ ਪੈਦਾ ਕਰਦੇ ਸਨ। ਹੁਣ ਵੀ ਮੈਨੂੰ ਲੱਗਾ ਸੀ ਜਿਵੇਂ ਮਾਸਟਰ ਜੀ ਨੇ ਮੇਰੀ ਕਮੀਜ਼ ਦੇ ਮੈਲੇ ਹੋਣ ਦੀ ਨ੍ਹੀਂ, ਮੇਰੀ ਜਾਤ ਦੇ ਮੈਲੇ ਹੋਣ ਦੀ ਹੀ ਗੱਲ ਕੀਤੀ ਹੋਵੇ।

ਮਾਸਟਰ ਜੀ ਦਾ ਜਾਤੀ ਆਧਾਰਿਤ ਹਮਲਾ ਮੇਰੇ 'ਤੇ ਤਾਂ ਨ੍ਹੀਂ ਪਰ ਪੜ੍ਹਾਈ ਵਿਚ ਕਮਜ਼ੋਰ ਵਿਦਿਆਰਥੀਆਂ 'ਤੇ ਅਕਸਰ ਹੀ ਹੁੰਦਾ ਰਹਿੰਦਾ ਸੀ। ਕੁੱਟ ਦੇ ਨਾਲ-ਨਾਲ ਉਹ ਆਪਣੇ ਜ਼ਹਿਰੀਲੇ ਬੋਲਾਂ ਦਾ ਪ੍ਰਸ਼ਾਦ ਵੀ ਦਿੰਦਾ ਰਹਿੰਦਾ, 'ਕੀ ਲੋੜ ਐ ਥੋਨੂੰ ਪੜ੍ਹਾਈ ਦੀ। ਸਰਕਾਰ ਦੇ ਜੁਆਈ ਓਂ ਤੁਸੀਂ। ਫ਼ੀਸਾਂ ਮੁਆਫ਼। ਕਿਤਾਬਾਂ ਸਰਕਾਰ ਦੇ ਦਿੰਦੀ ਐ। ਉੱਤੋਂ ਵਜ਼ੀਫ਼ਾ...। ਕੀ ਕਰਨਾ ਪੜ੍ਹ ਕੇ? ਕੰਜ਼ਰ ਦਿਆ ਜੇ ਸੀਰੀ ਲੱਗਾ ਹੋਵੇਂ ਕਿਸੇ ਦੇ, ਚਾਰ ਮਣ ਦਾਣੇ ਆਉਣ ਮਾਂ-ਪਿਉ ਦੇ ਘਰੇ। ਐਥੇ ਐਵੇਂ ਟੈਮ ਖ਼ਰਾਬ ਕਰਦਾਂ।' ਪਤਾ ਨ੍ਹੀਂ ਮਾਸਟਰ ਜੀ ਦੇ ਅੰਦਰੋਂ ਕੋਈ ਨਫ਼ਰਤ ਬੋਲਦੀ ਸੀ ਜਾਂ ਅਣਭੋਲ ਹੀ ਉਹ ਇਹ ਗੱਲਾਂ ਕਹਿ ਜਾਂਦਾ ਸੀ। ਸ਼ਾਇਦ ਉਸਨੂੰ ਇਹ ਗਿਆਨ ਨ੍ਹੀਂ ਸੀ ਕਿ ਉਸਦੇ ਇਹ ਬੋਲ ਮੇਰੇ ਵਰਗੇ ਕਿੰਨੇ ਵਿਦਿਆਰਥੀਆਂ ਦੇ ਦਿਲਾਂ 'ਤੇ ਜ਼ਖ਼ਮ ਕਰ ਦਿੰਦੇ ਸਨ। ਹੁਣ ਵੀ ਮੈਨੂੰ ਇਹੀ ਜਾਪਿਆ ਸੀ ਜਿਵੇਂ ਮਾਸਟਰ ਜੀ ਨੇ ਮੇਰੀ ਘਸੀ ਹੋਈ ਕਮੀਜ਼ ਦੀ ਮੈਲ ਦੀ ਥਾਵੇਂ ਸਾਡੇ 'ਤੇ ਜੁਗਾਂ-ਜੁਗਾਂ ਤੋਂ ਚੜ੍ਹੀ ਆਉਂਦੀ ਅਖੌਤੀ ਨੀਵੀਂ ਜਾਤੀ ਦੀ ਮੈਲ ਦੀ ਹੀ ਗੱਲ ਕੀਤੀ ਹੋਵੇ। ਇਸ ਬਹਾਨੇ ਜਿਵੇਂ ਮਾਸਟਰ ਜੀ ਨੇ ਸਾਡੇ ਸਾਰਿਆਂ ਦੀ ਗ਼ਰੀਬੀ ਦਾ ਮਜ਼ਾਕ ਉਡਾ ਦਿੱਤਾ ਹੋਵੇ।

ਸਾਰਾ ਪੀਰੀਅਡ ਮੈਂ ਆਪਣੇ-ਆਪ ਨਾਲ ਘੋਲ ਕਰਦਾ ਰਿਹਾ ਸਾਂ। ਮੈਲ ਦੀ ਅਜੀਬ ਜਿਹੀ ਗੰਧ ਮੈਨੂੰ ਆਪਣੇ-ਆਪ ਤੋਂ ਆਉਣ ਲੱਗੀ ਸੀ। ਮੇਰਾ ਸਾਰਾ ਧਿਆਨ ਤਾਂ ਅੱਧੀ ਛੁੱਟੀ ਦੀ ਘੰਟੀ ਵੱਲ ਹੀ ਲੱਗਾ ਰਿਹਾ ਸੀ। ਕਦੋਂ ਘੰਟੀ ਵੱਜੇ ਅਤੇ ਕਦੋਂ ਘਰ ਨੂੰ ਛੂਟ ਵੱਟ ਕੇ ਭੱਜਾਂ। ਜਿਉਂ ਹੀ ਘੰਟੀ ਵੱਜੀ ਮੈਂ ਬਿਨਾ ਕਿਸੇ ਨਾਲ ਗੱਲ ਕੀਤਿਆਂ ਕਾਹਲੀ-ਕਾਹਲੀ ਕਲਾਸ ਦੇ ਕਮਰੇ ਵਿਚੋਂ ਨਿੱਕਲ ਘਰ ਨੂੰ ਦੌੜ ਪਿਆ ਸੀ।

ਘਰ ਜਾਂਦਿਆਂ ਹੀ ਮੈਂ ਕਮੀਜ਼ ਲਾਹ ਕੇ ਕਾਹਲੀ-ਕਾਹਲੀ ਨਾਲ ਧੋ ਦਿੱਤੀ। ਬਾਲਟੀ ਵਿਚ ਥੋੜ੍ਹੀ ਜਿਹੀ ਨੀਲੀ ਸਿਆਹੀ ਪਾ ਕੇ, ਕਮੀਜ਼ ਨੂੰ ਨੀਲ ਵੀ ਦੇ ਲਿਆ ਸੀ। ਅੱਧੀਆਂ ਬਾਹਵਾਂ ਦੇ ਇਸ ਕਮੀਜ਼ ਨੂੰ ਮੈਂ ਪੂਰੀ ਧੁੱਪ ਵਿਚ ਖੜ੍ਹ ਕੇ ਹਿਲਾ-ਹਿਲਾ ਕੇ ਸੁਕਾ ਲਿਆ। ਸਲਾਬੀ ਜਿਹੀ ਕਮੀਜ਼ ਪਾ, ਕੂੰਡੇ ਵਿਚਲੀ ਮਿਰਚ ਨਾਲ ਦੋ ਰੋਟੀਆਂ ਅੰਦਰ ਸੁੱਟ, ਵਾਪਸ ਸਕੂਲ ਨੂੰ ਚੱਲ ਪਿਆ ਸਾਂ। ਕਲਾਸ ਵਿਚ ਕੁਝ ਮੁੰਡੇ ਤੇ ਜ਼ਿਆਦਾ ਕੁੜੀਆਂ ਜਿਵੇਂ ਮੇਰੀ ਹੀ ਉਡੀਕ ਕਰ ਰਹੀਆਂ ਸਨ। ਮੈਂ ਚੁੱਪ-ਚਾਪ ਜਾ ਕੇ ਆਪਣੇ ਬੈਂਚ 'ਤੇ ਬੈਠ ਗਿਆ। ਬਹੁਤ ਸਾਰੇ ਮੁੰਡੇ ਕੁੜੀਆਂ ਮੇਰੇ ਕੋਲ ਚੱਲ ਕੇ ਆ ਗਏ। ਕੁੜੀਆਂ ਦੀ ਨਿਗ੍ਹਾ ਵਿਚ ਤਰਸ ਅਤੇ ਮੁੰਡਿਆਂ ਦੀ ਨਿਗ੍ਹਾ ਵਿਚ ਗੁੱਸੇ ਦੀਆਂ ਭਾਵਨਾਵਾਂ ਸਾਫ਼ ਨਜ਼ਰ ਆ ਰਹੀਆਂ ਸਨ। ਕੁੜੀਆਂ ਨੇ ਗਹੁ ਨਾਲ ਮੇਰੀ ਕਮੀਜ਼ ਵੱਲ ਵੇਖਿਆ ਸੀ।

'ਕੀ ਹੋਇਆ ਇਹਨੂੰ? ਐਨੀ ਤਾਂ ਸਾਫ਼ ਐ? ਹੋਰ ਕਿਵੇਂ ਸਾਫ਼ ਹੋਊ? ਐਵੇਂ ਵਿਚਾਰੇ ਦੀ ਬੇਜ਼ਤੀ ਕਰਤੀ...।' ਕੁੜੀਆਂ ਗੁੱਸਾ ਖੱਡਣ ਲੱਗੀਆਂ ਸਨ। ਮੇਰੀਆਂ ਅੱਖਾਂ ਵਿਚ ਉੱਤਰ ਆਇਆ ਪਾਣੀ ਉਨ੍ਹਾਂ ਨੇ ਦੇਖ ਲਿਆ ਸੀ।

'ਐਵੇਂ...ਜਿਆ। ਬਿਨਾਂ ਗੱਲ ਤੋਂ ਈ ਮੱਚਿਆ ਰਹਿੰਦੈ...ਇਹ ਮਰਦਾ ਖਪਦਾ ਵੀ ਹੈਨੀ...ਐਵੇਂ ਵਿਚਾਰੇ ਨੂੰ...।' ਕੁਲਵੰਤ, ਮਨਜਿੰਦਰ, ਬਲਜੀਤ, ਤਰਸੇਮ...ਕਈ ਕੁੜੀਆਂ ਸਨ। ਕੁਝ ਨੇ ਤਾਂ ਮੇਰੇ ਵੱਲ ਵੇਖਦਿਆਂ ਅੱਖਾਂ ਵੀ ਭਰ ਲਈਆਂ ਸਨ।

'ਪੁੱਛਣਾ ਤਾਂ ਚਾਹੀਦੈ...ਦੱਸ ਕੀ ਹੋਇਆ ਐਸ ਕਮੀਜ਼ ਨੂੰ? ਚੰਗੀ ਭਲੀ ਸਾਫ਼ ਤਾਂ ਹੈਗੀ ਐ। ਤੇਰੀਓ ਨਿਗਾਹ ਖ਼ਰਾਬ ਐ...ਅਖੇ ਧੋ-ਧਾ ਲਿਆ ਕਰੋ...ਕਿਸੇ ਥਾਂ ਦਾ।'

ਕੀ ਦੱਸਦਾ ਮੈਂ ਕੁੜੀਆਂ ਨੂੰ? ਇੱਕੋ ਹੀ ਤਾਂ ਕਮੀਜ਼ ਸੀ ਮੇਰੇ ਕੋਲ ਸਕੂਲ ਪਾਉਣ ਵਾਲਾ ਜਿਸਨੂੰ ਆਥਣੇ ਸਕੂਲੋਂ ਜਾ ਕੇ ਧੋ ਲਿਆ ਜਾਂਦਾ। ਕੱਲ੍ਹ ਜ਼ਿਆਦਾ ਕੰਮਾਂ-ਕਾਰਾਂ ਵਿਚ ਬੀਬੀ ਕਮੀਜ਼ ਧੋ ਨ੍ਹੀਂ ਸੀ ਸਕੀ ਇਸ ਕਰਕੇ ਮੈਲਾ ਹੀ ਪਾ ਕੇ ਆਉਣਾ ਪਿਆ ਸੀ। ਦਰਅਸਲ ਕਮੀਜ਼ ਮੈਲਾ ਨ੍ਹੀਂ ਸੀ, ਬਲਕਿ ਜ਼ਿਆਦਾ ਹੀ ਪੁਰਾਣਾ ਸੀ ਜਿਸ ਕਰਕੇ ਕੱਪੜਾ ਆਪਣੀ ਚਮਕ ਗੁਆ ਚੁੱਕਾ ਸੀ। ਕੱਪੜੇ ਵਿਚ ਪਰਾਣ ਪੈ ਚੁੱਕੀ ਹੋਣ ਕਰਕੇ, ਇਹ ਸਾਫ਼ ਹੁੰਦਿਆਂ ਵੀ ਮੈਲਾ ਹੀ ਲੱਗਦਾ ਸੀ। ਹੁਣ ਜਦੋਂ ਮੈਂ ਤਾਜ਼ਾ-ਤਾਜ਼ਾ ਕਮੀਜ਼ ਧੋ ਕੇ ਨੀਲ ਦੇ ਕੇ ਲਿਆਇਆ ਸਾਂ ਤਾਂ ਕੱਪੜੇ ਵਿਚ ਜਿਵੇਂ ਕੁਝ ਜਾਨ ਪੈ ਗਈ ਸੀ।

'ਕਿੰਨਾ ਚੰਗਾ ਮੁੰਡਾ...ਐਵੇਂ...ਮੂਡ ਖ਼ਰਾਬ ਕਰ'ਤਾ।' ਪਤਾ ਨ੍ਹੀਂ ਕੌਣ ਬੋਲੀ ਸੀ, ਮੈਨੂੰ ਪਤਾ ਨ੍ਹੀਂ ਚੱਲਿਆ। ਮੈਂ ਤਾਂ ਨੀਵੀਂ ਪਾਈ ਪੈਨਸਲ ਨਾਲ ਬੈਂਚ ਖੁਰਚੀ ਜਾਂਦਾ ਸਾਂ। ਕੁੜੀਆਂ ਦੇ ਗੁੱਸੇ ਦਾ ਕਾਰਨ ਇਹ ਵੀ ਸੀ ਕਿ ਮੈਂ ਸਾਰੀ ਕਲਾਸ ਵਿਚ ਹੀ ਹਰਮਨ ਪਿਆਰਾ ਸਾਂ। ਸਾਰੇ ਮੁੰਡੇ-ਕੁੜੀਆਂ ਮੈਨੂੰ ਪਿਆਰ ਕਰਦੇ ਸਨ। ਪੜ੍ਹਾਈ ਵਿਚ ਹੁਸ਼ਿਆਰ, ਕੰਮ ਕਾਰ ਨੂੰ ਮਿਹਨਤੀ ਅਤੇ ਸੁਭਾਅ ਤੋਂ ਕੂੰਨਾ ਸਾਂ। ਆਮ ਮੁੰਡਿਆਂ ਵਾਂਗ ਕਿਸੇ ਨਾਲ ਲੜਾਈ ਝਗੜਾ ਤਾਂ ਮੇਰਾ ਕਦੇ ਹੋਇਆ ਹੀ ਨ੍ਹੀਂ ਸੀ। ਸ਼ਰਾਰਤ ਵੀ ਘੱਟ-ਵੱਧ ਹੀ ਕਰਦਾ। ਸਾਰੀ ਜਮਾਤ ਦੀਆਂ ਨਿਗਾਹਾਂ ਵਿਚ ਮੈਂ 'ਚੰਗਾ' ਸਮਝਿਆ ਜਾਦਾ।

**ਗੁਰਮੀਤ ਕੜਿਆਲਵੀ, ਪੰਜਾਬੀ ਦਾ ਉੱਘਾ ਕਹਾਣੀਕਾਰ ਅਤੇ ਵਾਰਤਕਕਾਰ ਹੈ, ਜੋ ਕਥਾ ਪੁਸਤਕਾਂ, ਕਹਾਣੀਆਂ, ਬਾਲ ਸਾਹਿਤ ਦੀਆਂ ਪੁਸਤਕਾਂ ਅਤੇ ਵਾਰਤਕ ਪੁਸਤਕਾਂ ਤੋਂ ਇਲਾਵਾ ਨਾਟਕ ਵੀ ਲਿਖ ਚੁੱਕਾ ਹੈ। ਉਸ ਦੀ ਕਹਾਣੀ ਆਤੂ ਖੋਜੀ 'ਤੇ ਲਘੂ ਫਿਲਮ ਬਣ ਚੁੱਕੀ ਹੈ ਤੇ ਬਹੁਤ ਸਾਰੀਆਂ ਕਹਾਣੀਆਂ ਦਾ ਨਾਟਕੀਕਰਨ ਹੋ ਚੁੱਕਾ ਹੈ। ਉਸ ਦੀਆਂ ਕਈ ਰਚਨਾਵਾਂ ਸਕੂਲ ਅਤੇ ਯੂਨੀਵਰਸਿਟੀ ਦੇ ਸਿਲੇਬਸ ਵਿਚ ਵੀ ਸ਼ਾਮਿਲ ਹਨ। ਪ੍ਰਿੰਸੀਪਲ ਸੁਜਾਨ ਸਿੰਘ ਅਤੇ ਪ੍ਰੀਤਲੜੀ ਪੁਰਸਕਾਰ ਸਮੇਤ ਕਈ ਸਨਮਾਨ ਹਾਸਲ ਕਰ ਚੁੱਕੇ ਕੜਿਆਲਵੀ ਦੀਆਂ ਰਚਨਾਵਾਂ ਹਿੰਦੀ, ਮਰਾਠੀ, ਗੁਜਰਾਤੀ ਤੇ ਸ਼ਾਹਮੁਖੀ 'ਚ ਵੀ ਅਨੁਵਾਦ/ਲਿਪੀਅੰਤਰ ਹੋ ਕੇ ਛਪ ਚੁੱਕੀਆਂ ਹਨ। ਅਸੀਂ ਆਪਣੇ ਪਾਠਕਾਂ ਲਈ ਉਸ ਦੀਆਂ ਕਹਾਣੀਆਂ ਦਾ ਕਾਲਮ ਸ਼ੁਰੂ ਕਰਨ ਜਾ ਰਹੇ ਹਾਂ, ਉਮੀਦ ਹੈ ਪਾਠਕਾਂ ਨੂੰ ਪਸੰਦ ਆਵੇਗਾ।**

ਅਗਲੀ ਘੰਟੀ ਵੱਜਣ ਨਾਲ ਹੀ ਗੱਲ ਆਈ-ਗਈ ਹੋ ਗਈ। ਉਸ ਤੋਂ ਬਾਅਦ ਕਿਸੇ ਨੇ ਵੀ ਮੇਰੀ ਕਮੀਜ਼ ਸਬੰਧੀ ਗੱਲ ਨਾ ਛੇੜੀ। ਉਂਜ ਮੈਨੂੰ ਲੱਗਦਾ ਰਹਿੰਦਾ ਜਿਵੇਂ ਕਲਾਸ ਦਾ ਹਰ ਵਿਦਿਆਰਥੀ ਮੇਰੀ ਕਮੀਜ਼ ਵੱਲ ਗਹੁ ਨਾਲ ਦੇਖ ਰਿਹਾ ਹੋਵੇ। ਮੈਨੂੰ ਆਪਣੇ ਕੱਪੜਿਆਂ 'ਚੋਂ ਖਾਹ-ਮਖਾਹ ਹੀ ਅਜੀਬ ਪ੍ਰਕਾਰ ਦੀ ਗੰਧ ਆਉਂਦੀ ਮਹਿਸੂਸ ਹੁੰਦੀ। ਮੈਨੂੰ ਆਪਣੀ ਕਮੀਜ਼ 'ਤੇ ਮੈਲ ਚਮਕਦੀ ਦਿਖਾਈ ਦਿੰਦੀ। ਮੈਂ ਕੁੜੀਆਂ-ਮੁੰਡਿਆਂ ਤੋਂ ਅੱਖਾਂ ਚੁਰਾਉਂਦਾ ਰਹਿੰਦਾ। ਜੇਕਰ ਕਲਾਸ ਵਿਚ ਕਦੇ ਹੱਸਦਾ ਵੀ ਤਾਂ ਓਪਰਾ-ਓਪਰਾ ਜਿਹਾ। ਉੱਤੋਂ-ਉੱਤੋਂ ਹੀ। ਅੰਦਰੋਂ ਮੇਰਾ ਮਨ ਖਿੜਦਾ ਹੀ ਨ੍ਹੀਂ ਸੀ। ਮੈਨੂੰ ਤਾਂ ਹਰ ਵੇਲੇ ਆਪਣੇ ਕਮੀਜ਼ ਉੱਪਰ ਜੰਮੀ ਮੈਲ ਦਾ ਹੀ ਫ਼ਿਕਰ ਲੱਗਾ ਰਹਿੰਦਾ। ਮੈਲ ਦਰਅਸਲ ਹੁਣ ਮੇਰੀ ਮਾਨਸਿਕਤਾ 'ਤੇ ਜੰਮ ਗਈ ਸੀ। ਹਿਸਾਬ ਮਾਸਟਰ ਦੇ ਪੀਰੀਅਡ ਵਿਚ ਤਾਂ ਮੈਂ ਵਾਰ ਵਾਰ ਤ੍ਰਭਕਦਾ। ਮੈਨੂੰ ਲਗਦਾ, ਕਿਸੇ ਵੀ ਵੇਲੇ ਹਿਸਾਬ ਵਾਲਾ ਮਾਸਟਰ ਮੇਰੀ ਕਮੀਜ਼ ਨੂੰ ਸੁੰਘਣ ਲੱਗ ਪਵੇਗਾ। ਕਈ ਵਾਰ ਤਾਂ ਮੈਂ ਅੱਧੀ ਛੁੱਟੀ ਰੋਟੀ ਖਾਣ ਘਰ ਗਿਆ ਕਮੀਜ਼ ਧੋ ਲਿਆਉਂਦਾ ਭਾਵੇਂ ਇਹ ਉੱਕਾ ਵੀ ਮੈਲੀ ਨਾ ਹੁੰਦੀ।

# ਮੁਸ਼ਕਿਲ ਘੜੀ ਵਿਚ ਮਿਲੇ ਮੌਕੇ ਦੀ ਕੀਮਤ

ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

**ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।**

ਸ਼ਾਇਦ ਸਤਵੀਂ ਵਿਚ ਪੜ੍ਹਦਾ ਸਾਂ...

ਪਿਤਾ ਜੀ ਨੇ ਚੈਕ ਜਮ੍ਹਾਂ ਕਰਾਉਣ ਬੈਂਕ ਭੇਜਿਆ...

ਬਟਾਲਾ ਜੀ.ਟੀ ਰੋਡ...ਇਲਾਹਾਬਾਦ ਬੈਂਕ ਲਾਈਨ ਕਾਫੀ ਲੰਮੀ ਸੀ...ਘੜੀ ਲੱਗ ਗਈ...ਬਾਹਰ ਆਇਆ ਤੇ ਵੇਖਿਆ ਸਾਈਕਲ ਚੋਰੀ ਕੀਤਾ ਜਾ ਚੁੱਕਾ ਸੀ...।

ਬੜੀਆਂ ਝਿੜਕਾਂ ਪਈਆਂ...ਚੋਰ 'ਤੇ ਗੁੱਸਾ ਆਈ ਜਾਵੇ...।

ਦੋ ਦਿਨਾਂ ਮਗਰੋਂ ਕਿਸੇ ਦੇ ਆਖਣ 'ਤੇ ਇੱਕ ਸਕੀਮ ਲੜਾਈ...ਬਗੈਰ ਤਾਲੇ ਤੋਂ ਦੂਜਾ ਸਾਈਕਲ ਐਨ ਓਸੇ ਜਗ੍ਹਾ ਖੜ੍ਹਾ ਕਰ ਆਪ ਸਾਹਮਣੇ ਦੁਕਾਨ ਦੇ ਅੰਦਰ ਲੁਕ ਕੇ ਬਹਿ ਗਏ...।

ਦੋ ਕੁ ਘੰਟੇ ਬਾਅਦ ਹੌਲੀ ਜਿਹੀ ਉਮਰ ਦਾ ਮੁੰਡਾ ਆਇਆ...

ਏਧਰ ਓਧਰ ਵੇਖ ਦੋ ਕੁ ਗੇੜੇ ਜਿਹੇ ਦੇ ਕੇ ਸਾਈਕਲ ਸਟੈਂਡ ਤੋਂ ਲਾਹ ਕੇ ਤੁਰਨ ਹੀ ਲੱਗਾ ਸੀ ਕਿ ਅਸੀਂ ਸਾਰੇ ਭੱਜ ਕੇ ਦੁਆਲੇ ਹੋ ਗਏ...ਫੇਰ ਕੁੱਟਦੇ-ਕੁਟਾਉਂਦੇ ਉਸਨੂੰ ਟੇਸ਼ਨ 'ਤੇ ਰੇਲਵੇ ਦੀ ਪੁਲਸ ਚੌਕੀ ਲੈ ਆਏ...!

ਆਖਣ ਲੱਗਾ ਸਹੁੰ ਗੁਰੂ ਦੀ...ਕੁਝ ਦਿਨ ਪਹਿਲਾਂ ਵਾਲੀ ਮੇਰੀ ਪਹਿਲੀ ਚੋਰੀ ਸੀ ਤੇ ਅੱਜ ਦੂਜੀ ਕਰਦਾ ਤੁਸਾਂ ਫੜ ਲਿਆ...ਪਿਓ ਨਸ਼ੇ ਕਰ ਕੇ ਮਰ ਗਿਆ ਤੇ ਮਾਂ ਦਮੇ ਦੀ ਮਰੀਜ਼ ਏ...ਕਿੰਨੇ ਸਾਰੇ ਛੋਟੇ ਭੈਣ ਭਾਈਆਂ ਦੀ ਜ਼ੁੰਮੇਵਾਰੀ ਮੇਰੇ 'ਤੇ ਹੈ ਤੇ ਉੱਤੋਂ ਤਿੰਨ ਮਹੀਨੇ ਦਾ ਕਿਰਾਇਆ...ਫਸੇ ਪਏ ਕੋਲੋਂ ਇਹ ਕੰਮ ਹੋ ਗਿਆ...ਇੱਕ ਵਾਰ ਜਾਣ ਦਿਓ...!

ਪਰ ਉਸਦੀ ਇਸ ਫਿਲਮੀ ਜਿਹੀ ਲੱਗਦੀ



ਕਹਾਣੀ 'ਤੇ ਕੋਈ ਇਤਬਾਰ ਨਾ ਕਰੇ...ਬੱਸ ਸਭ ਕੁੱਟੀ ਜਾਣ ਤੇ ਆਖੀ ਜਾਣ ਪਰਚਾ ਕਰਾ ਕੇ ਅੰਦਰ ਦਿਓ...!

ਪਰ ਪਿਤਾ ਜੀ ਆਖਣ ਲੱਗੇ ਕਿ ਜ਼ਰੂਰੀ ਨਹੀਂ ਕਿ ਝੂਠ ਹੀ ਬੋਲਦਾ ਹੋਵੇ...ਸੱਚ ਵੀ ਹੋ ਸਕਦਾ...ਇੱਕ ਮੌਕਾ ਤੇ ਮਿਲਣਾ ਹੀ ਚਾਹੀਦਾ ਹੈ...।

ਫੇਰ ਉਸਨੂੰ ਆਖਣ ਲੱਗੇ ਬੇਟਾ ਪਹਿਲਾ ਚੋਰੀ ਕੀਤਾ ਹੋਇਆ ਮੋੜ ਜਾ...ਤੈਨੂੰ ਪੁਲਸ ਤੋਂ ਬਚਾਉਣਾ ਮੇਰਾ ਕੰਮ ਏ!

ਅਗਲੇ ਦਿਨ ਬਿਮਾਰ ਮਾਂ ਦੇ ਨਾਲ ਆਇਆ ਤੇ ਸਾਈਕਲ ਮੋੜ ਗਿਆ...ਮਾਂ ਦੀ ਹਾਲਤ ਤੋਂ ਘਰ ਦਾ ਅੰਦਾਜਾ ਲੱਗ ਗਿਆ!

ਮਗਰੋਂ ਪਿਤਾ ਜੀ ਨੇ ਸਟੇਸ਼ਨ ਲਾਗੇ ਹੀ ਇੱਕ ਫੈਕਟਰੀ ਵਿਚ ਆਪਣੀ ਗਰੰਟੀ 'ਤੇ ਨੌਕਰੀ 'ਤੇ ਰਖਵਾ ਦਿੱਤਾ!

ਮੁੜ ਅਸੀਂ ਅੰਮ੍ਰਿਤਸਰ ਆ ਗਏ ਤੇ ਉਸਦਾ ਚੇਤਾ ਭੁੱਲ ਗਿਆ...!

ਕਾਫੀ ਅਰਸੇ ਮਗਰੋਂ 2015 ਵਿਚ ਇੱਕ ਦਿਨ ਖਬਰ ਮਿ.ਲੀ ਕਿ ਪਿਤਾ ਜੀ ਸੁਰਗਵਾਸ ਹੋ ਗਏ...।

ਬਾਹਰੋਂ ਪੰਜਾਬ ਪਹੁੰਚਿਆ...ਹੱਥੀਂ ਸੰਸਕਾਰ ਕੀਤਾ...ਮਗਰੋਂ ਭੋਗ ਵੀ ਪੈ ਗਿਆ ਤੇ ਗੋਇੰਦਵਾਲ ਸਾਹਿਬ ਫੁਲ ਵੀ ਤਾਰੇ ਗਏ...!

ਇੱਕ ਦਿਨ ਵੇਹੜੇ ਵਿਚ ਬੈਠੇ ਸਾਂ ਕਿ ਬਾਹਰ ਬੈੱਲ ਵੱਜੀ...।

ਵੇਖਿਆ ਤਾਂ ਬਾਹਰ ਦੋ ਪੁਲਸ ਵਾਲੇ ਖਲੋਤੇ ਸੀ...ਅੰਦਾਜਾ ਲਾ ਲਿਆ ਕਿ ਕਿਰਾਏ ਦੇ ਦੂਜੇ ਘਰ 'ਤੇ ਕਾਬਜ ਮੱਕਾਰ ਕਿਰਾਏਦਾਰ ਦੀ ਹੀ ਕੋਈ ਚਾਲ ਹੋਣੀ ਏ!

ਗੇਟ ਖੋਲ੍ਹਿਆ ਤਾਂ ਪੱਗ ਬੰਨ੍ਹੀਂ ਹੌਲਦਾਰ ਅੰਦਰ ਲੰਘ ਆਇਆ!

ਇਸ ਤੋਂ ਪਹਿਲਾਂ ਕਿ ਉਹ ਪਛਾਣ ਵਿਚ ਆਉਂਦਾ ਤੇ ਜਾਂ ਕੋਈ ਗੱਲ ਕਿਸੇ ਦੀ ਸਮਝ ਵਿਚ ਆਉਂਦੀ...ਉਹ ਆਖਣ ਲੱਗਾ ਜੀ ਮੈਂ ਓਹੀ ਹਾਂ ਬਟਾਲੇ ਸਾਈਕਲ ਚੋਰੀ ਕਰਨ ਵਾਲਾ ਜਿਹਨੂੰ ਸਰਦਾਰ ਜੀ ਨੇ ਕਿਸੇ ਵੇਲੇ ਬਾਂਸਲ ਸਾਹਬ ਦੀ ਫੈਕਟਰੀ ਵਿਚ ਨੌਕਰੀ 'ਤੇ ਰਖਾਇਆ ਸੀ!

ਅਗਲੀ ਕਹਾਣੀ ਦੱਸਣ ਲੱਗਾ ਭਾਵੁਕ ਹੋ ਗਿਆ...ਜਦੋਂ ਮਾਂ ਪੂਰੀ ਹੋ ਗਈ ਸੀ ਤੇ ਨਿੱਕਿਆਂ ਦੇ ਪਾਲਣ-ਪੋਸ਼ਣ ਦੀ ਜ਼ੁੰਮੇਵਾਰੀ ਮੋਢਿਆਂ 'ਤੇ ਆਣ ਪਈ!

ਫੈਕਟਰੀ ਵਾਲੇ ਬਾਂਸਲ ਸਾਹਬ ਦੀ ਸਿਫਾਰਿਸ਼ ਨਾਲ ਹੋਮਗਾਰਡ ਵਿਚ ਭਰਤੀ ਹੋ ਗਿਆ ਤੇ ਮਗਰੋਂ ਲਾਂਗਰੀ ਬਣ ਪੁਲਸ ਦਾ ਪੱਕਾ ਨੰਬਰ ਲੈ ਲਿਆ!


ਹੁਣ ਥੋੜ੍ਹੇ ਦਿਨ ਹੀ ਹੋਏ ਨੇ ਹੁਸ਼ਿਆਰਪੁਰੋਂ ਬਦਲ ਕੇ ਅੰਮ੍ਰਿਤਸਰ ਆਇਆਂ ਹਾਂ...ਟੇਸ਼ਨ ਗਿਆ ਤਾਂ ਪਤਾ ਲੱਗਾ ਸਰਦਾਰ ਜੀ ਪੂਰੇ ਹੋ ਗਏ ਨੇ...ਬਸ ਓਸੇ ਵੇਲੇ ਹੀ ਏਧਰ ਨੂੰ ਨੱਸਿਆ ਆਇਆ ਹਾਂ...ਇਸ ਤੋਂ ਮਗਰੋਂ ਫੇਰ ਉਸ ਤੋਂ ਕੋਈ ਹੋਰ ਗੱਲ ਨਾ ਹੋ ਸਕੀ!

ਥੋੜ੍ਹੇ ਚਿਰ ਦੀ ਚੁੱਪ ਮਗਰੋਂ ਆਖਣ ਲੱਗਾ ਕਿ ਵੀਰ ਜੀ ਵੀਹ ਸਾਲ ਹੋ ਗਏ ਨੇ ਪੁਲਸ ਦੀ ਨੌਕਰੀ ਕਰਦਿਆਂ...ਅੱਜ ਵੀ ਥਾਣੇ ਵਿਚ ਕੋਈ ਫਸਿਆ ਹੋਇਆ ਗਰੀਬ ਲੋੜਵੰਦ ਦਿਸ ਪਵੇ ਤਾਂ ਅਫਸਰਾਂ ਦਾ ਤਰਲਾ ਮਿੰਨਤ ਕਰ ਇੱਕ ਮੌਕਾ ਤੇ ਜ਼ਰੂਰ ਦਵਾ ਹੀ ਦਿੰਦਾ ਹਾਂ...ਕਿ ਹੋ ਸਕਦਾ ਅਗਲਾ ਮੇਰੇ ਵਾਂਙ ਸੱਚ ਹੀ ਬੋਲਦਾ ਹੋਵੇ...

ਕਿਓਂਕਿ ਇਸ ਮੁਸ਼ਕਿਲ ਘੜੀ ਵਿਚ ਮਿਲਿਆ ਹੋਇਆ ਇੱਕ ਮੌਕਾ ਕਿੰਨਾ ਕੀਮਤੀ ਹੁੰਦਾ...ਇਹ ਗੱਲ ਮੇਰੇ ਤੋਂ ਵੱਧ ਹੋਰ ਕੌਣ ਜਾਣ ਸਕਦਾ ਏ!

# ਬੁਲਡੋਜ਼ਰ: ਧਰਤੀ-ਧੱਕ ਤੋਂ ਧਰਤੀ-ਖੋਹ ਤੱਕ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਭਾਸ਼ਾਈ ਅਤੇ ਸਮਾਜਕ ਨਜ਼ਰੀਏ ਤੋਂ ਬੁਲਡੋਜ਼ਰ ਮਸ਼ੀਨ ਅਤੇ ਸ਼ਬਦ ਦੋਵਾਂ ਦਾ ਲੰਮਾ ਅਤੇ ਗੁੰਝਲਦਾਰ ਇਤਿਹਾਸ ਹੈ। ਮਸ਼ੀਨ ਵਜੋਂ ਬੁਲਡੋਜ਼ਰ ਸਮਾਂ ਪਾ ਕੇ ਨਾ ਸਿਰਫ ਸੱਤਾ ਅਤੇ ਵਿਕਾਸ ਦਾ ਪ੍ਰਤੀਕ ਹੀ ਬਣ ਗਿਆ ਸਗੋਂ ਰਾਜਕੀ ਦਮਨ ਦਾ ਜ਼ਬਰਦਸਤ ਹਥਿਆਰ ਹੋ ਨਿਬੜਿਆ ਹੈ। ਖਾਸ ਤੌਰ 'ਤੇ ਜਦ ਹਾਸ਼ੀਏ 'ਤੇ ਰਹਿ ਰਹੇ ਲੋਕਾਂ ਦੀਆਂ ਕੁੱਲੀਆਂ, ਹੱਟੀਆਂ ਤੇ ਉਪਜੀਵਕਾ ਦੇ ਹੋਰ ਸਾਧਨਾਂ ਨੂੰ ਢਾਹੁਣ ਲਈ ਵਰਤਿਆ ਜਾਣ ਲੱਗਾ। ਬੁਲਡੋਜ਼ਰ ਮਸ਼ੀਨ ਦੀ ਈਜਾਦ ਪਿਛਲੀ ਸਦੀ ਦੇ ਵੀਹਵਿਆਂ ਵਿਚ ਅਮਰੀਕਾ ਵਿਚ ਹੋਈ। ਇਸ ਤੋਂ ਪਹਿਲਾਂ ਕਰਾਹ ਵਰਗੇ ਫਾਲਿਆਂ ਵਾਲੇ ਟਰੈਕਟਰਾਂ ਦਾ ਨਿਰਮਾਣ ਕੀਤਾ ਗਿਆ ਸੀ। ਬੁਲਡੋਜ਼ਰ ਦੀ ਵਰਤੋਂ ਪਹਿਲੇ ਪਹਿਲ ਜ਼ਮੀਨ ਨੂੰ ਸਾਫ਼ ਕਰਨ, ਸੜਕਾਂ ਬਣਾਉਣ ਅਤੇ ਯੁਧ ਲਈ ਲੋੜੀਂਦੀ ਭੰਨ-ਤੋੜ ਕਰਨ ਲਈ ਹੋਈ। ਸਮਾਂ ਪਾ ਕੇ ਬੁਲਡੋਜ਼ਰ ਵਿਕਾਸਸ਼ੀਲ ਦੇਸ਼ਾਂ ਦੇ ਹੁਕਮਰਾਨਾਂ ਲਈ ਆਪਣੀ ਭਿਆਵਲੀ ਧੌਂਸਵਾਦੀ ਹਕੂਮਤ ਚਲਾਉਣ ਲਈ ਲੋਕਾਂ ਦੇ ਮਨਾਂ ਵਿਚ ਹਿੰਸਾ ਦੇ ਹਥਿਆਰ ਵਜੋਂ ਖੂਬ ਰਾਸ ਆਇਆ।

ਪਿਛਲੇ ਕੁਝ ਸਾਲਾਂ ਤੋਂ ਭਾਰਤ ਦੇ ਕੁਝ ਰਾਜਾਂ ਵਿਚ 'ਬੁਲਡੋਜ਼ਰ ਰਾਜਨੀਤੀ' ਵਾਕੰਸ਼ ਆਮ ਹੀ ਸੁਣਨ ਪੜ੍ਹਨ ਨੂੰ ਮਿਲਦਾ ਹੈ। ਬੁਲਡੋਜ਼ਰਾਂ ਨੂੰ ਗਰੀਬ ਲੋਕਾਂ ਦੀਆਂ ਝੁੱਗੀਆਂ-ਝੌਂਪੜੀਆ ਅਤੇ ਸਟਾਲਾਂ ਨੂੰ ਢਾਹੁਣ ਲਈ ਵਰਤਿਆ ਜਾਣ ਲੱਗਾ ਹੈ। ਸਰਕਾਰੀ ਤੰਤਰ ਵਲੋਂ ਅਜਿਹਾ ਕਰਨ ਲੱਗਿਆਂ ਕੋਈ ਕਾਨੂੰਨੀ ਨੋਟਿਸ ਵੀ ਘੱਟ ਹੀ ਦਿੱਤਾ ਜਾਂਦਾ ਹੈ। ਬੁਲਡੋਜ਼ਰਾਂ ਦੇ ਕਹਿਰ ਦਾ ਸ਼ਿਕਾਰ ਅਕਸਰ ਮੁਸਲਮਾਨ ਘੱਟ-ਗਿਣਤੀਆਂ ਅਤੇ ਵਿਰੋਧ ਵਿਚ ਉਠ ਰਹੇ ਰਾਜਸੀ ਜਾਂ ਸਮਾਜਸੇਵੀ ਕਾਰਕੁਨ ਹਨ। ਪਰ ਸਰਕਾਰ ਪੱਖੀ ਲੋਕ ਗ਼ੈਰ-ਕਾਨੂੰਨੀ ਢੰਗ ਨਾਲ ਹੜੱਪੀਆਂ ਜ਼ਮੀਨਾਂ ਨੂੰ ਛੁਡਾਉਣ ਲਈ ਇਸ ਦੀ ਵਰਤੋਂ ਜਾਇਜ਼ ਸਮਝਦੇ ਹਨ। ਭਾਰਤ ਹੀ ਨਹੀਂ, ਹੋਰ ਦੇਸ਼ਾਂ ਵਿਚ ਵੀ ਰਾਜਕੀ ਦਮਨ ਵਜੋਂ ਬੁਲਡੋਜ਼ਰ ਅਕਸਰ ਹੀ ਚਲਾਇਆ ਜਾਂਦਾ ਰਿਹਾ ਹੈ ਤੇ ਚਲਾਇਆ ਜਾ ਰਿਹਾ ਹੈ। ਇਜ਼ਰਾਇਲੀ ਪ੍ਰਸ਼ਾਸਨ ਲੰਮੇ ਸਮੇਂ ਤੋਂ ਫਲਸਤੀਨੀਆ ਦੇ ਘਰ ਢਾਹ ਰਿਹਾ ਹੈ, ਖਾਸ ਤੌਰ 'ਤੇ ਵੈਸਟ ਬੈਂਕ ਅਤੇ ਪੂਰਬੀ ਯੋਰੋਸ਼ਲਮ ਵਿਚ। ਇਸ ਕੰਮ ਲਈ ਫੌਜ ਵਾਸਤੇ ਬਣਾਏ ਘਾਤਕ ਬੁਲਡੋਜ਼ਰ ਖੂਬ ਚਲਾਏ ਜਾਂਦੇ ਹਨ। ਸ਼ਹਿਰੀ ਵਿਕਾਸ ਦੇ ਨਾਂ 'ਤੇ ਬਰਾਜ਼ੀਲ ਵਿਚ ਗਰੀਬ ਲੋਕਾਂ ਦੀਆਂ ਬਸਤੀਆਂ ਢਾਹੀਆਂ ਗਈਆਂ ਜਿਸ ਨਾਲ ਹਜ਼ਾਰਾਂ ਲੋਕ ਬੇਘਰੇ ਹੋ ਗਏ। ਚੀਨ ਵਿਚ ਵੀ ਦੱਬੀਆਂ ਜ਼ਮੀਨਾਂ 'ਤੇ ਬਣਾਏ ਘਰ ਨਾ ਛੱਡਣ ਵਾਲਿਆਂ 'ਤੇ ਇਹ ਦਮਨ ਕੀਤਾ ਜਾਂਦਾ ਰਿਹਾ ਹੈ। ਇਸ ਤਰ੍ਹਾਂ ਬੁਲਡੋਜ਼ਰ ਅੱਜ ਧੱਕੜ ਰਾਜਸੀ ਸ਼ਕਤੀ ਅਤੇ ਵਿਕਾਸ ਦੇ ਨਾਂ 'ਤੇ ਬੇਵੱਸ ਲੋਕਾਂ ਨੂੰ ਉਜਾੜਨ ਦੇ ਹਥਿਆਰ ਦਾ ਪ੍ਰਤੀਕ ਬਣਦਾ ਜਾ ਰਿਹਾ ਹੈ। ਕਿਹਾ ਜਾ ਸਕਦਾ ਹੈ ਕਿ ਬੁਲਡੋਜ਼ਰ ਅੱਜ ਉਸਾਰੀ ਲਈ ਬਣਾਈ ਗਈ ਮਸ਼ੀਨ ਹੀ ਨਹੀਂ ਬਲਕਿ ਮਜ਼ਦੂਰਾਂ ਦੀ ਕੱਲੀ, ਗੁੱਲੀ, ਜੁੱਲੀ ਦੀ ਤਬਾਹੀ ਦਾ ਵਸੀਲਾ ਬਣਦਾ ਜਾ ਰਿਹਾ ਹੈ।

ਭਾਰਤ ਦੀ ਸਮਾਜਕ-ਆਰਥਕ ਮੁੱਦਿਆਂ ਪ੍ਰਤੀ ਹਮੇਸ਼ਾ ਸਰਗਰਮ ਕਾਰਕੁਨ ਅਤੇ ਸਿਆਸਤਦਾਨ ਅਰੁਨਧਤੀ ਰਾਇ ਸ਼ਹਿਰੀ ਖੇਤਰਾਂ ਦੇ ਪੁਨਰ-ਗਠਨ ਅਤੇ ਵਿਕਾਸ ਦੇ ਨਾਂ 'ਤੇ ਬੁਲਡੋਜ਼ਰਾਂ ਦੀ ਅਜਿਹੀ ਵਰਤੋਂ ਖ਼ਿਲਾਫ ਜ਼ੋਰਦਾਰ ਆਵਾਜ਼ ਬੁਲੰਦ ਕਰਦੀ ਰਹੀ ਹੈ। ਉਸ ਦਾ ਪ੍ਰਸਿੱਧ ਭਾਵਪੂਰਤ ਕਥਨ ਹੈ ਕਿ 'ਵਿਕਾਸ ਖਾਨਾਜੰਗੀ ਦਾ ਟਿਕਾਣਾ ਬਣ ਚੁੱਕਾ ਹੈ, ਪਹਿਲਾਂ ਬੁਲਡੋਜ਼ਰ ਆਉਂਦੇ ਹਨ, ਫਿਰ ਪੁਲੀਸ ਆਉਂਦੀ ਹੈ, ਉਸਾਰੀ ਕਰਨ ਲਈ ਨਹੀਂ ਉਜਾੜਨ ਲਈ'। ਸ਼ਹਿਰਾਂ ਨੂੰ ਜੀਵੰਤ ਅਤੇ ਰੌਣਕ ਭਰਿਆ ਬਣਾਉਣ ਵਾਲੇ ਰਿਕਸ਼ਾ ਚਾਲਕ, ਥੜ੍ਹੀ ਵਾਲੇ, ਫੜੀ ਵਾਲੇ, ਰੇੜ੍ਹੀ ਵਾਲੇ, ਪਰਵਾਸੀ ਮਜ਼ਦੂਰ, ਘਰਾਂ ਵਿਚ ਕੰਮ ਕਰਨ ਵਾਲੇ ਨੌਕਰ ਆਦਿ ਸਭ ਨੂੰ ਬੇਰਹਿਮੀ ਨਾਲ ਰੋਟੀ ਰੋਜ਼ੀ ਤੋਂ ਵਿਰਵਾ ਕੀਤਾ ਜਾ ਰਿਹਾ ਹੈ। ਬੁਲਡੋਜ਼ਰਾਂ ਨਾਲ ਢਾਹੇ ਉਨ੍ਹਾਂ ਦੇ ਰਿਹਾਇਸ਼ੀ ਜਾਂ ਉਪਜੀਵਕਾ ਦੀਆਂ ਠਾਹਰਾਂ 'ਤੇ ਅਮੀਰਾਂ ਲਈ ਉਚੀਆਂ-ਉਚੀਆਂ ਇਮਾਰਤਾਂ ਬਣਾਈਆਂ ਜਾ ਰਹੀਆਂ ਹਨ। ਇਸ ਤਰ੍ਹਾਂ ਸ਼ਹਿਰਾਂ ਦੇ ਸੁੰਦਰੀਕਰਣ ਦੇ ਬਹਾਨੇ ਬੁਲਡੋਜ਼ਰ ਵਰਤ ਕੇ ਅਸਲ ਵਿਚ ਇੱਕ ਜਮਾਤੀ ਲੜਾਈ ਲੜੀ ਜਾ ਰਹੀ ਹੈ। ਭਾਰਤ ਵਿਚ ਬੁਲਡੋਜ਼ਰ ਨਾ ਸਿਰਫ਼ ਆਰਥਿਕ ਹਿੰਸਾ ਦਾ ਸਾਧਨ ਬਣ ਰਿਹਾ ਹੈ ਬਲਕਿ ਹਿੰਦੂ ਰਾਸ਼ਟਰਵਾਦੀ ਰਾਜਨੀਤੀ ਤਹਿਤ ਧਾਰਮਕ ਅਤੇ ਰਾਜਸੀ ਉਪੱਦਰ ਦਾ ਜ਼ਰੀਆ ਵੀ ਬਣ ਰਿਹਾ ਹੈ। ਬੁਲਡੋਜ਼ਰਾਂ ਨਾਲ ਕਾਨੂੰਨ ਦੀ ਪਰਵਾਹ ਨਾ ਕਰਦਿਆਂ ਮੁਸਲਮਾਨਾਂ ਅਤੇ ਆਦਿਵਾਸੀ ਲੋਕਾਂ ਨੂੰ ਉਜਾੜਿਆ ਜਾ ਰਿਹਾ ਹੈ। ਜਬਰੀ ਉਜੜੇ ਲੋਕ ਆਪਣੀ ਹੀ ਭੋਇੰ 'ਤੇ ਸ਼ਰਨਾਰਥੀ ਬਣ ਜਾਂਦੇ ਹਨ। ਇਸ ਤਰ੍ਹਾਂ ਬੁਲਡੋਜ਼ਰ ਇੱਕ ਨਿਰਪੱਖ ਮਸ਼ੀਨ ਨਹੀਂ ਰਿਹਾ ਬਲਕਿ ਸੱਤਾ ਦਾ ਹਥਿਆਰ ਬਣ ਗਿਆ ਹੈ। ਕਿਸੇ ਨੇ ਇਸ ਹਿੰਸਕ ਮਸ਼ੀਨ ਲਈ ਬੜਾ ਢੁਕਵਾਂ ਸ਼ਬਦ 'ਪੀਲਾ ਪੰਜਾ' ਘੜਿਆ ਜੋ ਅਖਬਾਰਾਂ ਵਿਚ ਆਮ ਹੀ ਪੜ੍ਹਨ ਨੂੰ ਮਿਲਦਾ ਹੈ। ਉਸਾਰੀ ਦੀਆਂ ਮਸ਼ੀਨਾਂ ਆਮ ਤੌਰ 'ਤੇ ਪੀਲੇ ਰੰਗ ਦੀਆਂ ਹੁੰਦੀਆਂ ਹਨ ਕਿਉਂਕਿ ਇਸ ਰੰਗ ਦੇ ਉਘੜਵੇਂ ਗੁਣ ਕਾਰਨ ਇਹ ਛੇਤੀ ਨਜ਼ਰ ਪੈ ਜਾਂਦੀਆਂ ਹਨ ਤੇ ਬਚਾਉ ਵਿਚ ਸਹਾਈ ਹੁੰਦੀਆਂ ਹਨ। ਪਰ ਅੱਜ ਇਹ 'ਪੀਲਾ' ਪੰਜਾ ਅਭਾਗੇ ਲੋਕਾਂ ਲਈ ਤਬਾਹੀ ਦਾ ਪੰਜਾ ਸਾਬਤ ਹੋ ਰਿਹਾ ਹੈ, ਮਾਨੋਂ ਖ਼ੂਨੀ ਪੰਜਾ।



ਬੁਲਡੋਜ਼ਰ ਸ਼ਬਦ ਦੀ ਉਤਪਤੀ ਵੱਲ ਧਿਆਨ ਮਾਰੀਏ ਤਾਂ ਪਤਾ ਲਗਦਾ ਹੈ ਕਿ ਮੁਢਲੇ ਤੌਰ 'ਤੇ ਤਾਂ ਇਸ ਦਾ ਪੀਲੇ ਪੰਜੇ ਜਿਹੀ ਮਸ਼ੀਨ ਨਾਲ ਕੋਈ ਵਾਸਤਾ ਹੀ ਨਹੀਂ ਹੈ। ਇਹ ਸ਼ਬਦ 19ਵੀਂ ਸਦੀ ਦੇ ਅਖੀਰ ਜਿਹੇ ਵਿਚ ਅਮਰੀਕਾ ਵਿਚ ਮਸ਼ਹੂਰ ਹੋਇਆ। ਇਹ ਪਹਿਲਾਂ ਪ੍ਰਚੱਲਤ ਸ਼ਬਦ ਬੂਲਡੋਜ਼ (bulldose) ਤੋਂ ਬਣਿਆ। ਅੰਗਰੇਜ਼ੀ ਬੁੱਲ (bull) ਸ਼ਬਦ ਸਾਡੇ ਸਾਨ੍ਹ ਦੀ ਬਰਾਬਰੀ ਕਰਦਾ ਹੈ। ਇਸ ਦੇ ਨਾਲ ਲੱਗੇ ਸ਼ਬਦ ਡੋਜ਼ (dose) ਦਾ ਪੰਜਾਬੀ ਵਿਚ ਬਦਲ ਖੁਰਾਕ ਹੁੰਦਾ ਹੈ ਪਰ ਪੰਜਾਬੀ ਵਾਂਗ ਹੀ ਇਸ ਦਾ ਅੰਗਰੇਜ਼ੀ ਵਿਚ ਇਕ ਅਰਥ ਸਜ਼ਾ ਵੀ ਹੁੰਦਾ ਹੈ ਮਾਨੋਂ ਕਿਸੇ ਨੂੰ ਕਿਸੇ ਜੁਰਮ ਕਾਰਨ ਡੋਜ਼ ਦਿੱਤੀ ਗਈ ਹੈ। ਪੰਜਾਬੀ ਵਿਚ ਸੋਧਣ ਦਾ ਅਰਥ ਕਿਸੇ ਨੂੰ ਉਸ ਦੇ ਕਾਰਿਆਂ ਕਾਰਨ ਗੈਰ-ਕਾਨੂੰਨੀ ਢੰਗ ਨਾਲ ਮੌਤ ਦੇ ਘਾਟ ਉਤਾਰ ਦੇਣ ਦਾ ਦੰਡ ਦੇਣਾ ਹੈ। ਮੁਗ਼ਲ ਹਕੂਮਤ ਦੌਰਾਨ ਇੱਕ ਪ੍ਰਕਾਰ ਦੇ ਟੈਕਸ ਨੂੰ ਖੁਰਾਕ ਕਿਹਾ ਜਾਂਦਾ ਸੀ। ਗੱਲ ਕੀ ਬੁੱਲਡੋਜ਼ ਸ਼ਬਦ ਦਾ ਉਦੋਂ ਅਰਥ ਸੀ, ਅਜਿਹੀ ਖੁਰਾਕ ਮਾਅਨੇ ਅਜਿਹੀ ਸਜ਼ਾ ਜੋ ਸਾਨ੍ਹ ਨੂੰ ਦਿੱਤੀ ਜਾਵੇ, ਜੋ ਸਾਨ੍ਹ ਲਈ ਹੀ ਢੁਕਦੀ ਹੈ। ਬੁੱਲ (ਸਾਨ੍ਹ) ਦੀ ਕਾਇਆ ਮੋਟੀ ਠੁੱਲੀ ਹੋਣ ਕਾਰਨ ਅੰਗਰੇਜ਼ੀ ਵਿਚ ਇਸ ਸ਼ਬਦ ਨੂੰ ਅਧਿਕ ਦੇ ਅਰਥਾਂ ਵਿਚ ਵੀ ਲਿਆ ਜਾਂਦਾ ਹੈ। ਸੋ ਏਥੋਂ ਵੀ ਬੁੱਲਡੋਜ਼ ਦਾ ਮਤਲਬ 'ਡਾਢੀ ਸਜ਼ਾ' ਵਿਉਤਪਤ ਹੋ ਸਕਦਾ ਹੈ। ਅੰਗਰੇਜ਼ੀ ਵਿਚ ਇਸ ਸ਼ਬਦ ਨੇ ਅਗਲਾ ਅਰਥ ਵਿਸਤਾਰਿਆ, ਖੂਬ ਮਾਰ-ਕੁਟਾਈ, ਦੁਰਬੜੀ, ਕੋਰੜਿਆਂ ਦੀ ਸਖਤ ਮਾਰ। ਫਿਰ ਧੌਂਸਬਾਜ਼ੀ, ਧੱਕੇਸ਼ਾਹੀ, ਹਿੰਸਾ ਨਾਲ ਡਰਾਉਣਾ- ਧਮਕਾਉਣਾ ਜਿਹੇ ਅਰਥਾਂ ਵਿਚ ਢਲਣਾ ਤਾਂ ਇਕ ਕਦਮ ਹੀ ਅੱਗੇ ਸੀ। ਮਿਸਾਲ ਵਜੋਂ,'A bulldose of lead' ਦਾ ਮਤਲਬ ਸੀ ਗੋਲੀਆਂ ਮਾਰਨ ਦੀ ਧਮਕੀ। ਉਦੋਂ lead (ਸਿੱਕਾ) ਦਾ ਇੱਕ ਅਰਥ ਗੋਲੀ ਵੀ ਹੁੰਦਾ ਸੀ ਕਿਉਂਕਿ ਇਹ ਸਿੱਕੇ ਦੀ ਬਣਾਈ ਜਾਂਦੀ ਸੀ। ਯਾਦ ਕਰੋ, ਗੋਲੀ-ਸਿੱਕਾ। ਨਾਲ ਲਗਦੇ ਸਿੱਕਾ ਸ਼ਬਦ ਨਾਲ ਵੀ ਨਿਪਟ ਲੈਂਦੇ ਹਾਂ। ਇਹ ਮੁਢਲੇ ਤੌਰ 'ਤੇ ਅਰਬੀ ਸ਼ਬਦ ਹੈ ਤੇ ਇਸ ਭਾਸ਼ਾ ਵਿਚ ਇਸ ਲਫਜ਼ ਦਾ ਮਾਅਨਾ ਸੀ, ਠੱਪਾ, ਮੁਹਰ; ਮੁਹਰ ਲੱਗਾ ਸੋਨੇ ਚਾਂਦੀ ਦਾ ਟੁਕੜਾ, ਮੁਦਰਾ, ਟਕਾ। ਠੱਪਾ ਲਾਉਣ ਦੇ ਅਰਥਾਂ ਤੋਂ ਇਸ ਦਾ ਅਰਥ ਉਹ ਧਾਤ ਬਣਿਆ ਜਿਸ ਨਾਲ ਛਾਪੇਖਾਨੇ ਦੇ ਅੱਖਰ ਬਣਾਏ ਜਾਂਦੇ ਹਨ ਤੇ ਇਹ ਧਾਤ ਅੰਗਰੇਜ਼ੀ ਵਾਲੀ lead ਹੈ। ਇਸ ਨੂੰ ਸਾਡੀਆਂ ਭਾਸ਼ਾਵਾਂ ਵਿਚ ਸੀਸਾ ਵੀ ਕਿਹਾ ਜਾਂਦਾ ਹੈ।

1876 ਵਿਚ ਅਮਰੀਕਾ ਦੀਆਂ ਰਾਸ਼ਟਰਪਤੀ ਦੀਆਂ ਚੋਣਾਂ ਵਿਚ ਬਹੁਤ ਧੱਕੇਸ਼ਾਹੀ ਦਾ ਮਾਹੌਲ ਸੀ। ਏਥੋਂ ਦੇ ਵੋਟਰਾਂ ਖਾਸ ਕਰਕੇ ਕਾਲਿਆਂ ਨੂੰ ਨਸਲੀ ਗੋਰਿਆਂ ਵਲੋਂ ਡਰਾ-ਧਮਕਾ ਕੇ ਆਪਣੇ ਹੱਕ ਦੇ ਰਾਸ਼ਟਰਪਤੀ ਲਈ ਵੋਟਾਂ ਪੁਆਈਆਂ ਗਈਆਂ ਸਨ। ਇਸ ਲਈ ਉਦੋਂ ਇਹ ਸ਼ਬਦ ਅਜਿਹੇ ਵੋਟਰਾਂ ਦੀ ਕੁੱਟਮਾਰ ਕਰ ਕੇ ਉਨ੍ਹਾਂ ਤੋਂ ਕਰਾਰੇ ਹੱਥੀਂ ਵੋਟਾਂ ਬਟੋਰਨ ਦੇ ਵਰਤਾਰੇ ਦੇ ਅਰਥਾਂ ਵਿਚ ਵਰਤਿਆ ਗਿਆ। ਅੰਗਰੇਜ਼ੀ dose ਦੇ ਸ਼ਬਦ ਜੋੜਾਂ ਵਿਚ ਸ ਅੱਖਰ ਹੈ, ਡ ਨਹੀਂ ਪਰ bulldoze ਸ਼ਬਦ ਬਣਦਿਆਂ ਇਹ ਤਬਦੀਲੀ ਆਈ। ਬਾਅਦ ਵਿਚ ਇਸ ਦੇ ਅੱਗੇ ਅੰਗਰੇਜ਼ੀ ਅੱਖਰ r ਲਾ ਕੇ ਬੁਲਡੋਜ਼ਰ (bulldozer) ਸ਼ਬਦ ਬਣਿਆ ਤੇ ਇਸ ਸ਼ਬਦ ਦਾ ਪਹਿਲਾਂ ਅਰਥ ਬਣਿਆ 'ਕੋਰੜੇ ਮਾਰਨ ਵਾਲਾ' ਫਿਰ ਬਣਿਆ 'ਡਰਾਉਣ-ਧਮਕਾਉਣ' ਵਾਲਾ। ਏਥੇ ਇਹ ਦੱਸਣਾ ਜ਼ਰੂਰੀ ਹੈ ਕਿ ਉਸ ਜ਼ਮਾਨੇ ਵਿਚ ਇੱਕ ਸ਼ਬਦ bull whip ਵੀ ਵਰਤਿਆ ਜਾਂਦਾ ਸੀ ਜੋ ਪਸ਼ੂਆਂ ਨੂੰ ਹਿੱਕਣ ਲਈ ਰੱਸੇ ਵਾਂਗ ਵੱਟਿਆ ਹੋਇਆ ਕਰੜਾ ਛੈਂਟਾ ਹੁੰਦਾ ਸੀ। ਬੁਲਡੋਜ਼ ਦੇ ਅਰਥਾਂ ਵਿਚ ਪਰਿਵਰਤਨ ਇਸ ਕਾਰਨ ਵੀ ਹੋਇਆ। ਫਿਰ ਜਦ 1942 ਵਿਚ ਜ਼ਮੀਨ ਸਾਫ਼ ਕਰਨ ਵਾਲੀ ਕਰਾਹ ਜਿਹੀ ਮਸ਼ੀਨ ਈਜਾਦ ਹੋਈ ਤਾਂ ਇਹ ਸ਼ਬਦ ਇਸ ਨੂੰ ਮਿਲਿਆ। ਇੱਕ ਸਮੇਂ ਇੱਕ ਵੱਡੇ ਪਿਸਤੌਲ ਨੂੰ ਵੀ ਬੁਲਡੋਜ਼ਰ ਕਿਹਾ ਜਾਂਦਾ ਸੀ। ਸੋ ਅਸੀਂ ਦੇਖਾਂਗੇ ਕਿ 1876 ਦੌਰਾਨ ਅਮਰੀਕਾ ਵਿਚ ਜ਼ੋਰ-ਜਬਰੀ ਵੋਟਾਂ ਪਵਾਉਣ ਦੇ ਅਰਥ ਗ੍ਰਹਿਣ ਕਰ ਚੁੱਕਾ ਬੁਲਡੋਜ਼ਰ ਸ਼ਬਦ ਅੱਜ ਭਾਰਤ ਵਿਚ ਉਹੋ ਜਿਹੇ ਹੀ ਅਰਥ ਧਾਰਨ ਕਰਦਾ ਜਾ ਰਿਹਾ ਹੈ, ਧਰਤੀ-ਧੱਕ ਤੋਂ ਧਰਤੀ-ਖੋਹ। ਸਬੱਬ ਹੈ ਕਿ 19ਵੀਂ 20ਵੀਂ ਸਦੀ ਵਿਚ ਗੋਰੇ ਵਾਹਰਾਂ ਵਲੋਂ ਕਾਲੇ ਲੋਕਾਂ ਨੂੰ ਕੁਚਲ ਕੇ ਮਾਰਿਆ ਜਾਂਦਾ ਸੀ ਜਿਸ ਲਈ ਲਿੰਚਿੰਗ ਸ਼ਬਦ ਚੱਲ ਪਿਆ ਸੀ ਤੇ ਭਾਰਤ ਵਿਚ ਵੀ ਮੁਸਲਮਾਨਾਂ ਨਾਲ ਅਜਿਹਾ ਹੋ ਰਿਹਾ ਹੈ।

ਏਥੇ ਅਸੀਂ ਅੰਗਰੇਜ਼ੀ ਸ਼ਬਦਾਂ bull ਅਤੇ dose ਦੀ ਸਾਡੀਆਂ ਭਾਸ਼ਾਵਾਂ ਦੇ ਪ੍ਰਸੰਗ ਵਿਚ ਥੋੜ੍ਹੀ ਚਰਚਾ ਕਰਨੀ ਚਾਹਾਂਗੇ। ਅਸਲ ਵਿਚ ਅੰਗਰੇਜ਼ੀ bull ਲਈ ਪੰਜਾਬੀ ਵਿਚ ਬੈਲ ਜਾਂ ਬਲਦ ਸ਼ਬਦ ਨਹੀਂ ਢੁਕਦੇ ਭਾਵੇਂ ਕਿ ਦੋਵਾਂ ਸ਼ਬਦਾਂ ਦੀ ਧੁਨੀ ਕਾਫ਼ੀ ਹੱਦ ਤੱਕ ਮਿਲਦੀ ਹੈ। ਅੰਗਰੇਜ਼ੀ ਬੁੱਲ ਦੇ ਟਾਕਰੇ 'ਤੇ ਸਾਡਾ ਸ਼ਬਦ ਸਾਨ੍ਹ ਨਿਆਈਂ ਹੈ, ਬੈਲ/ਬਲਦ ਨਹੀਂ। ਪੰਜਾਬੀ ਦੇ ਇਹ ਸ਼ਬਦ ਜਿਸ ਗੋਕਾ ਪਸ਼ੂ ਲਈ ਵਰਤੇ ਜਾਂਦੇ ਹਨ ਉਹ ਖੇਤੀ ਆਦਿ ਦਾ ਭਾਰਾ ਕੰਮ ਕਰਨ ਲਈ ਖੱਸੀ ਕੀਤੇ ਜਾਂਦੇ ਹਨ। ਦੂਜੇ ਪਾਸੇ ਬੁੱਲ ਖੱਸੀ ਨਹੀਂ ਕੀਤਾ ਜਾਂਦਾ, ਇਸ ਲਈ ਪੰਜਾਬੀ ਵਿਚ ਇਸ ਲਈ ਸਾਨ੍ਹ ਸ਼ਬਦ ਯੋਗ ਹੈ। ਬਲਦ ਲਈ ਢੁਕਵਾਂ ਅੰਗਰੇਜ਼ੀ ਸ਼ਬਦ ox ਜਾਂ bullock ਹੈ। ਉਂਝ ਮੈਨੂੰ ਜਾਪਦਾ ਹੈ ਕਿ ਦੋਵੇਂ ਬੁੱਲ ਅਤੇ ਬੈਲ ਸ਼ਾਇਦ ਮੁਢਲੇ ਤੌਰ 'ਤੇ ਧੁਨੀ-ਅਨੁਕਰਣਕ ਹੋਣਗੇ। ਹੋ ਸਕਦਾ ਹੈ ਇਹ ਸ਼ਬਦ ਇਸ ਪਸ਼ੂ ਦੇ ਰੰਭਣ ਦੀ ਆਵਾਜ਼ ਤੋਂ ਬਣਾਏ ਗਏ ਹੋਣਗੇ, ਬੁੱਕਣ ਸ਼ਬਦ ਵੱਲ ਗ਼ੌਰ ਕਰੋ। ਅੰਗਰੇਜ਼ੀ ਨਿਰੁਕਤਕਾਰਾਂ ਨੇ ਤਾਂ ਅਜਿਹੀ ਸ਼ੰਕਾ ਜ਼ਾਹਿਰ ਕੀਤੀ ਹੈ। ਦੂਜੇ ਪਾਸੇ ਅੰਗਰੇਜ਼ੀ ox ਭਾਰੋਪੀ ਮੰਨਿਆ ਜਾਂਦਾ ਹੈ ਜਿਸ ਦੇ ਟਾਕਰੇ 'ਤੇ ਬਲਦ ਦੇ ਅਰਥਾਂ ਵਿਚ ਸੰਸਕ੍ਰਿਤ 'ਉਕਸ਼ਾਨ' ਤੇ ਅੱਗੇ ਪਾਲੀ ਵਿਚ 'ਉਖਾ' ਸ਼ਬਦ ਮਿਲਦੇ ਹਨ ਪਰ ਪੰਜਾਬੀ ਵਿਚ ਇਸ ਤੋਂ ਵਿਕਸਿਤ ਕੋਈ ਸ਼ਬਦ ਮੇਰੀ ਜਾਣਕਾਰੀ ਵਿਚ ਨਹੀਂ।

ਖੁਰਾਕ ਦੇ ਅਰਥਾਂ ਵਾਲਾ ਅੰਗਰੇਜ਼ੀ ਡੋਜ਼ ਸ਼ਬਦ ਅੰਤਮ ਤੌਰ 'ਤੇ ਗਰੀਕ ਭਾਸ਼ਾ ਵਿਚੋਂ ਲਾਤੀਨੀ ਤੇ ਫਿਰ ਫਰਾਂਸੀਸੀ ਵਿਚ ਦੀ ਹੁੰਦਾ ਹੋਇਆ 15ਵੀਂ ਸਦੀ ਵਿਚ ਅੰਗਰੇਜ਼ੀ ਨੇ ਅਪਣਾਇਆ। ਗਰੀਕ ਵਿਚ ਇਸ ਦੇ ਪ੍ਰਚੱਲਤ ਰੂਪ ਵਿਚ 'ਦੇਣ' ਦੇ ਅਰਥ ਸਨ ਤੇ ਉਦੋਂ ਦੇ ਯੂਨਾਨੀ ਹਕੀਮ ਇਸ ਨੂੰ 'ਦਵਾਈ ਦੀ ਖੁਰਾਕ ਦੇਣ' ਦੇ ਅਰਥਾਂ ਵਿਚ ਲੈਂਦੇ ਸਨ। ਇਹ ਸ਼ਬਦ ਹਿੰਦ-ਯੂਰਪੀ ਹੈ ਤੇ ਇਸ ਦਾ ਭਾਰੋਪੀ ਮੂਲ *ਦੋ ਹੈ ਜਿਸ ਵਿਚ ਦੇਣ ਦੇ ਭਾਵ ਹਨ। ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਵਿਚ ਇਸ ਤੋਂ ਬਣਦੇ ਅਨੇਕਾਂ ਸ਼ਬਦ ਮਿਲਦੇ ਹਨ। ਕੁਝ ਅੰਗਰੇਜ਼ੀ ਦੇ ਜਾਣੇ-ਪਛਾਣੇ ਸ਼ਬਦ ਗਿਣਾਉਂਦੇ ਹਾਂ: data (ਜੋ ਦਿੱਤਾ ਹੋਇਆ ਹੈ), donation (ਜੋ ਦਿੱਤੀ ਜਾਂਦੀ ਹੈ, ਦਾਨ), dowry (ਜੋ ਵਿਆਹ ਵਿਚ ਦਿੱਤੀ ਜਾਂਦੀ ਹੈ, ਦਾਜ), pardon (ਖਿਮਾ ਜੋ ਦਿੱਤੀ ਜਾਂਦੀ ਹੈ), antidote (ਜੋ ਜ਼ਹਿਰ ਨੂੰ ਬੇਅਸਰ ਕਰਨ ਲਈ ਦਿੱਤੀ ਜਾਵੇ, ਜ਼ਹਿਰ ਮਹੁਰਾ, ਜ਼ਹਿਰ ਮਾਰ) ਆਦਿ। ਪੰਜਾਬੀ ਸ਼ਬਦ 'ਦੇਣਾ' ਵੀ ਇਸੇ ਮੂਲ ਦਾ ਦੇਣਦਾਰ ਹੈ। ਇਸ ਦੇ ਸਕੇ ਕੁਝ ਹੋਰ ਪੰਜਾਬੀ ਸ਼ਬਦ ਹਨ: ਦੱਤ, ਦਾਤਾ, ਦਾਨ, ਪ੍ਰਦਾਨ, ਪ੍ਰਦਾਤਾ। ਫਾਰਸੀ ਵਲੋਂ ਦਾਦ।

---

# ਅੱਤ-ਆਧੁਨਿਕ ਚਿਕਿਤਸਾ ਪ੍ਰਣਾਲੀ

ਡਾ. ਸੁਰਜੀਤ ਸਿੰਘ

2-3 ਦਿਨ ਬੁਖਾਰ ਰਿਹਾ, ਦਵਾਈ ਨਾ ਵੀ ਲੈਂਦੇ ਤਾਂ ਵੀ ਠੀਕ ਹੋ ਜਾਂਦੇ। ਸਰੀਰ ਕੁਦਰਤੀ ਤੌਰ 'ਤੇ ਸਿਹਤਮੰਦ ਹੋ ਜਾਂਦਾ। ਪਰ ਤੁਸੀਂ ਡਾਕਟਰ ਕੋਲ ਚਲੇ ਗਏ। ਡਾਕਟਰ ਸਾਹਿਬ ਨੇ ਤੁਰੰਤ ਕਈ ਟੈਸਟ ਲਿਖ ਦਿਤੇ। ਟੈਸਟ ਰਿਪੋਰਟ 'ਚ ਬੁਖਾਰ ਦਾ ਕੋਈ ਖਾਸ ਕਾਰਨ ਨਹੀਂ ਸੀ। ਪਰ ਕੋਲੇਸਟਰੋਲ ਤੇ ਸ਼ੂਗਰ ਥੋੜ੍ਹੇ ਵਧੇ ਹੋਏ ਨਿਕਲੇ। ਜੋ ਕਿ ਆਮ ਆਦਮੀ ਵਿਚ ਥੋੜ੍ਹੀ-ਬਹੁਤ ਉਤਾਰ-ਚੜ੍ਹਾਅ ਵਾਲੀ ਗੱਲ ਹੁੰਦੀ ਹੈ। ਬੁਖਾਰ ਤਾਂ ਚਲਾ ਗਿਆ, ਪਰ ਹੁਣ ਤੁਸੀਂ 'ਬੁਖਾਰ ਵਾਲੇ ਮਰੀਜ਼' ਨਹੀਂ ਰਹੇ।

ਡਾਕਟਰ ਨੇ ਕਿਹਾ, 'ਤੁਹਾਡਾ ਕੋਲੇਸਟਰੋਲ ਵਧ ਗਿਆ ਹੈ, ਸ਼ੂਗਰ ਵੀ ਥੋੜ੍ਹੀ ਵੱਧ ਹੈ। ਤੁਸੀਂ 'ਪ੍ਰੀ-ਡਾਇਬਟਿਕ' ਹੋ। ਹੁਣ ਤੁਹਾਨੂੰ ਦਵਾਈਆਂ ਲੈਣੀਆਂ ਪੈਣਗੀਆਂ। ਖਾਣ-ਪੀਣ 'ਤੇ ਵੀ ਕਈ ਪਾਬੰਦੀਆਂ ਲੱਗ ਗਈਆਂ। ਤੁਸੀਂ ਭਾਵੇਂ ਖਾਣ ਵਾਲੀਆਂ ਗੱਲਾਂ ਨਾ ਮੰਨੀਆਂ ਹੋਣ, ਪਰ ਦਵਾਈਆਂ ਲੈਣੀਆਂ ਕਦੇ ਨਹੀਂ ਭੁੱਲੇ।

-ਤਿੰਨ ਮਹੀਨੇ ਹੋ ਗਏ। ਦੁਬਾਰਾ ਟੈਸਟ ਹੋਇਆ। ਕੋਲੇਸਟਰੋਲ ਥੋੜ੍ਹਾ ਘਟਿਆ, ਪਰ ਹੁਣ ਬੀ.ਪੀ. ਵਧਿਆ ਹੋਇਆ ਸੀ। ਉਸਦੇ ਲਈ ਵੀ ਦਵਾਈ ਮਿਲੀ। ਹੁਣ ਦਵਾਈਆਂ ਦੀ ਗਿਣਤੀ ਹੋ ਗਈ 3..

ਇਹ ਸਭ ਸੁਣ ਕੇ ਤੁਸੀਂ ਚਿੰਤਾ ਵਿਚ ਡੁੱਬ ਗਏ, 'ਹੁਣ ਕੀ ਹੋਏਗਾ?' ਇਸ ਚਿੰਤਾ ਨੇ ਤੁਹਾਡੀ ਨੀਂਦ ਉਡਾ ਦਿੱਤੀ। ਡਾਕਟਰ ਨੇ ਨੀਂਦ ਦੀ ਵੀ ਦਵਾਈ ਦੇ ਦਿੱਤੀ।

-ਹੁਣ ਗਿਣਤੀ 4

ਦਵਾਈਆਂ ਖਾ-ਖਾ ਕੇ ਪੇਟ ਵਿਚ ਜਲਣ ਹੋਣ ਲੱਗੀ। ਡਾਕਟਰ ਨੇ ਕਿਹਾ – ਖਾਣ ਤੋਂ ਪਹਿਲਾਂ ਖਾਲੀ ਪੇਟ ਗੈਸ ਦੀ ਗੋਲੀ ਵੀ ਲੈਣੀ ਪਵੇਗੀ।

-ਹੁਣ ਗਿਣਤੀ 5

6 ਮਹੀਨੇ ਹੋ ਗਏ। ਇਕ ਦਿਨ ਸੀਨੇ ਵਿਚ ਦਰਦ ਹੋਇਆ। ਤੁਸੀਂ ਹਸਪਤਾਲ ਭੱਜੇ। ਡਾਕਟਰ ਨੇ ਕਿਹਾ – "ਟਾਈਮ 'ਤੇ ਆ ਗਏ, ਨਹੀਂ ਤਾਂ ਵੱਡਾ ਹਾਦਸਾ ਹੋ ਸਕਦਾ ਸੀ।"

-ਹੋਰ ਮਹਿੰਗੇ ਟੈਸਟ, ਹੋਰ ਦਵਾਈਆਂ

ਹੋਣੀ ਅਜਿਹੀ ਹੋਈ ਕਿ ਹੁਣ ਦਿਲ ਦੀਆਂ ਦੋ ਹੋਰ ਦਵਾਈਆਂ ਲੱਗ ਗਈਆਂ। ਇੱਕ ਐਂਡੋਕ੍ਰਾਈਨੋਲੋਜਿਸਟ ਕੋਲ ਵੀ ਜਾਣਾ ਪਿਆ।

-ਦਵਾਈਆਂ ਦੀ ਗਿਣਤੀ ਹੋ ਗਈ 7

ਐਂਡੋਕ੍ਰਾਈਨੋਲੋਜਿਸਟ ਨੇ ਸ਼ੂਗਰ ਲਈ ਹੋਰ ਦਵਾਈ ਅਤੇ ਥਾਇਰਾਇਡ ਵਧਣ ਦੇ ਕਾਰਨ ਹੋਰ ਇੱਕ ਦਵਾਈ ਲਿਖ ਦਿੱਤੀ।

-ਹੁਣ 9 ਦਵਾਈਆਂ

ਹੁਣ ਤੁਸੀਂ ਆਪਣੇ-ਆਪ ਨੂੰ ਸਮਝਣ ਲੱਗ ਪਏ – ਮੈਂ ਦਿਲ ਦਾ ਮਰੀਜ਼ ਹਾਂ, ਸ਼ੂਗਰ ਦਾ ਮਰੀਜ਼ ਹਾਂ, ਨੀਂਦ ਦਾ ਮਰੀਜ਼ ਹਾਂ, ਗੈਸ ਦਾ, ਥਾਇਰਾਇਡ ਦਾ, ਕਿਡਨੀ ਦਾ...!!!

ਅਸਲ ਚੀਜ਼ ਤੁਹਾਨੂੰ ਕਦੇ ਦੱਸੀ ਹੀ ਨਹੀਂ ਗਈ ਕਿ ਤੁਸੀਂ ਆਪਣੀ ਜੀਵਨ-ਸ਼ੈਲੀ, ਆਤਮ-ਵਿਸ਼ਵਾਸ ਅਤੇ ਇੱਛਾ ਸ਼ਕਤੀ ਨਾਲ ਵੀ ਸਿਹਤਮੰਦ ਰਹਿ ਸਕਦੇ ਹੋ। ਸਿਰਫ ਇਹ ਦੱਸਿਆ ਗਿਆ ਕਿ ਤੁਸੀਂ 'ਗੰਭੀਰ ਰੋਗੀ' ਹੋ। ਤੁਸੀਂ ਨਿਰਬਲ ਹੋ, ਅਸਮਰੱਥ ਹੋ, ਟੁੱਟ ਚੁੱਕੇ ਹੋ। 6 ਹੋਰ ਮਹੀਨੇ ਬੀਤ ਗਏ। ਹੁਣ ਦਵਾਈਆਂ ਦੇ ਸਾਈਡ ਇਫੈਕਟਸ ਕਾਰਨ ਪੇਸ਼ਾਬ ਵਿਚ ਸਮੱਸਿਆ ਆਈ। ਕਿਡਨੀ ਟੈਸਟ ਕਰਵਾਏ। ਕ੍ਰੀਏਟਿਨਿਨ ਵਧਿਆ ਹੋਇਆ।

-2 ਹੋਰ ਦਵਾਈਆਂ।

-ਹੁਣ ਗਿਣਤੀ 11

ਹੁਣ ਤੁਸੀਂ ਰੋਟੀ ਘੱਟ ਖਾ ਰਹੇ ਹੋ, ਦਵਾਈ ਵੱਧ। ਅਤੇ ਇਹ ਸਾਰੀਆਂ ਦਵਾਈਆਂ ਤੁਹਾਨੂੰ ਹੌਲੇ-ਹੌਲੇ ਮੌਤ ਵੱਲ ਲੈ ਜਾ ਰਹੀਆਂ ਹਨ।

ਜੇ ਪਹਿਲੀ ਵਾਰ ਡਾਕਟਰ ਕਹਿੰਦੇ, 'ਚਿੰਤਾ ਦੀ ਕੋਈ ਗੱਲ ਨਹੀਂ। ਇਹ ਹਲਕਾ ਬੁਖਾਰ ਹੈ। ਦਵਾਈ ਦੀ ਲੋੜ ਨਹੀਂ। ਕੁਝ ਦਿਨ ਅਰਾਮ ਕਰੋ, ਪਾਣੀ ਪੀਓ, ਫਲ-ਸਬਜ਼ੀਆਂ ਖਾਓ, ਸਵੇਰੇ ਟਹਿਲੋ।'

ਤਾਂ? ਫਿਰ ਡਾਕਟਰ ਅਤੇ ਦਵਾਈ ਕੰਪਨੀਆਂ ਦਾ ਪੇਟ ਕਿਵੇਂ ਭਰਦਾ?

ਹੁਣ ਮੁੱਦਾ ਇਹ ਹੈ ਕਿ ਕਿਸ ਆਧਾਰ 'ਤੇ ਡਾਕਟਰ ਮਰੀਜ਼ ਨੂੰ 'ਕੋਲੇਸਟਰੋਲ, ਹਾਈ ਬੀਪੀ, ਸ਼ੂਗਰ, ਦਿਲ, ਕਿਡਨੀ' ਦੇ ਰੋਗੀ ਘੋਸ਼ਿਤ ਕਰ ਰਹੇ ਹਨ?

**ਇਹ ਮਾਪਦੰਡ ਕੌਣ ਤੈਅ ਕਰਦਾ ਹੈ?**

1979:

Blood Sugar 200 mg/dl ਤੋਂ ਵੱਧ ਹੋਣ 'ਤੇ ਹੀ Diabetic ਮੰਨਿਆ ਜਾਂਦਾ ਸੀ।

ਕੇਵਲ 3.5% ਲੋਕ "ਟਾਈਪ-2 ਡਾਇਬਟਿਕ" ਮੰਨੇ ਜਾਂਦੇ ਸਨ।

1997:

ਇੰਸੁਲਿਨ ਕੰਪਨੀਆਂ ਦੇ ਦਬਾਅ 'ਚ ਇਹ ਪੱਧਰ ਘਟਾ ਕੇ 126 mg/dl ਕਰ ਦਿੱਤਾ ਗਿਆ।

-ਬਿਨਾ ਲੱਛਣਾਂ ਵਾਲੇ 4.5% ਹੋਰ ਲੋਕ 'ਮਰੀਜ਼' ਬਣ ਗਏ।

1999 ਵਿਚ WHO ਨੇ ਵੀ ਇਹ ਪੱਧਰ ਮੰਨ ਲਿਆ।

2003: ADA ਨੇ fasting blood sugar 100 mg/dl ਕਰ ਦਿੱਤਾ।

- 27% ਹੋਰ ਲੋਕ 'ਰੋਗੀ' ਬਣ ਗਏ।

ਹੁਣ: ਭੋਜਨ ਮਗਰੋਂ 140 mg/dl ਤੋਂ ਵੱਧ ਹੋਣ 'ਤੇ Diabetic ਮੰਨਿਆ ਜਾਂਦਾ ਹੈ।

-ਦੁਨੀਆਂ ਦੀ 50% ਆਬਾਦੀ 'ਮਰੀਜ਼' ਘੋਸ਼ਿਤ!

ਭਾਰਤ ਦੀਆਂ ਕੰਪਨੀਆਂ ਇਸਨੂੰ ਹੋਰ ਵੀ ਘਟਾ ਕੇ 5.5% HbA1c ਕਰਨਾ ਚਾਹੁੰਦੀਆਂ ਹਨ, ਤਾਂ ਜੋ ਵੱਧ ਤੋਂ ਵੱਧ ਲੋਕ ਦਵਾਈ ਖਾਣ।

ਕਈ ਵਿਦਵਾਨ ਮੰਨਦੇ ਹਨ ਕਿ HbA1c 11% ਤੱਕ ਨਾਰਮਲ ਹੈ।

ਇੱਕ ਹੋਰ ਉਦਾਹਰਨ:

2012 ਵਿਚ ਅਮਰੀਕਾ ਦੀ ਸੁਪਰੀਮ ਕੋਰਟ ਨੇ ਇੱਕ ਮਸ਼ਹੂਰ ਦਵਾਈ ਕੰਪਨੀ 'ਤੇ $3 ਬਿਲੀਅਨ ਦਾ ਜੁਰਮਾਨਾ ਲਾਇਆ, ਕਿਉਂਕਿ 2007-2012 ਵਿਚ ਉਸ ਦੀ ਡਾਇਬਟੀਜ਼ ਦੀ ਦਵਾਈ ਕਾਰਨ ਦਿਲ ਦੇ ਦੌਰੇ ਨਾਲ ਮੌਤਾਂ 43% ਵਧ ਗਈਆਂ।

-ਉਨ੍ਹਾਂ ਨੂੰ ਇਹ ਪਹਿਲਾਂ ਤੋਂ ਪਤਾ ਸੀ, ਪਰ ਮੁਨਾਫ਼ੇ ਲਈ ਉਹ ਗੱਲ ਛੁਪਾਈ ਗਈ।

-ਉਹੀ ਸਮੇਂ ਉਨ੍ਹਾਂ ਨੇ $300 ਬਿਲੀਅਨ ਦਾ ਮੁਨਾਫਾ ਕਮਾਇਆ।


ਇਹੀ ਹੈ ਅੱਜ ਦੀ, 'ਅੱਤ-ਆਧੁਨਿਕ ਚਿਕਿਤਸਾ ਪ੍ਰਣਾਲੀ'

ਸੋਚੋ...ਤੇ ਸੋਚਣਾ ਸ਼ੁਰੂ ਕਰੋ!

# ਆਜ਼ਾਦੀ ਘੁਲਾਟੀਏ ਤੇ ਸਫ਼ਲ ਅਦਾਕਾਰ ਸਨ ਏ.ਕੇ. ਹੰਗਲ

ਅਵਤਾਰ ਕਿਸ਼ਨ ਹੰਗਲ ਜੋ ਏ.ਕੇ. ਹੰਗਲ ਦੇ ਨਾਂਅ ਨਾਲ ਪ੍ਰਸਿੱਧ ਹੋਏ, ਤਾਂ ਤੁਹਾਨੂੰ ਯਾਦ ਹੀ ਹੋਵੇਗਾ ਅਤੇ ਜੇਕਰ ਨਹੀਂ ਤਾਂ 'ਸ਼ੋਅਲੇ' ਦੇ ਰਹੀਮ ਚਾਚਾ ਜਾਂ 'ਲਗਾਨ' ਦੇ ਸ਼ੰਭੂ ਕਾਕਾ ਜਾਂ ਸ਼ੌਕੀਨ ਦੇ ਐਂਡਰਸਨ ਜਾਂ 'ਨਮਕ ਹਰਾਮ' ਦੇ ਬਿਪਿਨ ਲਾਲ ਪਾਂਡੇ ਜਾਂ 'ਆਂਧੀ' ਦੇ ਬ੍ਰਿੰਦਾ ਕਾਕਾ ਨੂੰ ਯਾਦ ਕਰੋ। ਇਨ੍ਹਾਂ ਕਿਰਦਾਰਾਂ ਨੂੰ ਬਜ਼ੁਰਗ ਜਿਹੇ ਦਿਖਾਈ ਦੇਣ ਵਾਲੇ ਏ.ਕੇ. ਹੰਗਲ ਨੇ ਨਿਭਾਇਆ ਸੀ। ਉਨ੍ਹਾਂ ਦੀ ਅਦਾਕਾਰੀ ਇਸ ਤਰ੍ਹਾਂ ਦੀ ਸੀ ਕਿ ਪਰਦੇ 'ਤੇ ਉਹ ਜਿਸ ਵੀ ਕਿਰਦਾਰ ਵਿਚ ਹੁੰਦੇ ਹੂ-ਬਹੂ' ਉਹੀ ਲਗਦੇ ਸਨ। ਇਸ ਲਈ ਦਰਸ਼ਕ ਉਨ੍ਹਾਂ ਤੋਂ ਘੱਟ ਅਤੇ ਉਨ੍ਹਾਂ ਦੇ ਵਲੋਂ ਅਦਾ ਕੀਤੇ ਗਏ ਕਿਰਦਾਰਾਂ ਨਾਲ ਜ਼ਿਆਦਾ ਜੁੜ ਜਾਂਦੇ ਸਨ। 'ਸ਼ੋਅਲੇ' ਦਾ ਡਾਇਲਾਗ 'ਇਤਨਾ ਸੰਨਾਟਾ ਕਿਉਂ ਹੈ ਭਾਈ...' ਇਸ ਤੱਥ ਦੀ ਪੁਖ਼ਤਾ ਦਲੀਲ ਹੈ ਕਿ ਅੱਜ ਵੀ ਸੋਸ਼ਲ ਮੀਡੀਆ ਤੇ ਹੋਰ ਥਾਵਾਂ 'ਤੇ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਹਾਲਾਂਕਿ ਜ਼ਿਆਦਾਤਰ ਕਲਾਕਾਰ ਬਚਪਨ ਵਿਚ ਜਾਂ 20-22 ਸਾਲ ਦੀ ਉਮਰ ਵਿਚ ਵੱਡੇ ਪਰਦੇ 'ਤੇ ਦਾਖਲ ਹੋਏ ਹਨ, ਪਰ ਹੰਗਲ ਇਕਲੌਤੇ ਕਲਾਕਾਰ ਹਨ ਜਿਨ੍ਹਾਂ ਨੇ ਫ਼ਿਲਮਾਂ ਵਿਚ ਡੈਬਿਊ 52 ਸਾਲ ਦੀ ਉਮਰ ਕੀਤਾ। ਬੋਮਨ ਈਰਾਨੀ ਨੇ 44 ਸਾਲ ਦੀ ਉਮਰ ਵਿਚ ਡੈਬਿਊ ਕੀਤਾ ਸੀ। ਵੱਡੀ ਉਮਰ ਵਿਚ ਪਰਦੇ 'ਤੇ ਆਉਣ ਦੇ ਬਾਵਜੂਦ ਹੰਗਲ ਨੇ 250 ਤੋਂ ਜ਼ਿਆਦਾ ਫ਼ਿਲਮਾਂ ਵਿਚ ਕੰਮ ਕੀਤਾ ਅਤੇ ਆਪਣੇ ਕਰੀਅਰ ਵਿਚ ਉਹ ਅਕਸਰ ਪਿਤਾ, ਵੱਡੇ ਭਰਾ ਜਾਂ ਬਜ਼ੁਰਗ ਦੀ ਭੂਮਿਕਾ ਵਿਚ ਨਜ਼ਰ ਆਏ ਅਤੇ ਆਪਣੀ ਪ੍ਰਭਾਵੀ ਅਦਾਕਾਰੀ ਨਾਲ ਉਨ੍ਹਾਂ ਨੇ ਹਰ ਵਾਰ ਦਰਸ਼ਕਾਂ ਦਾ ਦਿਲ ਜਿੱਤ ਲਿਆ।

ਕੀ ਤੁਸੀਂ ਸੋਚ ਸਕਦੇ ਹੋ ਕਿ ਐਕਟਰ ਬਣਨ ਤੋਂ ਪਹਿਲਾਂ ਹੰਗਲ ਦਰਜੀ ਦਾ ਕੰਮ ਕਰਦੇ ਸਨ। ਉਨ੍ਹਾਂ ਦੀ ਬਾਇਓਗ੍ਰਾਫ਼ੀ 'ਲਾਈਫ਼ ਐਂਡ ਟਾਈਮਸ ਆਫ਼ ਏ.ਕੇ. ਹੰਗਲ' ਅਨੁਸਾਰ ਉਨ੍ਹਾਂ ਦੇ ਪਿਤਾ ਦੇ ਇਕ ਨੇੜਲੇ ਦੋਸਤ ਦੇ ਸੁਝਾਅ 'ਤੇ ਹੰਗਲ ਨੇ ਕਿੱਤੇ ਵਜੋਂ ਦਰਜੀ ਦਾ ਕੰਮ ਸਿੱਖਿਆ ਸੀ ਅਤੇ ਕੁਝ ਸਮੇਂ ਤੱਕ ਉਨ੍ਹਾਂ ਨੇ ਇਹ ਕੰਮ ਕੀਤਾ ਵੀ। ਦੇਸ਼ ਵੰਡ ਤੋਂ ਪਹਿਲਾਂ ਹੰਗਲ ਦਾ ਜਨਮ 1 ਫਰਵਰੀ, 1914 ਨੂੰ ਸਿਆਲਕੋਟ ਵਿਚ ਹੋਇਆ ਸੀ। ਖੱਬੇਪੱਖੀ ਵਿਚਾਰਾਂ ਤੋਂ ਪ੍ਰੇਰਿਤ ਹੰਗਲ ਵਿਚ ਦੇਸ਼ ਪ੍ਰੇਮ ਕੁੱਟ-ਕੁੱਟ ਭਰਿਆ ਹੋਇਆ ਸੀ ਅਤੇ ਇਸ ਲਈ 1929 ਤੋਂ 1947 ਤੱਕ ਉਹ ਇਕ ਆਜ਼ਾਦੀ ਘੁਲਾਟੀਏ ਦੇ ਰੂਪ ਵਿਚ ਦੇਸ਼ ਨੂੰ ਆਜ਼ਾਦੀ ਦਿਵਾਉਣ ਲਈ ਸਰਗਰਮ ਰਹੇ ਤੇ ਅਨੇਕ ਵਾਰ ਬਰਤਾਨਵੀ ਸਰਕਾਰ ਨੇ ਉਨ੍ਹਾਂ ਨੂੰ ਜੇਲ੍ਹ ਭੇਜਿਆ। ਕਰਾਚੀ ਦੀ ਜੇਲ੍ਹ ਵਿਚ ਤਾਂ ਉਹ ਤਿੰਨ ਸਾਲ ਤੱਕ ਕੈਦ ਰਹੇ। ਦੇਸ਼ ਵੰਡ ਤੋਂ ਦੋ ਸਾਲ ਬਾਅਦ ਉਹ ਭਾਰਤ ਆ ਗਏ, ਕਿਉਂਕਿ ਉਨ੍ਹਾਂ ਨੂੰ ਰੰਗਮੰਚ ਦਾ ਵੀ ਸ਼ੌਕ ਸੀ। ਇਸ ਲਈ ਉਹ 1949 ਤੋਂ 1965 ਤੱਕ ਇਪਟਾ ਦੇ ਨਾਟਕਾਂ ਵਿਚ ਵੱਖ-ਵੱਖ ਭੂਮਿਕਾਵਾਂ ਨਿਭਾਉਂਦੇ ਰਹੇ। ਜਦੋਂ ਉਹ 52 ਸਾਲ ਦੇ ਹੋਏ ਤਾਂ 1966 ਵਿਚ ਫ਼ਿਲਮ 'ਤੀਸਰੀ ਕਸਮ' ਵਿਚ ਉਨ੍ਹਾਂ ਨੂੰ ਇਕ ਛੋਟੀ ਜਿਹੀ ਭੂਮਿਕਾ ਦੀ ਪੇਸ਼ਕਸ਼ ਹੋਈ ਅਤੇ ਉਨ੍ਹਾਂ ਦਾ ਫ਼ਿਲਮੀ ਕਰੀਅਰ ਸ਼ੁਰੂ ਹੋ ਗਿਆ।




ਹੰਗਲ ਲਈ 1970 ਤੋਂ 1990 ਤੱਕ ਦਾ ਸਮਾਂ ਬਹੁਤ ਚੰਗਾ ਰਿਹਾ। ਉਨ੍ਹਾਂ ਨੇ ਅਨੇਕ ਯਾਦਗਾਰ ਫ਼ਿਲਮਾਂ ਜਿਵੇਂ 'ਹੀਰ ਰਾਂਝਾ', 'ਨਮਕ ਹਰਾਮ', 'ਕੋਰਾ ਕਾਗਜ਼', 'ਬਾਵਰਚੀ' ਆਦਿ ਵਿਚ ਮਹੱਤਵਪੂਰਨ ਭੂਮਿਕਾਵਾਂ ਨਿਭਾਈਆਂ। ਰਾਜੇਸ਼ ਖੰਨਾ ਨਾਲ ਤਾਂ ਉਨ੍ਹਾਂ ਨੇ ਲਗਭਗ 16 ਫ਼ਿਲਮਾਂ ਵਿਚ ਕੰਮ ਕੀਤਾ। ਆਖਰੀ ਦਿਨਾਂ ਵਿਚ ਉਨ੍ਹਾਂ ਨੂੰ ਕੰਮ ਮਿਲਣਾ ਬੰਦ ਹੋ ਗਿਆ ਸੀ ਅਤੇ ਉਹ ਜ਼ਬਰਦਸਤ ਆਰਥਿਕ ਮੁਸ਼ਕਿਲਾਂ ਵਿਚ ਘਿਰ ਗਏ ਸਨ। ਇਕ ਮੁਲਾਕਾਤ ਜ਼ਰੀਏ ਉਨ੍ਹਾਂ ਆਪਣੀ ਸਥਿਤੀ ਬਿਆਨ ਕੀਤੀ ਸੀ ਅਤੇ ਫ਼ਿਲਮਾਂ ਵਿਚ ਕੰਮ ਮੰਗਿਆ ਸੀ। ਉਹ ਖ਼ੁੱਦਾਰ ਏਨੇ ਸਨ ਕਿ ਬੁਢਾਪੇ ਵਿਚ ਵੀ ਉਨ੍ਹਾਂ ਨੂੰ 'ਦਾਨ' ਨਹੀਂ 'ਕੰਮ' ਚਾਹੀਦਾ ਸੀ। ਇਸ ਲਈ ਉਨ੍ਹਾਂ ਨੂੰ ਮੁੰਬਈ ਵਿਚ ਕਰਵਾਏ ਇਕ ਫੈਸ਼ਨ ਸ਼ੋਅ ਵਿਚ ਵੀਲ੍ਹਚੇਅਰ 'ਤੇ ਰੈਂਪ ਵਾਕ ਕਰਨ ਦਾ ਮੌਕਾ ਦਿੱਤਾ ਗਿਆ। ਉਨ੍ਹਾਂ ਦੀ ਆਖ਼ਰੀ ਫ਼ਿਲਮ 'ਪਹੇਲੀ' ਸੀ, ਜਿਸ ਨੂੰ 8 ਮਹੀਨੇ ਬਾਅਦ ਘਰ ਵਿਚ ਰਹਿਣ ਤੋਂ ਬਾਅਦ ਉਨ੍ਹਾਂ ਨੇ ਕੀਤਾ ਸੀ। ਖ਼ਾਸ ਕਰਕੇ ਐਕਟਿੰਗ ਨਾਲ ਪ੍ਰੇਮ ਦੇ ਕਾਰਨ, ਜਦ ਕਿ ਇਸ ਤੋਂ ਸੱਤ ਸਾਲ ਬਾਅਦ ਆਖਰੀ ਵਾਰ ਟੀ.ਵੀ. 'ਤੇ ਉਹ ਲੜੀਵਾਰ 'ਮਧੂਬਾਲਾ' ਵਿਚ ਦਿਖਾਈ ਦਿੱਤੇ ਸਨ।

**ਕਸ਼ਮੀਰੀ ਪੰਡਿਤ ਪਰਿਵਾਰ ਵਿਚ ਪਿਤਾ ਪੰਡਿਤ ਹਰੀ ਕਿਸ਼ਨ ਹੰਗਲ ਤੇ ਮਾਤਾ ਰਾਗੀਆ ਹਾਂਡੂ ਦੇ ਘਰ ਜਨਮੇ ਹੰਗਲ ਦਾ ਬਚਪਨ ਤੇ ਜਵਾਨੀ ਪੇਸ਼ਾਵਰ ਵਿਚ ਬੀਤੀ, ਜਿਥੇ ਉਨ੍ਹਾਂ ਨੇ ਥੀਏਟਰ ਵਿਚ ਵੀ ਕੰਮ ਕੀਤਾ। ਉਨ੍ਹਾਂ ਦਾ ਪਰਿਵਾਰਕ ਘਰ ਰੇਤੀ ਗੇਟ ਵਿਚ ਸੀ। ਉਨ੍ਹਾਂ ਦੀਆਂ ਦੋ ਭੈਣਾਂ ਸਨਂਬਿਸ਼ਨ ਤੇ ਕਿਸ਼ਨ। ਉਨ੍ਹਾਂ ਦਾ ਵਿਆਹ ਆਗਰਾ ਦੀ ਮਨੋਰਮਾ ਦਾਰ ਨਾਲ ਹੋਇਆ ਸੀ।**

## ਕਲਾ ਪਰਿਕਰਮਾ

ਹੰਗਲ ਨੇ ਆਪਣੇ ਲਗਭਗ ਚਾਰ ਦਹਾਕੇ ਦੇ ਫ਼ਿਲਮੀ ਕਰੀਅਰ ਵਿਚ 250 ਤੋਂ ਜ਼ਿਆਦਾ ਫ਼ਿਲਮਾਂ ਵਿਚ ਕੰਮ ਕੀਤਾ। ਉਨ੍ਹਾਂ ਦੀ ਉਮਰ ਭਾਵੇਂ ਵਧਦੀ ਗਈ, ਪਰ ਫ਼ਿਲਮਾਂ ਵਿਚ ਕੰਮ ਕਰਨ ਦੀ ਦੀਵਾਨਗੀ ਬਰਕਰਾਰ ਰਹੀ। ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਵਲੋਂ 2006 ਵਿਚ ਹੰਗਲ ਦੇ ਪਦਮ ਭੂਸ਼ਨ ਪੁਰਸਕਾਰ ਨਾਲ ਸਨਮਾਨਿਤ ਹੋਣ ਦੇ ਬਾਵਜੂਦ ਹੰਗਲ ਆਪਣੇ ਆਖ਼ਰੀ ਸਾਲਾਂ ਵਿਚ ਆਰਥਿਕ ਤੰਗੀ ਨਾਲ ਜੂਝਦੇ ਰਹੇ, ਵਿਸ਼ੇਸ਼ ਕਰਕੇ ਇਸ ਲਈ ਕਿ ਉਨ੍ਹਾਂ ਦੇ ਫੋਟੋਗ੍ਰਾਫ਼ਰ ਬੇਟੇ ਵਿਜੈ ਦੇ ਕੋਲ ਫੁੱਲ-ਟਾਈਮ ਕੰਮ ਨਹੀਂ ਸੀ। ਲੱਕ ਦਰਦ ਕਾਰਨ ਹੰਗਲ ਵੀ ਕੰਮ ਨਹੀਂ ਕਰ ਪਾ ਰਹੇ ਸਨ ਅਤੇ ਇਲਾਜ ਲਈ ਪੈਸਾ ਨਹੀਂ ਸੀ। ਹੰਗਲ 26 ਅਗਸਤ, 2012 ਨੂੰ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ। ਉਹ 98 ਸਾਲਾਂ ਦੇ ਸਨ।



ਕਸ਼ਮੀਰੀ ਪੰਡਿਤ ਪਰਿਵਾਰ ਵਿਚ ਪਿਤਾ ਪੰਡਿਤ ਹਰੀ ਕਿਸ਼ਨ ਹੰਗਲ ਤੇ ਮਾਤਾ ਰਾਗੀਆ ਹਾਂਡੂ ਦੇ ਘਰ ਜਨਮੇ ਹੰਗਲ ਦਾ ਬਚਪਨ ਤੇ ਜਵਾਨੀ ਪੇਸ਼ਾਵਰ ਵਿਚ ਬੀਤੀ, ਜਿਥੇ ਉਨ੍ਹਾਂ ਨੇ ਥੀਏਟਰ ਵਿਚ ਵੀ ਕੰਮ ਕੀਤਾ। ਉਨ੍ਹਾਂ ਦਾ ਪਰਿਵਾਰਕ ਘਰ ਰੇਤੀ ਗੇਟ ਵਿਚ ਸੀ। ਉਨ੍ਹਾਂ ਦੀਆਂ ਦੋ ਭੈਣਾਂ ਸਨਂਬਿਸ਼ਨ ਤੇ ਕਿਸ਼ਨ। ਉਨ੍ਹਾਂ ਦਾ ਵਿਆਹ ਆਗਰਾ ਦੀ ਮਨੋਰਮਾ ਦਾਰ ਨਾਲ ਹੋਇਆ ਸੀ। ਉਹ ਥੀਏਟਰ ਗਰੁੱਪ ਸ੍ਰੀ ਸੰਗੀਤ ਪ੍ਰਿਆ ਮੰਡਲ ਦੇ ਮੈਂਬਰ ਸਨ। ਪਿਤਾ ਦੇ ਸੇਵਾਮੁਕਤ ਹੋਣ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਪੇਸ਼ਾਵਰ ਤੋਂ ਕਰਾਚੀ ਆ ਗਿਆ ਸੀ। ਕਮਿਊਨਿਸਟ ਹੋਣ ਕਾਰਨ ਵੀ ਹੰਗਲ ਕਰਾਚੀ ਦੀ ਜੇਲ੍ਹ ਵਿਚ 1947 ਤੋਂ 1949 ਤੱਕ ਬੰਦ ਰਹੇ ਸਨ ਅਤੇ ਰਿਹਾਅ ਹੋਣ ਉਪਰੰਤ ਮੁੰਬਈ ਆ ਕੇ ਸੈਟਲ ਹੋ ਗਏ। ਇਹ ਦੇਸ਼ ਦੀ ਆਜ਼ਾਦੀ ਤੇ ਵੰਡ ਦੇ ਬਾਅਦ ਦੀ ਗੱਲ ਹੈ।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 26 ਜੁਲਾਈ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-700



*ਬਣ ਗਿਆ ਮੂਡ ਪਿਕਨਿਕ ਦਾ, ਪੈ ਗਏ ਸੀ ਨੀਲੇ ਪਹਾੜ ਦੇ ਰਾਹ,*
*ਭਜਾਈ ਗੱਡੀ ਢਾਈ ਘੰਟੇ ਫਿਰ, ਪੁੱਜੇ 'ਲਿਟਲ ਸਵਿਟਜ਼ਰਲੈਂਡ' ਜਾ।*
*ਐਲਪਸ ਪਹਾੜ ਦੇ ਸੀ ਨਜ਼ਾਰੇ, ਵਿਚ ਸੀ ਇੱਕ ਸ਼ਹਿਰ ਵਸਾਇਆ,*
*ਪੈਂਤੀ ਸੌ ਫੁੱਟ ਦੀ ਉਚਾਈ ਉੱਤੇ, ਜੰਗਲ ਵਿਚ ਮੰਗਲ ਸੀ ਲਾਇਆ।*

## ਕੈਪਸ਼ਨ ਮੁਕਾਬਲਾ-698



ਮਿੱਟੀ ਦੇ ਨਾਲ ਮਿੱਟੀ ਹੋਈਏ,
ਅਸੀਂ ਮਿੱਟੀ ਦੇ ਜਾਏ।
ਕਰਮਾਂ ਦੇ ਵਿਚ ਕੀ ਕੁਝ ਲਿਖਿਆ,
ਸਾਨੂੰ ਸਮਝ ਨਾ ਆਏ।
ਕਾਣੀ-ਵੰਡ ਦੇ ਕੰਡੇ ਚੁਭਦੇ,
ਜਰ ਲਈਏ ਨਸੀਬਾਂ ਸਿਰ ਲਾ ਕੇ।
ਥੱਕ ਟੁੱਟ ਕੇ ਪੈ ਜਾਂਦੇ ਹਾਂ,
ਖਾਲ-ਵੱਟਾਂ ਦੇ ਪਲੰਘ ਬਣਾ ਕੇ।
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦਰ ਨਗਰ ਬਠਿੰਡਾ।***
***ਫੋਨ: 94176-49275***

---

ਤਪਦੀ ਧੁੱਪੇ ਕੁੱਬੇ ਕੁੱਬੇ ਹੋ,
ਦੇਖੋ ਪੈਂਦਾ ਝੋਨਾ ਲਾਉਣਾ,
ਲੱਕ ਦੋਹਰੇ ਹੋ ਟੁੱਟ ਜਾਂਦੈ,
ਹੈ ਪੈਂਦਾ ਹੱਠ ਪੁਗਾਉਣਾ।
ਸਣੇ ਪਰਿਵਾਰ ਹੈ ਮਜ਼ਦੂਰੀ,
ਬੰਨ੍ਹੇ 'ਤੇ 'ਰਾਮ ਫੁਰਮਾਣਾ,
ਕਰਦੇ ਨੇ ਵਿਚ ਮਜਬੂਰੀ,
ਢਿੱਡ ਨੂੰ ਝੁਲਕਾ ਪਾਉਣਾ।
***-ਸੇਵਾ ਸਿੰਘ 'ਨੂਰਪੁਰੀ'***

---

ਸੁਣ ਓ ਉੱਪਰ ਵਾਲਿਆਂ,
ਕੁਝ ਉੱਪਰੋਂ ਹੀ ਵਰਸਾ।
ਆਸਾਂ ਹੋਈਆਂ ਲੰਮੀਆਂ,
ਥੱਕ ਗਈ ਨੀਝ ਲਗਾ।
ਕੀ ਤੈਨੂੰ ਧਨਾਢ ਪਿਆਰੇ,
ਜਿਉਂ ਏ ਜੱਗ ਦੀ ਰੀਤ?
ਅਸੀਂ ਵੀ ਤੈਥੋਂ ਉਪਜੇ,
ਕੁਝ ਸਾਡੀ ਝੋਲੀ ਪਾ।
ਇਹ ਬਾਲ ਦੁੱਧ ਨੂੰ ਤਰਸਦਾ,
ਜੋ ਦਿੱਤਾ ਮੈਨੂੰ ਆਪ।
ਮੇਰੀ ਕੁੱਖੋਂ ਉਪਜ ਕੇ,
ਕਿਉਂ ਝਲਦਾ ਫਿਰੇ ਸਰਾਪ?
ਗਰੀਬ ਗੁਰਬੇ ਅਮੀਰ ਸਭ,
ਜੇ ਹਨ ਤੇਰੀ ਸੰਤਾਨ;
ਕਿਉਂ ਆਪਣ ਹੱਥੀਂ ਸਿਰਜ ਕੇ,
ਦੇਂਦਾ ਹੈਂ ਦੁੱਖ ਆਪ?
ਮਾਏਂ ਬਾਲ ਦੀਏ ਕੰਨ ਕਰ,
ਨਾ ਐਵੇਂ ਧੀਰਜ ਹਾਰ।
ਜਿਉਂ ਉਹ ਸਾਰੇ ਜਗਤ ਦਾ,
ਹੈ ਤੇਰਾ ਵੀ ਪਰਵਾਰ।
ਉਹ ਦੀਨ ਦੁਖੀ ਨੂੰ ਰੱਖਦਾ,
ਨਾ ਉਸਦੀ ਅੱਖੋਂ ਦੂਰ।
ਦੁੱਖ ਸੁੱਖ ਦੋਵੇਂ ਕੱਪੜੇ,
ਪਾਈਏ ਲਈਏ ਉਤਾਰ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਦੋ ਡੰਗ ਦੀ ਰੋਟੀ ਖਾਤਰ
ਲਾਚਾਰੀ ਆਪਣੇ ਰੰਗ ਦਿਖਾਵੇ।
ਪੈਰਾਂ ਦੇ ਵਿਚ ਪੈਣ ਕਰਹੀਆਂ
ਢੂਹੀ ਸਿੱਧੀ ਕਰੀ ਨਾ ਜਾਵੇ।
ਭੋਰਾ ਕੁ ਸੁਸਤਾਉਣ ਦੀ ਖਾਤਰ
ਸੁੱਕੀ ਵੱਟ 'ਤੇ ਆਸਣ ਲਾਵੇ।
ਜਿਗਰ ਦਾ ਟੋਟਾ ਕੋਲ਼ ਬਿਠਾ ਕੇ
ਪਲ ਭਰ ਆਪਣਾ ਮਨ ਪ੍ਰਚਾਵੇ।
ਕਦੋਂ ਕਿਰਤ ਦੀ ਕਦਰ ਪਊਗੀ
ਕਾਮੇ ਨੂੰ ਇਹ ਸਮਝ ਨਾ ਆਵੇ।
ਜਗਮੀਤ ਸਿੰਘ ਪੰਧੇਰ
ਔਰਤ ਨੂੰ ਜਿਹੜੇ ਜੁੱਤੀ ਆਖਣ,
ਉਹ ਜ਼ਰੂਰ ਖੁਦ ਇਕ ਛਿੱਤਰ ਨੇ।
ਔਰਤਾਂ ਦੀ ਘਰ, ਖੇਤ
ਸਭ ਥਾਂ ਭਾਗੀਦਾਰੀ ਏ
ਉਹ ਮੁਸ਼ੱਕਤਾਂ ਕਰ
ਮਿੱਟੀ ਸੰਗ ਮਿੱਟੀ ਨੇ।
ਸਿਆਣੇ, ਅੱਧਾ ਅੰਗ ਨਾਰ ਨੂੰ ਕਹਿੰਦੇ
ਸਾਡੇ, ਸਾਰੇ ਹੀ ਗ੍ਰੰਥ ਪਵਿੱਤਰ ਨੇ।
***-ਲੋਕਨਾਥ ਸ਼ਰਮਾ***
***ਫੋਨ: 94171-76877***

---

ਝੋਨਾ ਲਾਉਣਾ ਖਾਲਾ ਜੀ ਦਾ ਵਾੜਾ ਨਹੀਂ
ਹੋ ਕੌਡੇ ਸਾਰਾ ਦਿਨ
ਪਾਣੀ ਹੀ ਪਾਣੀ 'ਚ
ਨੰਗੇ ਪੈਰੀਂ ਮਿੱਧ ਗੰਡੋਏ ਦਾਬਾਂ ਲਾਉਣੀਆਂ
ਥੱਕ ਟੁੱਟ ਜਾਂਦੇ ਪਰਿਵਾਰ
ਲੋੜੋਂ ਵੱਧ ਕੰਮ ਕਰਦੇ।
ਉਥੇ ਪਲੰਘ ਨਹੀਂ ਹਨ ਖੇਤਾਂ 'ਚ
ਵੱਟ ਬੰਨ੍ਹੇ ਹੋ ਢੇਰੀ ਲੱਕ ਸਿੱਧਾ ਕਰਦੇ।
***-ਦਰਸ਼ਨ ਪਾਲ ਦੋਸਾਂਝ***

# ਖਾੜਕੂ ਦੌਰ ਦੇ ਇਮਤਿਹਾਨਾਂ ਦੀ ਦਾਸਤਾਂ: ਹਵਾ ਨੂੰ ਬਾਂਸ ਨਾਲ ਰੋਕਣ ਵਾਲ਼ੇ

ਇਹ 1989 ਦੀ ਗੱਲ ਏ। ਮੈਂ ਪੰਜਾਬ ਦੇ ਇੱਕ ਡਿਗਰੀ ਕਾਲਜ ਵਿਚ ਸਾਲਾਨਾ ਪ੍ਰੀਖਿਆਵਾਂ ਦਾ ਸੈਂਟਰ ਸੁਪਰਡੰਟ ਸਾਂ। ਪਿਛਲੇ ਕਈ ਸਾਲਾਂ ਤੋਂ ਪੰਜਾਬ ਦੇ ਹਾਲਾਤ ਖਰਾਬ ਹੋਣ ਕਾਰਨ ਕਾਲਜਾਂ ਦੀਆਂ ਪ੍ਰੀਖਿਆਵਾਂ ਮਜ਼ਾਕ ਹੀ ਬਣੀਆਂ ਹੋਈਆਂ ਸਨ। ਨਿਗਰਾਨ ਪ੍ਰੋਫੈਸਰ ਆਪਣਾ ਡੰਗ ਟਪਾ ਰਹੇ ਸਨ ਤੇ ਉਮੀਦਵਾਰ ਇਨ੍ਹਾਂ ਨਿਗਰਾਨਾਂ ਨੂੰ ਗਹਿਰੀ ਅੱਖ ਦਿਖਾ ਕੇ ਆਪਣਾ ਮਤਲਬ ਕੱਢੀ ਜਾ ਰਹੇ ਸਨ। ਯੂਨੀਵਰਸਿਟੀਆਂ ਵਾਲੇ ਪ੍ਰੀਖਿਆ ਕੇਂਦਰਾਂ ਵੱਲ ਮਾੜਾ-ਮੋਟਾ ਗੇੜਾ ਹੀ ਮਾਰਦੇ ਸਨ। ਉਪਰੋਂ ਲੈ ਕੇ ਹੇਠਾਂ ਤੱਕ ਹਰ ਕੋਈ ਬਾਂਸ ਨਾਲ਼ ਹਵਾ ਰੋਕਣ ਦੀ ਕੋਸ਼ਿਸ਼ ਹੀ ਕਰ ਰਿਹਾ ਸੀ। ਭਾਵੇਂ ਸਰਹੱਦੀ



**ਅਵਤਾਰ ਐਸ. ਸੰਘਾ**
**ਫੋਨ: +61 437 641 033**

ਜ਼ਿਲ੍ਹਿਆਂ ਦਾ ਹਾਲ ਜ਼ਿਆਦਾ ਹੀ ਮਾੜਾ ਸੀ, ਬਾਕੀ ਸਾਰਾ ਪੰਜਾਬ ਵੀ ਤਕਰੀਬਨ ਇਹੋ ਜਿਹੀਆਂ ਪ੍ਰਸਥਿਤੀਆਂ ਦਾ ਸਾਹਮਣਾ ਕਰ ਰਿਹਾ ਸੀ।

ਚਲਾਕ ਅਧਿਆਪਕ ਤਰੀਕੇ ਨਾਲ ਨਿਗਰਾਨ ਤੇ ਸੁਪਰਡੰਟ ਦੀ ਡਿਊਟੀ ਤੋਂ ਬਚ ਜਾਇਆ ਕਰਦੇ ਸਨ। ਸ਼ਰੀਫ ਬੰਦੇ ਜੋਖਮ ਭਰਪੂਰ ਕੰਮਾਂ 'ਤੇ ਮੱਲੋ-ਮੱਲੀ ਲਗਾ ਦਿੱਤੇ ਜਾਂਦੇ ਸਨ। ਇਹ ਸ਼ਰੀਫ ਬੰਦੇ ਬੜੀ ਸਿਆਣਪ ਤੇ ਨਰਮਾਈ ਨਾਲ ਆਪਣੇ ਦਿਨ ਕੱਟੀ ਜਾਇਆ ਕਰਦੇ ਸਨ। ਮੇਰੀ ਡਿਊਟੀ ਯੂਨੀਵਰਸਿਟੀ ਦੇ ਇਸ ਕੰਮ ਲਈ ਇਸ ਕਰਕੇ ਲੱਗੀ ਸੀ ਕਿਉਂਕਿ ਮੇਰਾ ਪ੍ਰਿੰਸੀਪਲ ਬਹੁਤਾ ਮੇਰੇ ਹੱਕ ਵਿਚ ਨਹੀਂ ਸੀ ਹੋਇਆ ਕਰਦਾ। ਆਪ ਉਹ ਪਰੇ-ਉਰੇ ਹੋ ਜਾਇਆ ਕਰਦਾ ਸੀ, ਤੇ ਮੈਨੂੰ ਪਰੇਸ਼ਾਨੀ ਵਿਚ ਪਾ ਦਿਆ ਕਰਦਾ ਸੀ। ਮਿਸਾਲ ਦੇ ਤੌਰ 'ਤੇ ਇੱਕ ਗਣਤੰਤਰ ਦਿਵਸ ਦੀ ਗੱਲ ਸੁਣਾ ਦਿੰਦਾ ਹਾਂ। ਮੈਂ ਕਾਲਜ ਦਾ ਐਨ.ਸੀ.ਸੀ. ਅਫਸਰ ਵੀ ਸਾਂ। ਪੰਜਾਬ ਦੇ ਹਾਲਾਤ ਦੇ ਮੱਦੇਨਜ਼ਰ ਕਾਲਜ ਦੇ ਐਨ.ਸੀ.ਸੀ. ਕੈਡੇਟਾਂ ਨੇ ਸਿੱਖ ਫੈਡਰੇਸ਼ਨ ਦੀ ਕਾਲ 'ਤੇ ਗਣਤੰਤਰ ਦਿਵਸ ਦੀ ਪਰੇਡ ਦਾ ਬਾਈਕਾਟ ਕਰ ਦਿੱਤਾ ਸੀ। ਜਦ ਕੈਡੇਟ ਰਿਹਰਸਲ ਵਿਚ ਨਹੀਂ ਗਏ ਤਾਂ ਪੁਲਿਸ ਦਾ ਸਿਪਾਹੀ ਮੇਰੇ ਘਰ ਆ ਗਿਆ। ਕਹਿੰਦਾ: ਤੁਹਾਨੂੰ ਠਾਣੇ ਬੁਲਾਇਆ ਹੈ। ਮੈਂ ਚਲਾ ਗਿਆ। ਐਸ.ਐਚ.ਓ. ਕਹਿੰਦਾ: ਕੈਡੇਟ ਪਰੇਡ ਦੀ ਰਿਹਰਸਲ ਵਿਚ ਕਿਉਂ ਨਹੀਂ ਆਏ। ਮੈਂ ਕਿਹਾ: 'ਮੈਂ ਬਥੇਰਾ ਜ਼ੋਰ ਲਾਇਆ ਉਹ ਮੰਨੇ ਹੀ ਨਹੀਂ।' ਐਸ.ਐਚ.ਓ. ਕਹਿਣ ਲੱਗਾ, 'ਜੀਪ 'ਤੇ ਬੈਠੋ ਤੇ ਡੀ.ਐਸ.ਪੀ. ਪਾਸ ਜਾ ਕੇ ਆਪਣਾ ਇਹ ਬਿਆਨ ਦਿਓ।' ਮੈਨੂੰ ਖੁੱਲ੍ਹੀ ਜੀਪ 'ਚ ਬਿਠਾ ਕੇ ਨਹਿਰ ਦੇ ਪਾਸ ਧੁੱਪ ਵਿਚ ਲੱਗੇ ਡੀ.ਐਸ.ਪੀ. ਦੇ ਦਫਤਰ ਲੈ ਗਏ। ਮੈਂ ਉੱਥੇ ਜਾ ਕੇ ਵੀ ਇਹੀ ਬਿਆਨ ਦੇ ਦਿੱਤਾ। ਡੀ.ਐਸ.ਪੀ. ਕਹਿਣ ਲੱਗਾ: 'ਨਾਮ ਲਓ, ਕਿਹੜਾ ਕੈਡੇਟ ਪੈਰ ਖਿੱਚ ਰਿਹਾ ਏ।' ਮੈਂ ਕਿਹਾ 'ਸਾਰੇ ਹੀ ਚੁੱਪ ਖੜ੍ਹੇ ਸਨ।' ਕਹਿੰਦਾ, 'ਜੇ ਤੁਹਾਡਾ ਐਨ.ਸੀ.ਸੀ. ਭੱਤਾ ਬੰਦ ਕਰਵਾ ਦਿਆਂ?' ਮੈਂ ਚੁੱਪ ਰਿਹਾ। ਕੁਝ ਦੇਰ ਬਿਠਾ ਕੇ ਮੈਨੂੰ ਫਿਰ ਥਾਣੇ ਮੇਰੇ ਮੋਟਰਸਾਈਕਲ ਪਾਸ ਛੱਡ ਗਏ। ਮੈਂ ਘਰ ਵਾਪਸ ਆ ਗਿਆ। ਇਸ ਵਕਤ ਮੇਰੇ ਕਾਲਜ ਦੇ ਪ੍ਰਿੰਸੀਪਲ ਦੀ ਇਹ ਡਿਊਟੀ ਬਣਦੀ ਸੀ ਕਿ ਮੇਰੇ ਨਾਲ ਠਾਣੇ ਜਾਂਦਾ। ਪ੍ਰਿੰਸੀਪਲ ਆਪ ਸ਼ਹਿਰ ਛੱਡ ਕੇ ਪਰੇ-ਉਰੇ ਹੋ ਗਿਆ ਤੇ ਮੈਨੂੰ ਚੱਕਰ ਵਿਚ ਪਾ ਗਿਆ। ਮੈਨੂੰ ਖੁੱਲ੍ਹੀ ਜੀਪ ਵਿਚ ਬੈਠੇ ਨੂੰ ਦੇਖ ਕੇ ਲੋਕਾਂ ਨੇ ਮੇਰੇ ਬਾਰੇ ਪਤਾ ਨਹੀਂ ਕੀ ਕੀ ਅੰਦਾਜੇ ਲਗਾਏ ਹੋਣਗੇ। ਇਹ ਹਾਲ ਸੀ ਮਾੜੇ ਪ੍ਰਿੰਸੀਪਲਾਂ ਦਾ ਉਸ ਸਮੇਂ। ਜਦ ਮੈਂ ਡਿਊਟੀ 'ਤੇ ਜਾਣ ਲਈ ਤਿਆਰ ਹੋਇਆ ਤਾਂ ਮੇਰੇ ਕਾਲਜ ਦਾ ਇੱਕ ਕੱਚਾ ਲੈਕਚਰਾਰ ਮੇਰੇ ਨਾਲ ਉਸੇ ਕਾਲਜ ਵਿਚ ਪ੍ਰੀਖਿਆ ਕੇਂਦਰ ਵਿਚ ਨਿਗਰਾਨ ਦੇ ਤੌਰ 'ਤੇ ਜਾਣ ਲਈ ਤਿਆਰ ਹੋ ਗਿਆ, ਕਿਉਂਕਿ ਉਸਦਾ ਪਿੰਡ ਉਸ ਪਾਸੇ ਪੈਂਦਾ ਸੀ। ਇਸ ਪ੍ਰਕਾਰ ਉਹ ਉਧਰੋਂ ਆਪਣੇ ਘਰੋਂ ਡਿਊਟੀ ਦੇ ਕੇ ਆਪਣਾ ਡੇਢ ਕੁ ਮਹੀਨਾ ਕੱਢਣਾ ਚਾਹੁੰਦਾ ਸੀ ਤੇ ਨਾਲ ਪੈਸੇ ਕਮਾਉਣਾ ਚਾਹੁੰਦਾ ਸੀ। ਮੈਂ ਸੋਚਿਆ ਮੇਰੇ ਨਾਲ ਜਾਣ ਨਾਲ ਉਹ ਮੇਰੇ ਲਈ ਪੰਜਾਬ ਦੇ ਮਾੜੇ ਹਾਲਾਤ ਵਿਚ ਜਿਸਮਾਨੀ ਤੇ ਨੈਤਿਕ ਦੋਨੋਂ ਸਪੋਰਟਾਂ ਬਣ ਜਾਵੇਗਾ। ਏ.ਕੇ. ਸੰਤਾਲੀ ਦੇ ਸਾਏ ਹੇਠ ਹੋ ਰਹੀਆਂ ਪ੍ਰੀਖਿਆਵਾਂ ਦੌਰਾਨ ਜੇ ਦੋ ਬੰਦੇ ਇਕੱਠੇ ਤੁਰਦੇ ਫਿਰਦੇ ਹੋਣ ਤਾਂ ਕਿਸੇ ਐਰੇ-ਗੈਰੇ ਦਾ ਡਰਾਉਣ-ਧਮਕਾਉਣ ਦਾ ਥੋੜ੍ਹੇ ਕੀਤੇ ਹੌਸਲਾ ਨਹੀਂ ਸੀ ਪੈਂਦਾ। ਮੇਰੇ ਨਾਲ ਜਾਣ ਵਾਲੇ ਇਸ ਲੈਕਚਰਾਰ ਦਾ ਨਾਮ ਮਨੋਹਰ ਸਿੰਘ ਸੀ।

ਅਸੀਂ 4 ਅਪ੍ਰੈਲ ਨੂੰ ਜਾ ਕੇ ਉਸ ਕਾਲਜ ਵਿਚ ਆਪਣੀ ਡਿਊਟੀ ਸੰਭਾਲ ਲਈ। ਵੱਖ-ਵੱਖ ਜਮਾਤਾਂ ਦੇ ਪਹਿਲੇ ਦੋ ਤਿੰਨ ਪਰਚੇ ਅੰਗਰੇਜ਼ੀ ਦੇ ਸਨ। ਇਸ ਤੋਂ ਬਾਅਦ ਗਣਿਤ ਦਾ ਪਰਚਾ ਆ ਗਿਆ। ਇਹ ਪਰਚਾ ਖਤਮ ਹੋਣ ਤੋਂ ਬਾਅਦ ਮੈਨੂੰ ਮਨੋਹਰ ਸਿੰਘ ਨੇ ਦੱਸਿਆ ਕਿ ਕਾਲਜ ਦੇ ਇੱਕ ਉਮੀਦਵਾਰ ਦੇ ਮਾਪਿਆਂ ਨੇ ਉਹਦੇ ਤੱਕ ਇਸ ਪਰਚੇ ਵਿਚ ਨਕਲ ਕਰਵਾਉਣ ਲਈ ਪਹੁੰਚ ਕੀਤੀ ਸੀ। ਮਨੋਹਰ ਕਹਿੰਦਾ ਕਿ ਉਸਨੇ ਉਸ ਉਮੀਦਵਾਰ ਦੇ ਮਾਪਿਆਂ ਨੂੰ ਇਹ ਯਕੀਨ ਦੁਆ ਦਿੱਤਾ ਸੀ ਕਿ ਉਹ ਉਸ ਕਮਰੇ ਵਿਚ ਆਪਣੀ ਡਿਊਟੀ ਲਗਵਾ ਲਵੇਗਾ ਤੇ ਉਮੀਦਵਾਰ ਜੋ ਚਾਹੇ ਕਰ ਲਵੇ। ਜਦ ਪਰਚਾ ਸ਼ੁਰੂ ਹੋਇਆ, ਉਹ ਕਹਿੰਦਾ, ਉਸਨੇ ਇਸ ਪਰਚੇ ਦੇ ਪੰਜ-ਛੇ ਸਵਾਲ ਉਸ ਉਮੀਦਵਾਰ ਦੇ ਮਾਪਿਆਂ ਨੂੰ ਇੱਕ ਚਪੜਾਸੀ ਦੇ ਹੱਥ ਬਾਹਰ ਭੇਜ ਦਿੱਤੇ ਤਾਂ ਕਿ ਉਹ ਇਹ ਸਵਾਲ ਹੱਲ ਕਰਵਾ ਕੇ ਵਾਪਸ ਅੰਦਰ ਭੇਜ ਦੇਣ। ਮਾਪਿਆਂ ਨੇ ਉਸੇ ਕਾਲਜ ਦੇ ਹਿਸਾਬ ਦੇ ਪ੍ਰੋਫੈਸਰ ਮੇਲੂਰ ਸਿੰਘ ਨਾਲ ਪਹਿਲਾਂ ਹੀ ਗੱਲ ਕੀਤੀ ਹੋਈ ਸੀ ਕਿ ਪ੍ਰਸ਼ਨ ਪੱਤਰ ਬਾਹਰ ਆ ਜਾਵੇਗਾ ਤੇ ਉਹ ਪਰਚਾ ਹੱਲ ਕਰ ਦੇਵੇਗਾ। ਇਸ ਪ੍ਰਕਾਰ ਹੱਲ ਕੀਤੇ ਹੋਏ ਸਵਾਲ ਅੰਦਰ ਭੇਜ ਕੇ ਉਹ ਆਪਣੇ ਲੜਕੇ ਦੀ ਮਦਦ ਕਰਵਾ ਦੇਣਗੇ। ਮਨੋਹਰ ਨੇ ਮੈਨੂੰ ਦੱਸਿਆ ਕਿ ਉਸਨੇ ਸਵਾਲ ਤਾਂ ਬੜੀ ਜਲਦੀ ਬਾਹਰ ਭੇਜ ਦਿੱਤੇ ਸਨ ਪ੍ਰੰਤੂ ਇਹ ਹੱਲ ਹੋ ਕੇ ਵਾਪਸ ਨਹੀਂ ਸੀ ਆਏ। ਅੰਦਰ ਬੈਠਾ ਉਮੀਦਵਾਰ ਤਰਲੋ-ਮੱਛੀ ਹੋਈ ਜਾਵੇ ਕਿਉਂਕਿ ਉਹ ਹੱਲ ਕੀਤੇ ਸਵਾਲ ਉਡੀਕ ਰਿਹਾ ਸੀ। ਦੂਜੇ ਪਾਸੇ ਸਮਾਂ ਖੰਭ ਲਗਾ ਕੇ ਉੱਡਦਾ ਜਾ ਰਿਹਾ ਸੀ। ਹੱਲ ਕੀਤੇ ਹੋਏ ਸਵਾਲ ਉਦੋਂ ਤੱਕ ਵੀ ਨਾ ਆਏ ਜਦ ਸਮਾਂ ਖਤਮ ਹੋਣ ਨੂੰ ਅੱਧਾ ਘੰਟਾ ਰਹਿੰਦਾ ਸੀ। ਮਨੋਹਰ ਕਹਿੰਦਾ ਕਿ ਉਹਦਾ ਕੰਮ ਤਾਂ ਉਸ ਲੜਕੇ ਪ੍ਰਤੀ ਨਰਮ ਰਹਿਣਾ ਸੀ। ਨਰਮ ਉਹ ਰਹੀ ਜਾ ਰਿਹਾ ਸੀ। ਜਦ ਲੜਕੇ ਪਾਸ ਕੁਝ ਪਹੁੰਚਿਆ ਹੀ ਨਹੀਂ ਤਾਂ ਮੇਰੀ ਨਰਮਾਈ ਵੀ ਕੀ ਕਰ ਸਕਦੀ ਸੀ? ਜਦ ਉਹਦੇ ਪਾਸ ਹੱਲ ਕੀਤੇ ਸਵਾਲ ਪਹੁੰਚੇ ਹੀ ਨਾ ਤਾਂ ਉਹ ਤਾਂ ਪਰਚਾ ਕਰਨ ਤੋਂ ਸੱਖਣਾ ਰਹਿ ਗਿਆ। ਆਖਰ ਸਮਾਂ ਖਤਮ ਹੋ ਗਿਆ। ਸਭ ਉਮੀਦਵਾਰਾਂ ਤੋਂ ਪਰਚੇ ਲੈ ਲਏ ਗਏ।

ਬਾਹਰ ਮੇਲੂਰ ਸਿੰਘ ਨੂੰ ਉਸ ਉਮੀਦਵਾਰ ਦੇ ਮਾਪੇ ਪਹਿਲਾਂ ਹੀ ਰੈਡ ਨਾਈਟ ਵ੍ਹਿਸਕੀ ਦੀਆਂ ਦੋ ਬੋਤਲਾਂ ਦੇ ਚੁੱਕੇ ਸਨ ਤਾਂ ਕਿ ਉਹ ਸਵਾਲ ਹੱਲ ਕਰ ਕੇ ਫੁਰਤੀ ਨਾਲ਼ ਅੰਦਰ ਭੇਜ ਦੇਵੇ। ਜਦ ਪਰਚਾ ਖਤਮ ਹੋਣ ਤੋਂ ਬਾਅਦ ਮੈਂ ਆਪਣੀਆਂ ਉੱਤਰ ਪੱਤਰੀਆਂ ਸੁਪਰਡੰਟ ਪਾਸ ਜਮ੍ਹਾਂ ਕਰਾ ਕੇ ਕੇਂਦਰ ਤੋਂ ਬਾਹਰ ਨਿਕਲਿਆ ਤਾਂ ਮਨੋਹਰ ਮੈਨੂੰ ਉੱਡ ਕੇ ਮਿਲਿਆ ਤੇ ਕਹਿਣ ਲੱਗਾ:

'ਸਰ ਜੀ, ਕੰਮ ਤਾਂ ਨਹੀਂ ਹੋ ਸਕਿਆ ਪਰੰਤੂ ਮਾਲ ਮਿਲ ਚੁੱਕਾ ਹੈ।'

'ਕੀ ਭਾਵ?' ਮੈਂ ਹੈਰਾਨ ਸਾਂ।

'ਸਰ, ਅੰਦਰ ਮੇਰੇ ਕਮਰੇ ਵਿਚ ਇੱਕ ਉਮੀਦਵਾਰ 227088 ਸੀ। ਜਿਸ ਦਾ ਨਾਮ ਕਰਨ ਸੀ। ਉਸਨੇ ਬਾਹਰ ਇਸੀ ਕਾਲਜ ਦੇ ਨਵੇਂ ਨਵੇਂ ਪਾਰਟ ਟਾਈਮ ਨਿਯੁਕਤ ਹੋਏ ਪ੍ਰੋਫੈਸਰ ਮੇਲੂਰ ਸਿੰਘ ਨੂੰ ਪਰਚਾ ਹੱਲ ਕਰਨ ਲਈ ਦੋ ਬੋਤਲਾਂ ਵ੍ਹਿਸਕੀ ਦੀਆਂ ਦਿੱਤੀਆਂ ਹੋਈਆਂ ਸਨ। ਇਨ੍ਹਾਂ ਵਿਚੋਂ ਇੱਕ ਬੋਤਲ ਮੇਲੂਰ ਸਿੰਘ ਨੇ ਮੈਨੂੰ ਦੇ ਦਿੱਤੀ ਸੀ ਤਾਂ ਕਿ ਮੈਂ ਅੰਦਰ ਉਸ ਉਮੀਦਵਾਰ ਪ੍ਰਤੀ ਨਰਮ ਰਹਾਂ। ਮੁੰਡੇ ਦਾ ਕੰਮ ਤਾਂ ਨਹੀਂ ਹੋਇਆ ਪਰ ਮਾਲ ਤਾਂ ਮਿਲ ਹੀ ਚੁੱਕਾ ਏ। ਆਓ ਆਪਾਂ ਮੇਲੂਰ ਸਿੰਘ ਦੇ ਕਮਰੇ ਵਿਚ ਚਲੀਏ ਤੇ ਉੱਥੇ ਜਾ ਕੇ ਗਲਾਸੀ ਲਗਾ ਲਈਏ।'


ਮੈਂ ਮਨੋਹਰ ਨੂੰ ਤਾੜਿਆ, 'ਪੰਜਾਬ ਦੇ ਹਾਲਾਤ ਅੰਤਾਂ ਦੇ ਖਰਾਬ ਹਨ। ਤੁਸੀਂ ਉਮੀਦਵਾਰਾਂ ਤੋਂ ਸ਼ਰਾਬ ਲੈ ਕੇ ਬੜਾ ਘਟੀਆ ਕੰਮ ਕੀਤਾ ਹੈ। ਇੰਜ ਕਰਕੇ ਤੁਸੀਂ ਇੱਥੇ ਮੇਰਾ ਨਾਮ ਵੀ ਬਦਨਾਮ ਕਰ ਦੇਵੋਗੇ।'

'ਸਰ ਜੀ, ਗੁੱਸਾ ਨਾ ਕਰੋ। ਪ੍ਰਭਾਵ ਤਾਂ ਸਾਰੇ ਪੰਜਾਬ ਦਾ ਖਰਾਬ ਹੋ ਹੀ ਚੁੱਕਾ ਏ। ਨਕਲ ਤਾਂ ਸਾਰੇ ਪਾਸੇ ਆਮ ਚੱਲਦੀ ਏ। ਨਾਲੇ ਮੈਂ ਕਿਹੜੀ ਸਿੱਧੀ ਉਮੀਦਵਾਰ ਤੋਂ ਫੜੀ ਏ। ਮੈਨੂੰ ਤਾਂ ਮੇਲੂਰ ਨੇ ਪਰਚਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਫੜਾ ਦਿੱਤੀ ਸੀ। ਆਓ ਇੱਕ ਇੱਕ ਹਾੜਾ ਲਗਾ ਲੈਂਦੇ ਹਾਂ। ਫਿਰ ਚਲੇ ਚਲਾਂਗੇ।'

'ਮਨੋਹਰ, ਮੈਂ ਤਾਂ ਪੀਣੀ ਨਹੀਂ, ਤੁਹਾਡੀ ਮਰਜ਼ੀ।'

'ਸਰ, ਮੈਂ ਤੁਹਾਡੇ ਨਾਲ ਸਕੂਟਰ 'ਤੇ ਜਾਣਾ ਏ। ਮੇਰੇ ਪਾਸ ਤਾਂ ਕੋਈ ਵਾਹਨ ਹੈ ਹੀ ਨਹੀਂ। ਤੁਸੀਂ ਮੈਨੂੰ ਰਸਤੇ ਵਿਚੋਂ ਮੇਰੇ ਪਿੰਡ ਉਤਾਰੋਗੇ ਤੇ ਫਿਰ ਆਪਣੇ ਸ਼ਹਿਰ ਨੂੰ ਜਾਓਗੇ। ਚਾਹੋ ਤਾਂ ਅੱਜ ਦੀ ਰਾਤ ਮੇਰੇ ਪਾਸ ਰਹਿ ਲੈਣਾ। ਆਓ ਤਾਂ ਸਹੀ ਦੇਖੀਏ ਮੇਲੂਰ ਸਿੰਘ ਨੇ ਕੀ ਪ੍ਰਬੰਧ ਕੀਤਾ ਹੋਇਆ ਏ।'

'ਮਨੋਹਰ, ਉਮੀਦਵਾਰ ਦਾ ਕੰਮ ਤਾਂ ਬਣਿਆ ਕੋਈ ਨਹੀਂ। ਮੇਲੂਰ ਨੇ ਉਸ ਲਈ ਸਵਾਲ ਹੱਲ ਕਰਕੇ ਅੰਦਰ ਕਿਉਂ ਨਹੀਂ ਭੇਜੇ?'



'ਇਸ ਦਾ ਕਾਰਨ ਵੀ ਸੁਣ ਲਓ। ਪਰਚਾ ਕਾਫੀ ਔਖਾ ਸੀ। ਦੂਜੀ ਗੱਲ ਇਹ ਕਿ ਮੇਲੂਰ ਸਿੰਘ ਵੀ ਹੁਣੇ ਹੁਣੇ ਹਿਸਾਬ ਦੀ ਐਮ.ਏ. ਕਰ ਕੇ ਆਇਆ ਹੈ। ਉਸਦੀ ਕਾਲਜ ਵਿਚ ਇਹ ਪਹਿਲੀ ਪੋਸਟਿੰਗ ਹੈ। ਉਹ ਹੈ ਵੀ ਪਾਰਟ ਟਾਈਮ। ਤੁਹਾਨੂੰ ਪਤਾ ਹੀ ਹੈ ਕਿ ਪਿਛਲੇ ਪੰਜ-ਛੇ ਸਾਲਾਂ ਤੋਂ ਨਕਲ ਤਾਂ ਆਮ ਚੱਲਦੀ ਹੀ ਆ ਰਹੀ ਏ। ਮੇਲੂਰ ਨੇ ਵੀ ਐਮ. ਏ. ਨਕਲ ਦੇ ਸਿਰ 'ਤੇ ਹੀ ਕੀਤੀ ਸੀ। ਇੱਕ ਤਾਂ ਮਾਡਰਨ ਗਣਿਤ ਪਾਠਕ੍ਰਮਾਂ ਦਾ ਹਿੱਸਾ ਬਣ ਗਿਆ। ਇਹ ਵੈਸੇ ਵੀ ਕਾਫੀ ਔਖਾ ਏ। ਦੂਜੇ ਹੁਣ ਮੇਲੂਰ ਜਿਹੇ ਅਨੇਕਾਂ ਬੰਦੇ ਨਕਲ ਦੇ ਸਿਰ 'ਤੇ ਸਿਫਾਰਸ਼ਾਂ ਨਾਲ ਆਮ ਮਹਿਕਮਿਆਂ ਵਿਚ ਆਣ ਭਰਤੀ ਹੋਏ ਹਨ। ਇਹ ਲੋਕ ਆਪਣੇ ਖੇਤਰ ਦੇ ਮਾਹਿਰ ਨਹੀਂ ਹਨ। ਸੁਣਿਆ ਬਾਹਰ ਬੈਠੇ ਮੇਲੂਰ ਨੇ ਸਵਾਲ ਹੱਲ ਕਰਨ ਲਈ ਸਾਰਾ ਜ਼ੋਰ ਲਗਾਇਆ। ਉਸ ਤੋਂ ਪੰਜਾਂ ਵਿਚੋਂ ਇੱਕ ਵੀ ਸਵਾਲ ਹੱਲ ਨਹੀਂ ਹੋ ਸਕਿਆ। ਉਮੀਦਵਾਰਾਂ ਦੇ ਮਾਪੇ ਵੱਡੀਆਂ ਉਮੀਦਾਂ ਨਾਲ ਉਹਨੂੰ ਨਾਲ ਲੈ ਕੇ ਆਏ ਸਨ। ਉਨ੍ਹਾਂ ਦੀਆਂ ਸਭ ਆਸਾਂ 'ਤੇ ਪਾਣੀ ਫਿਰ ਗਿਆ। ਮੇਲੂਰ ਬੈਠਾ ਬਾਂਸ ਨਾਲ ਹਵਾ ਰੋਕਣ ਦੀ ਕੋਸ਼ਿਸ਼ ਕਰਦਾ ਰਿਹਾ। ਕਦੀ ਥੁੱਕ ਨਾਲ ਵੀ ਪਕੌੜੇ ਪੱਕਦੇ ਨੇ? ਅਸਲੀ ਖਾੜਕੂ ਪੰਜਾਬ ਦੀ ਲਹਿਰ ਕਿਸੇ ਖਾਸ ਮਕਸਦ ਲਈ ਚਲਾ ਰਹੇ ਹਨ। ਇਸ ਆੜ ਵਿਚ ਕਾਫੀ ਨਕਲੀ ਅਤਿਵਾਦੀ ਵੀ ਪੈਦਾ ਹੋ ਗਏ ਹਨ, ਜਿਹੜੇ ਆਪਣਾ ਮਤਲਬ ਕੱਢ ਰਹੇ ਹਨ। ਇਸ ਪ੍ਰਕਾਰ ਪੰਜਾਬ ਦੇ ਬਹੁਤੇ ਮਹਿਕਮਿਆਂ ਵਿਚ ਮਾੜੇ ਬੰਦੇ ਭਰਤੀ ਹੋਈ ਜਾ ਰਹੇ ਹਨ। ਇਸ ਪ੍ਰਕਾਰ ਦੀਆਂ ਸਿਫਾਰਸ਼ੀ ਫੀਤੀਆਂ ਲੁਆਉਣ ਵਾਲੇ ਬੰਦੇ ਪੁਲਿਸ ਵਿਚ ਵੀ ਕਾਫੀ ਆ ਗਏ ਹਨ। ਜੇ ਹਾਲਾਤ ਇਸ ਪ੍ਰਕਾਰ ਦੇ ਰਹੇ ਤਾਂ ਆਉਣ ਵਾਲੇ ਚਾਰ ਪੰਜ ਸਾਲਾਂ ਵਿਚ ਬਹੁਤੇ ਮਹਿਕਮਿਆਂ ਵਿਚ ਕੱਚੇ-ਪਿੱਲੇ ਕਰਮਚਾਰੀ ਹੀ ਹੋਇਆ ਕਰਨਗੇ।'

'ਜੇ ਇੰਜ ਸੀ ਤਾਂ ਮੇਲੂਰ ਸਿੰਘ ਨੇ ਉਮੀਦਵਾਰ ਦੇ ਮਾਂ ਪਿਓ ਤੋਂ ਸ਼ਰਾਬ ਕਿਉਂ ਲਈ?'

'ਸ਼ਰਾਬ ਤਾਂ ਮਾਪਿਆਂ ਨੇ ਉਸਨੂੰ ਇੱਕ ਦਿਨ ਪਹਿਲਾਂ ਹੀ ਫੜਾ ਦਿੱਤੀ ਸੀ। ਉਸਨੇ ਮੈਨੂੰ ਵੀ ਇੱਕ ਬੋਤਲ ਅੱਜ ਸਵੇਰੇ ਹੀ ਦੇ ਦਿੱਤੀ ਸੀ। ਖੌਰੇ ਉਹਨੇ ਕੋਈ ਬਹਾਨਾ ਉਸਦੇ ਮਾਪਿਆਂ ਪਾਸ ਮਾਰ ਦਿੱਤਾ ਹੋਊ। ਕਹਿ ਦਿੱਤਾ ਹੋਊ, ਸੁਪਰਡੰਟ ਨੇ ਮਾਲ ਅੰਦਰ ਜਾਂਦੇ-ਜਾਂਦੇ ਚਪੜਾਸੀ ਤੋਂ ਬਾਹਰ ਹੀ ਫੜ ਲਿਆ ਹੋਊ। ਹੋਰ ਬਥੇਰੇ ਤਰੀਕੇ ਹੁੰਦੇ ਹਨ ਮਾਪਿਆਂ ਨੂੰ ਤਸੱਲੀ ਦੁਆਉਣ ਦੇ। ਇਹ ਸਭ ਕੁਝ ਇੱਕ ਬੰਦੇ ਦੇ ਹੱਥ ਵਿਚ ਥੋੜ੍ਹਾ ਏ। ਮਾਲ ਲੈ ਕੇ ਬਾਅਦ ਵਿਚ ਜੋ ਮਰਜ਼ੀ ਬੋਲ ਦਿਓ। ਆਓ, ਅਸੀਂ ਉਸਦੇ ਕਮਰੇ ਵਿਚ ਚਲਦੇ ਹਾਂ। ਜੇ ਤੁਸੀਂ ਨਹੀਂ ਵੀ ਪੀਂਦੇ ਤਾਂ ਵੀ ਤੁਸੀਂ ਘੰਟਾ ਕੁ ਸਾਡੇ ਪਾਸ ਵੈਸੇ ਹੀ ਬੈਠੇ ਰਿਹੋ। ਕੁਝ ਖਾ ਪੀ ਲੈਣਾ। ਮੈਂ ਦੋ ਕੁ ਹਾੜੇ ਹੀ ਲਗਾਵਾਂਗਾ, ਜ਼ਿਆਦਾ ਨਹੀਂ। ਨਾਲੇ ਮੇਲੂਰ ਤੋਂ ਅਸਲੀ ਕਹਾਣੀ ਪੁੱਛਾਂਗੇ। ਫਿਰ ਆਪਾਂ ਚਲੇ ਚੱਲਾਂਗੇ।'

ਮੈਂ ਮਨੋਹਰ ਨਾਲ ਮੇਲੂਰ ਦੇ ਕਮਰੇ ਨੂੰ ਚੱਲ ਪਿਆ। ਰਾਹ ਵਿਚ ਮੈਂ ਮਨੋਹਰ ਨੂੰ ਪੁੱਛਿਆ, 'ਜਦ ਮੇਲੂਰ ਸਵਾਲ ਹੱਲ ਹੀ ਨਹੀਂ ਕਰ ਸਕਿਆ ਤਾਂ ਇਹ ਪੜ੍ਹਾਉਂਦਾ ਕਿਵੇਂ ਹੋਊ?'

'ਸਰ ਜੀ, ਬਾਜ਼ਾਰ ਵਿਚ ਬਥੇਰੇ ਘਟੀਆ ਨੋਟ ਮਿਲ ਜਾਂਦੇ ਨੇ। ਬਾਕੀ ਵਾਰ-ਵਾਰ ਕੋਸ਼ਿਸ਼ ਕਰਨ ਨਾਲ ਬਾਂਦਰ ਵੀ ਬਿਰਖਾਂ 'ਤੇ ਚੜ੍ਹਨਾ ਸਿੱਖ ਹੀ ਜਾਂਦਾ ਏ। ਨਾਲੇ ਇਸ ਪੇਂਡੂ ਕਾਲਜ ਦੇ ਵਿਚ ਵਿਦਿਆਰਥੀ ਕਿੰਨੇ ਕੁ ਗੰਭੀਰ ਹਨ? ਹਰ ਜਮਾਤ ਵਿਚ ਚਾਰ-ਚਾਰ ਤਾਂ ਵਿਦਿਆਰਥੀ ਹਨ। ਗੱਲ ਨੌਕਰੀ ਲੈਣ ਦੀ ਹੁੰਦੀ ਏ। ਕੰਮ ਕਿਵੇਂ ਕਰਨਾ ਹੈ ਆਪ ਹੀ ਆ ਜਾਂਦਾ ਹੈ?'

ਜਦ ਕਮਰੇ ਕੋਲ ਪਹੁੰਚੇ ਤਾਂ ਮੇਲੂਰ ਸਾਨੂੰ ਮਿਲ ਕੇ ਬੜਾ ਖੁਸ਼ ਹੋਇਆ। ਉਸਨੇ ਖਾਣ-ਪੀਣ ਦਾ ਸੋਹਣਾ ਪ੍ਰਬੰਧ ਕੀਤਾ ਹੋਇਆ ਸੀ। ਰੈਡ ਨਾਈਟ ਦੀ ਬੋਤਲ ਖੋਲ੍ਹ ਕੇ ਮੇਜ਼ 'ਤੇ ਰੱਖ ਦਿੱਤੀ। ਇੱਕ ਲੜਕਾ ਤਲੇ ਦੋ ਮੁਰਗੇ ਦੇ ਗਿਆ।

'ਪ੍ਰੋਫੈਸਰ ਸਾਹਿਬ, ਬੜੀ ਖੇਚਲ ਕੀਤੀ।' ਮੈਂ ਗੱਲ ਤੋਰੀ।

'ਸਰ, ਤੁਹਾਡੇ ਜਿਹੀ ਮਸ਼ਹੂਰ ਹਸਤੀ ਨੇ ਗਰੀਬ ਦੇ ਘਰ ਚਰਨ ਪਾਏ ਨੇ। ਸ਼ੁਕਰ ਏ! ਛਕੋ, ਸਰ ਜੀ।'

'ਮੇਲੂਰ, ਮੈਂ ਤਾਂ ਕੋਕ ਹੀ ਪੀਵਾਂਗਾ। ਮਨੋਹਰ ਤੁਹਾਡੇ ਨਾਲ ਕੰਪਨੀ ਕਰੇਗਾ।'

'ਸਰ ਜੀ, ਪਲੀਜ਼ ਇੱਕ ਪੈਗ ਤਾਂ ਲਾਓ।'

'ਮੇਲੂਰ, ਮੈਂ ਨਹੀਂ ਪੀਂਦਾ। ਮਨੋਹਰ ਪੀ ਲੈਂਦਾ ਹੈ। ਤੁਸੀਂ ਇਹਦੀ ਸੇਵਾ ਕਰੋ।'

'ਸਰ, ਮੈਂ ਕਿਹੜਾ ਪਹਿਲਾਂ ਪੀਂਦਾ ਹੁੰਦਾ ਸੀ। ਜਦ ਪੰਜਾਬ 'ਚ ਸੁਧਾਰ ਲਹਿਰ ਚੱਲੀ ਸੀ, ਉਦੋਂ ਮੈਂ 18 ਕੁ ਸਾਲ ਦਾ ਸਾਂ। ਮੇਰੇ ਪਿਤਾ ਜੀ ਕਾਫੀ ਪੀਆ ਕਰਦੇ ਸਨ। ਹੁਣ ਉਹ ਦੁਨੀਆਂ ਵਿਚ ਨਹੀਂ ਹਨ। ਮੈਂ ਲਹਿਰ ਦੇ ਪ੍ਰਭਾਵ ਹੇਠ ਇੰਨਾ ਆਇਆ ਕਿ ਇੱਕ ਵਾਰ ਮੈਂ ਆਪਣੇ ਬਾਪ ਦੀਆਂ ਚਾਰੇ ਬੋਤਲਾਂ ਤੋੜ ਦਿੱਤੀਆਂ ਸਨ। ਉਹ ਮੈਨੂੰ 12 ਕੁ ਸਾਲ ਦੀ ਉਮਰ ਤੋਂ ਹੀ ਸ਼ਰਾਬ ਲੈਣ ਭੇਜਿਆ ਕਰਦੇ ਸਨ। ਬਾਅਦ ਵਿਚ ਜਦ ਪੰਜਾਬ ਵਿਚ ਖਾੜਕੂਆਂ ਨੇ ਸੁਧਾਰ ਲਹਿਰ ਚਲਾਈ ਤਾਂ ਮੈਂ ਉਸ ਤੋਂ ਬੜਾ ਪ੍ਰਭਾਵਿਤ ਹੋ ਗਿਆ ਸਾਂ। ਮੈਂ ਮੀਟ ਤੇ ਸ਼ਰਾਬ ਦੋਨੋਂ ਹੀ ਛੱਡ ਦਿੱਤੇ ਸਨ। ਹੁਣ ਜਾਬ ਤੇ ਲੱਗ ਕੇ ਕਦੀ ਕਦੀ ਦਿਲ ਕਰਨ ਲੱਗ ਪੈਂਦਾ ਏ। ਇੱਕ ਦੋ ਹੋਰ ਬੰਦਿਆਂ ਦੀ ਸੰਗਤ ਵੀ ਐਸੀ ਮਿਲੀ ਹੋਈ ਹੈ ਕਿ ਉਹ ਮੱਲੋ-ਮੱਲੀ ਥੋੜ੍ਹੀ ਜਿਹੀ ਪਿਆ ਹੀ ਦਿੰਦੇ ਹਨ। ਇੱਕ ਤਾਂ ਦਫਤਰ ਸੁਪਰਡੰਟ ਤਿਲਕ ਰਾਜ ਏ। ਉਹ ਰੋਜ਼ ਕੋਈ ਨਾ ਕੋਈ ਜੁਗਾੜ ਕਰ ਹੀ ਲੈਂਦਾ ਏ। ਕਾਲਜ ਦੇ ਕਈ ਖਾਂਦੇ-ਪੀਂਦੇ ਮੁੰਡੇ ਉਹਦੇ ਨੇੜੇ ਹਨ। ਫਿਰ ਨਾਲ ਮੈਨੂੰ ਵੀ ਖਿੱਚ ਲੈਂਦਾ ਏ।'

'ਮੇਲੂਰ ਜੀ, ਤੁਸੀਂ ਹਿਸਾਬ ਦੇ ਸਵਾਲ ਅੰਦਰ ਕਿਉਂ ਨਹੀਂ ਪਹੁੰਚਾਏ?'

'ਸਰ ਜੀ, ਕੀ ਦੱਸਾਂ? ਅੱਜ ਕੱਲ ਇੱਕ ਤਾਂ ਮਾਡਰਨ ਮੈਥਮੈਟਿਕਸ ਆ ਗਿਆ ਏ। ਇਹ ਸਾਲਾ ਬਾਹਲਾ ਹੀ ਔਖਾ ਏ। ਬਾਕੀ ਤੁਸੀਂ ਜਾਣਦੇ ਹੀ ਹੋ ਕਿ ਪਿਛਲੇ ਪੰਜ-ਛੇ ਸਾਲਾਂ ਤੋਂ ਇਮਤਿਹਾਨ ਕਿਵੇਂ ਹੋ ਰਹੇ ਹਨ। ਮੈਂ ਹਿਸਾਬ ਦੀ ਐਮ. ਏ. ਇਸ ਲਈ ਚੁਣੀ ਸੀ ਕਿ ਇਸ ਨਾਲ ਨੌਕਰੀ ਇੱਕ ਦਮ ਮਿਲ ਜਾਊ। ਇਸ ਵਿਚ ਟਿਊਸ਼ਨ ਵੀ ਸੋਹਣੀ ਮਿਲ ਜਾਂਦੀ ਏ। ਜਿਸ ਕਾਲਜ ਵਿਚ ਮੈਂ ਐਮ. ਏ. ਕੀਤੀ। ਉੱਥੇ ਮੈਨੂੰ ਦੋਵੇਂ ਸਾਲ ਬਹੁਤੇ ਪਰਚੇ ਹੱਲ ਕੀਤੇ ਕਰਾਏ ਮਿਲ ਗਏ। ਮੈਂ ਤਾਂ ਅੰਦਰ ਬੈਠੇ ਨੇ ਬਸ ਬਾਂਸ ਨਾਲ ਹੀ ਹਵਾ ਰੋਕੀ ਸੀ। ਪਰਚੇ ਤਾਂ ਪੂਰੇ ਦੇ ਪੂਰੇ ਬਾਹਰੋਂ ਹੱਲ ਹੋ ਕੇ ਆ ਗਏ ਸਨ। ਡੈਡ ਦੀ ਉੱਥੇ ਸੋਹਣੀ ਚਲਦੀ ਸੀ। ਡੈਡ ਤਹਿਸੀਲਦਾਰ ਸਨ। ਅਸੀਂ ਰਾਖਵੀਂ ਕੈਟੇਗਰੀ ਵਿਚੋਂ ਹਾਂ। ਉਸ ਕਾਲਜ ਦੇ ਦੋ ਪ੍ਰੋਫੈਸਰਾਂ ਨੂੰ ਤਾਂ ਡੈਡ ਨੇ ਹੀ ਜ਼ਮੀਨ ਦੇ ਵਧੀਆ ਪਲਾਟ ਲੈ ਕੇ ਦੇ ਦਿੱਤੇ ਸਨ। ਡੈਡ ਤਾਂ ਸਾਰੀ ਉਮਰ ਲੋਕਾਂ ਦੇ ਹੀ ਕੰਮ ਕਰਵਾਉਂਦੇ ਰਹੇ।'

'ਤੁਸੀਂ ਡੈਡ ਦੀ ਸ਼ਰਾਬ ਦੇ ਲੰਬਾ ਸਮਾਂ ਵਿਰੋਧੀ ਰਹੇ ਜਾਂ ਥੋੜ੍ਹਾ ਸਮਾਂ?'

'ਸਰ ਜੀ, ਜਦ ਕੁ ਮੇਰਾ ਦਿਲ ਪੀਣ ਨੂੰ ਕਰਨ ਲੱਗ ਪਿਆ ਉਦੋਂ ਤੋਂ ਮੈਂ ਡੈਡ ਦਾ ਵਿਰੋਧ ਕਰਨਾ ਬੰਦ ਕਰ ਦਿੱਤਾ। ਪਹਿਲਾਂ ਮੇਰੀ ਹਾਲਤ ਉਸ ਮੱਖੀ ਜਿਹੀ ਸੀ ਜਿਹੜੀ ਮੱਝ ਉੱਪਰ ਬੈਠੀ ਹੋਣ ਕਰਕੇ ਆਪਣੇ-ਆਪ ਨੂੰ ਉੱਚੀ ਸਮਝਦੀ ਹੋਵੇ। ਬਾਅਦ ਵਿਚ ਮੈਨੂੰ ਮੱਝ ਵੀ ਦਿਖਣੋਂ ਬੰਦ ਹੋ ਗਈ ਤੇ ਮੱਖੀ ਵੀ। ਮੇਰੇ ਇੱਕ-ਦੋ ਸਾਲਾਂ ਵਿਚ ਬੜੀ ਤਬਦੀਲੀ ਆ ਗਈ ਸੀ। ਫਿਰ ਤਾਂ ਮੈਂ ਅਕਸਰ ਹੀ ਪੀਣ ਲੱਗ ਪਿਆ ਸਾਂ।'

ਮਨੋਹਰ ਦੋ-ਤਿੰਨ ਪੈਗ ਲਗਾ ਚੁੱਕਾ ਸੀ। ਉਹਦੇ ਕੋਲ ਆਪਣੀ ਲਈ ਹੋਈ ਬੋਤਲ ਵੀ ਸੀ। ਮੇਰੇ ਕਹਿਣ 'ਤੇ ਉਹ ਉੱਠ ਖੜ੍ਹਾ ਹੋਇਆ। ਸ਼ਰਾਬੀ ਥੋੜ੍ਹੇ ਕੀਤੇ ਉੱਠਦੇ ਤਾਂ ਨਹੀ ਹੁੰਦੇ ਪਰ ਉਸਦੇ ਮਨ ਵਿਚ ਮੇਰੇ ਪ੍ਰਤੀ ਆਦਰ ਵੀ ਸੀ ਤੇ ਮੇਰਾ ਉਸਨੂੰ ਡਰ ਵੀ ਸੀ ਕਿਉਂਕਿ ਉਸ ਦੀਆਂ ਬਾਕੀ ਨਿਗਰਾਨ ਡਿਊਟੀਆਂ ਮੇਰੇ ਹੱਥ ਵਿਚ ਹੀ ਸਨ। ਆਫਟਰ ਆਲ ਮਹੀਨੇ ਕੁ ਲਈ ਮੈਂ ਉਸਦਾ ਬੌਸ ਸਾਂ। ਮੇਲੂਰ ਸਿੰਘ ਨੇ ਜ਼ੋਰ ਪਾਇਆ ਕਿ ਅਸੀਂ ਕੁਝ ਸਮਾਂ ਹੋਰ ਬੈਠੀਏ। ਮੈਂ ਸੋਫੀ ਸੀ। ਪੂਰਾ ਹੋਸ਼ਮੰਦ ਸੀ। ਮੈਂ ਜਲਦੀ-ਜਲਦੀ ਮਨੋਹਰ ਨੂੰ ਉੱਥੋਂ ਉਠਾਇਆ ਆਪਣੇ ਸਕੂਟਰ 'ਤੇ ਬਿਠਾਇਆ ਤੇ ਲਿਜਾ ਕੇ ਉਹਦੇ ਪਿੰਡ ਲਾਹ ਦਿੱਤਾ। ਜਦ ਉਹ ਆਪਣੇ ਘਰ ਅੰਦਰ ਵੜ ਗਿਆ ਤਾਂ ਮੈਂ ਸਕੂਟਰ ਨੂੰ ਕਿੱਕ ਮਾਰ ਕੇ ਅੱਗੇ ਆਪਣੇ ਟਿਕਾਣੇ ਵੱਲ ਨੂੰ ਤੁਰ ਪਿਆ।

---

## ਨਾ ਉਪਦੇਸ਼ ਨਾ ਪ੍ਰਚਾਰ-ਸਿਰਫ ਇਕ ਨਿਜੀ ਤਜਰਬਾ!

ਸੰਨ 2004 ਵਿਚ ਅਮਰੀਕਾ ਜਾਣ ਤੋਂ ਪਹਿਲਾਂ ਕਿਤੇ ਕਾਹ਼ਲੀ ਜਾਣ ਵੇਲੇ ਹੀ ਮੈਂ ਦੰਦਾਂ ਵਾਲਾ ਬੁਰਸ਼ ਕਰ ਲੈਂਦਾ ਸਾਂ ਨਹੀਂ ਤਾਂ ਰੋਜ਼ਾਨਾ ਦਾਤਣ! ਉੱਥੇ ਜਾ ਕੇ ਦਾਤਣਾਂ ਛੁੱਟ ਗਈਆਂ। ਬੁਰਸ਼ ਕਾਫੀ ਚਿਰ ਤਾਂ ਚਲਦਾ ਰਿਹਾ ਪਰ ਫਿਰ ਮੇਰੇ ਬੁਰਸ਼ ਕਰਨ ਵੇਲੇ ਦੰਦਾਂ 'ਚੋਂ ਖੂਨ ਜਾਣ ਲੱਗ ਪਿਆ। ਚਿੱਟੇ ਪੇਸਟ ਦੀ




**ਤਰਲੋਚਨ ਸਿੰਘ ਦੁਪਾਲ ਪੁਰ**
**ਫੋਨ: 78146-92724**

ਚਿੱਟੀ ਝੱਗ ਬਣਨ ਦੀ ਥਾਂ ਲਾਲ-ਲਾਲ ਝੱਗ ਨਿਕਲਣ ਲੱਗ ਪਈ! ਫਿਰ ਮੇਰੇ ਸੁੱਤੇ ਪਿਆਂ ਵੀ ਸਰ੍ਹਾਣੇ 'ਤੇ ਖੂਨ ਲੱਗਣ ਲੱਗ ਪਿਆ।

ਸੈਂਸੋਡਾਈਨ ਜਿਹੇ ਕਈ ਤਰ੍ਹਾਂ ਦੇ ਮਹਿੰਗੇ ਟੁੱਥਪੇਸਟ ਵੀ ਬਦਲ-ਬਦਲ ਕੇ ਦੇਖ ਲਏ। ਡੈਂਟਿਸਟ ਵਲੋਂ ਦੱਸਿਆ ਗਿਆ ਮੈਡੀਕੇਟਿਡ ਪੇਸਟ ਵੀ ਵਰਤਿਆ ਤੇ ਕਈ ਤਰ੍ਹਾਂ ਦੀ ਦਵਾਈ ਨਾਲ ਗਰਾਰੇ ਵੀ ਕੀਤੇ ਪਰ ਦੰਦਾਂ 'ਚੋਂ ਖੂਨ ਆਉਣੋਂ ਬੰਦ ਨਾ ਹੋਇਆ।

ਇਸ ਵਾਰ ਪਿੰਡ ਆ ਕੇ ਮੈਂ ਬੁਰਸ਼ ਬਰਸ਼ ਪਰੇ ਰੱਖ ਕੇ ਰੋਜ਼ਾਨਾ ਨਿੰਮ ਦੀ ਤਾਜ਼ੀ ਦਾਤਣ ਕਰਨੀ ਸ਼ੁਰੂ ਕਰ ਦਿੱਤੀ। ਕੁੱਝ ਦਿਨਾਂ ਵਿਚ ਹੀ ਦੰਦਾਂ 'ਚੋਂ ਖੂਨ ਰਿਸਣਾ ਬੰਦ ਹੋ ਗਿਆ! ਅਠਾਹਠ ਸਾਲ ਦੀ ਉਮਰ 'ਚ ਗੰਨੇ ਵੀ ਖੂਬ ਚੂਪੇ ਤੇ ਹੁਣ ਭੁੱਜੇ ਦਾਣੇ ਵੀ ਚੱਬ ਲੈਨਾਂ!

ਨਿੰਮ ਦੀ ਦਾਤਣ ਕਰਨ ਵੇਲੇ ਇਕ ਦੋਸਤ ਵਲੋਂ ਦੱਸੀ ਤਕਨੀਕ ਮੁਤਾਬਕ ਦਾਤਣ ਕਰਨ ਤੋਂ ਪਹਿਲਾਂ ਪਿੱਛਿਉਂ ਚੱਪਾ ਕੁ ਦਾਤਣ ਤੋੜ ਕੇ ਵੱਖਰੀ ਰੱਖ ਲੈਂਦਾ ਹਾਂ। ਦਾਤਣ ਕਰਨ ਮਗਰੋਂ ਕੁਰ਼ਲੀਆਂ




ਕਰਦਿਆਂ ਮੂੰਹ ਚੰਗੀ ਤਰ੍ਹਾਂ ਸਾਫ਼ ਕਰ ਕੇ ਫਿਰ ਦਾਤਣ ਦਾ ਉਹ ਚੱਪਾ ਕੁ ਹਿੱਸਾ ਮੂੰਹ 'ਚ ਪਾ ਕੇ ਉਦੋਂ ਤੱਕ ਚਿੱਥੀ ਜਾਂਦਾ ਹਾਂ ਤੇ ਕੌੜਾ ਰਸਾ ਅੰਦਰ ਲੰਘਾਈ ਜਾਂਦਾ ਹਾਂ ਜਦ ਤੱਕ ਉਹਦੇ 'ਚੋਂ ਕੌੜਾ ਰਸ ਆਉਣਾ ਬੰਦ ਨਹੀਂ ਹੋ ਜਾਂਦਾ!

ਅਜਿਹਾ ਨਿੱਤ-ਕਰਮ ਕਰਨ ਨਾਲ ਮੇਰੇ ਦੰਦ ਵੀ ਠੀਕ ਹੋ ਗਏ ਤੇ ਸ਼ੂਗਰ ਵੀ ਨਾਰਮਲ ਹੋ ਗਈ!

ਐਂਵੇਂ ਨਹੀਂ ਕਿਸੇ ਨੇ ਇਹ ਟੋਟਕਾ ਲਿਖਿਆ ਹੋਇਆ-

'ਸੁਨਾ ਹੈ ਅਪਨੇ ਗਾਂਵ ਮੇਂ
ਰਹਾ ਨਾ ਅਬ ਵੋਹ ਨੀਮ।
ਜਿਸ ਕੇ ਆਗੇ ਮਾਂਦ ਥੇ
ਸਾਰੇ ਵੈਦ ਹਕੀਮ!!'

# ਬਚਨ ਬਿਲਾਸ



ਪਿੰਡ ਦੇ ਗੁਰਦੁਆਰੇ ਕੋਲ ਇਕ ਪੁਰਾਣਾ ਬੋਹੜ। ਬੋਹੜ ਦੇ ਦੁਆਲੇ ਬਣਿਆ ਇੱਟਾਂ ਅਤੇ ਸੀਮਿੰਟ ਦਾ ਮਜ਼ਬੂਤ ਚਬੂਤਰਾ। ਬੁੱਢੇ ਬੋਹੜ ਦੀ ਠੰਢੀ-ਠੰਢੀ ਛਾਂ ਹੁੰਦੀ, ਮਾਂ ਦੀ ਅਸੀਸ ਵਰਗੀ! ਇਸ ਕਰਮਾਂ ਵਾਲੀ ਛਾਂ ਹੇਠ, ਛੇ ਸਾਲ ਦੀ ਉਮਰ ਤੋਂ ਲੈ ਕੇ ਅੱਸੀ ਸਾਲ ਦੀ ਉਮਰ ਦੇ ਬਜ਼ੁਰਗਾਂ ਤੱਕ ਇਕੱਤਰ ਹੁੰਦੇ। ਇਸ ਛਾਂ ਵਿਚ ਇਤਨਾ ਜਾਦੂ ਸੀ ਕਿ ਸਾਰੇ ਜ਼ਾਤ-ਪਾਤ ਦੇ ਅਰਥ ਭੁੱਲ ਜਾਂਦੇ। ਬੱਸ! ਚੇਤੇ ਰਹਿ ਜਾਂਦਾ, ਹੱਸਣਾ-ਖੇਡਣਾ ਅਤੇ ਲੌਤੇ-ਲੱਤੀ ਹੋਣਾ।

'ਉਏ ਆ ਬਈ ਬੀਘੜਾ ਕੀ ਹਾਲ ਐ…? ਬਚਿੰਤਾ ਬੁੜ੍ਹਾ ਪੁੱਛਦਾ।

'ਲੋਟ ਐ ਬਾਬਾ!

'ਬੀਘੜਾ, ਮੱਲਾ ਇੱਕ ਗੱਲ ਪੁੱਛਾਂ?

'ਬਾਬਾ ਕੋਈ ਪੁੱਠੀ ਗੱਲ ਨਾ ਕਰੀਂ।

'ਹੈ ਕਮਲਾ…! ਪੁੱਠੀ ਗੱਲ ਕਿਉਂ ਕਰੂੰ, ਮੈਂ ਕਮਲੈਂ…?

'ਪੁੱਛ ਬਾਬਾ ਫੇਰ!

'ਅੱਜ ਤੇਰੀ ਬੇਬੇ ਫੂੰਕਾਰੀ ਉਤੇ ਲੈ ਕੇ ਵੀਹੀਆਂ 'ਚ ਕਾਹਤੋਂ



ਸ਼ਿਵਚਰਨ ਜੱਗੀ ਕੁੱਸਾ
ਫੋਨ: +44-78533-17891

ਗੇੜੇ ਦਿੰਦੀ ਫਿਰਦੀ ਸੀ? ਦੇਖਿਓ ਮੱਲੋ ਕਿਤੇ ਥੋਡਾ ਚੁੱਲ੍ਹਾ ਨਾ ਠੰਢਾ ਕਰਜੇ?

ਹਾਸੜ ਪੈ ਗਈ।

'ਬਾਬਾ, ਮੈਨੂੰ ਪਹਿਲਾਂ ਈ ਪਤਾ ਸੀ ਬਈ ਤੀ ਕੋਈ ਲੁੱਚੀ ਗੱਲ ਈ ਕਰੇਂਗਾ।;

'ਮੱਲਾ, ਪੁੱਛਣ 'ਚ ਕੋਈ ਹਰਜ ਤਾਂ ਨ੍ਹੀ?

'ਉਏ ਬਾਬਾ…! ਕਿਉਂ ਮਗਜ ਮਾਰੀਆਂ ਕਰਦਾ ਹੁੰਨੈਂ? ਮੇਰੀ ਬੇਬੇ ਦੇ ਤਾਂ ਫ਼ਾਕੀ ਨਿੱਕਲੀ ਵੀ ਸੀ, ਡਾਕਦਾਰ ਤੋਂ ਕੋਈ ਗੋਲੀ ਗੱਪਾ ਲੈਣ ਗਈ ਹੋਊ।;

'ਪਰੁਭਾਂ ਦੀ ਖ਼ੈਰ ਹੋਵੇ…!; ਬਾਬੂ ਮੀਰ ਖੱਚਰ ਲੈ ਕੇ ਆ ਗਿਆ।

'ਪਰੁਭਾ, ਖੱਚਰ ਦੇ ਦੋ ਪੈਰ ਦਿਖਾ!;

'ਨਹੀਂ ਪਰੁਭਾ…! ਮੇਰਾ ਸੰਦ ਜਿਆ ਬਣਿਆ ਵਿਐ…। ਰਹਿਣ ਦਿਓ ਦੋ ਪੈਰ ਦੇਖਣ ਨੂੰ, ਖੱਚਰ ਮਾੜੀ ਐ, ਨਾ ਮੇਰੇ ਬੀਰ, ਡਿੰਗਪੁਗੀ।

'ਨਹੀਂ ਪਰੁਭਾ, ਇਹਦੇ ਦੋ ਪੈਰ ਜ਼ਰੂਰ ਦੇਖਣੇ ਐਂ, ਨਹੀਂ ਐਤਕੀਂ ਲਾਂਗਾ ਨ੍ਹੀ ਦੇਣਾ, ਫੇਰ ਹਾੜ੍ਹੀ ਨਾ ਕੱਢੀਂ, ਦੇਖ ਲੈ!;

ਬਾਬੂ ਮੀਰ ਨੇ ਖੱਚਰ ਦੇ ਅੱਡੀ ਮਾਰੀ। ਟੈਰ ਵਿਚਾਰੇ ਦੀ ਮਾੜੀ ਸੀ, ਮੋਸ਼ਨ ਫਰਨ ਦੀ ਵਜਾਏ, ਥਾਂ 'ਤੇ ਹੀ ਦਾਅੜ ਕਰਦੀ ਡਿੰਗ ਪਈ। ਬਾਬੂ ਮੀਰ ਦੁਹਾਈ ਦੇਣ ਲੱਗ ਪਿਆ, ਲਓ ਖਸਮੋਂ..! ਚਾਰੇ ਪੈਰ ਈ ਦੇਖ ਲਓ..! ਟੈਰ ਦੀਆਂ ਚਾਰੇ ਟੰਗਾਂ ਹੀ ਉਤਾਂਹ ਹੋ ਗਈਆਂ ਸਨ।;

'ਉਏ ਸੱਘਿਆ…! ਤੂੰ ਕਿਮੇਂ ਬੁੜ-ਬੁੜ ਕਰਦਾ ਆਉਨੈਂ? ਕਿਸੇ ਨੇ ਅਮਲੀ ਨੂੰ ਪੁੱਛਿਆ।

'ਕਾਹਦੀ ਗੱਲ ਐ ਯਾਰ? ਦਲੀਪ ਮਾੜੂ ਨੇ ਨਮੀਂ ਹੱਟੀ ਪਾਈ ਐ ਨਾ?

'ਆਹੋ!

'ਪਰਸੋਂ ਦਾ ਕੋਈ ਗਾਹਕ ਨ੍ਹੀ ਆਇਆ…। ਤੇ ਭਾਈ ਮੈਂ ਪੰਜ ਸੇਰ ਕਣਕ ਲੈ ਕੇ ਜਾ ਫ਼ਸਿਆ…। ਪੂਰੀ ਪੰਜ ਸੇਰ ਕਣਕ ਤੁਲਵਾ ਕੇ ਮੈਂ ਪੁੱਛਿਆ: ਕਿੰਨੇ ਦੀ ਐ? ਕਹਿੰਦਾ ਅਖੇ ਪੰਜ ਆਨੇ ਦੀ…। ਮੈਂ ਕਿਹਾ ਕੁੱਤੀਏ ਜਾਤੇ…! ਪਸੇਰੀ ਕਣਕ ਪੰਜ ਆਨੇ ਦੀ ਕਿਮੇਂ…? ਤੇ ਮੈਨੂੰ ਬਣਾ ਸਮਾਰ ਕੇ ਕਹਿੰਦਾ, ਅਖੇ ਮੈਂ ਵੀ ਪਰਸੋਂ ਦਾ ਵਿਹਲਾ ਬੈਠੈਂ, ਤੈਥੋਂ ਈ ਪੂਰੇ ਕਰਨੇ ਐਂ, ਤੇ ਚੱਕ ਮੇਰੇ ਭਾਈ! ਕੰਜਰ ਪਸੇਰੀ ਕਣਕ ਨੂੰ ਉੜਦੂ ਲਾ ਗਿਆ…। …ਤੇ ਜਦੋਂ ਮੈਂ ਘਰੇ ਆਇਆ ਤਾਂ ਨਿੱਕੀ ਦੀ ਬੇਬੇ ਨੇ ਖੌਂਸੜਾ ਲਾਹ ਲਿਆ…!;

'ਉਏ ਕਬੀਛਰਾ….! ਨਹਿੰਗ ਸਿੰਘ ਨੇ ਉਭੜਵਾਹਿਆਂ ਵਾਂਗ ਛੋਟੇ ਬਹਿਵਤੀ ਨੂੰ ਕਿਹਾ। ਬਹਿਵਤੀ ਤੁਕਾਂ ਜੋੜਨ ਵਿਚ ਬੜਾ ਮਾਹਿਰ ਸੀ। ਜਿਸ ਕਰਕੇ ਸਾਰੇ ਪਿੰਡ ਵਾਲੇ ਉਸ ਨੂੰ 'ਕਵੀਸ਼ਰ' ਕਹਿੰਦੇ ਸਨ।

'ਹਾਂ ਬਾਬਾ?

'ਗੱਜਣ ਤੇ ਬਾਰੂ 'ਕੱਠੇ ਤੁਰੇ ਆਉਂਦੇ ਐ, ਇਹਨਾਂ 'ਤੇ ਕਬੀਛਰੀ ਜੋੜ!

'ਨਾ ਬਈ, ਕੁੱਟਣਗੇ!

ਅਸਲ ਵਿਚ ਗੱਜਣ ਦਾ ਦਾਹੜਾ ਬੜਾ ਭਰਵਾਂ ਸੀ। ਸਾਰੇ ਮੂੰਹ 'ਤੇ ਅੱਖਾਂ ਤੱਕ ਫ਼ੈਲਰਿਆ ਹੋਇਆ। ਪਰ ਇਸ ਦੇ ਬਿਲਕੁਲ ਉਲਟ ਬਾਰੂ ਸੱਠਾਂ ਸਾਲਾਂ ਦਾ ਹੋ ਗਿਆ ਸੀ, ਪਰ ਉਸ ਦੇ ਕੁਦਰਤੀ ਦਾਹੜੀ ਹੀ ਨਹੀਂ ਆਈ ਸੀ। ਲੰਕਾ ਦਾ ਚੋਰ ਲੱਗਦਾ ਸੀ।

'ਅਸੀਂ ਬੈਠੇ ਐਂ…! ਜਮਾਂ ਨ੍ਹੀ ਕੁਛ ਆਖਣ ਦਿੰਦੇ, ਬਣ ਕੇਰਾਂ ਮੱਲ…!

'ਜਲਦੀ ਕਰ…! ਡਰਦਾ ਕਾਹਤੋਂ ਐਂ…? ਕਹਿਣ 'ਤੇ ਬਹਿਵਤੀ ਨੇ ਹੇਕ ਚੁੱਕੀ, ਗੱਜਣ ਦੀ ਦਾਹੜੀ ਉਤੇ ਬੜਾ ਭਾਗ ਜੀ…ਬਾਰੂ ਸਿਉਂ ਨੂੰ ਦੇਤਾ ਚਿੱਟਾ ਈ ਜਵਾਬ ਜੀ…!

ਹੱਸਦੀ ਮੁੜੀਹਰ ਦੀਆਂ ਵੱਖੀਆਂ ਟੁੱਟ ਗਈਆਂ।

'ਖੜ੍ਹ ਤੇਰੀ ਮਾਂ ਦੀ…! ਬਾਰੂ ਝਈ ਲੈ ਕੇ ਪਿਆ ਤਾਂ ਬਹਿਵਤੀ ਤਿੱਤਰ ਹੋ ਗਿਆ।;

'ਉਏ ਇਹਨੇ ਕਲਫ਼ ਲਾਉਣੀ ਕਦੋਂ ਕੁ ਤੋਂ ਛੱਡਤੀ…? ਦੁੱਲੇ ਨੂੰ ਆਉਂਦਾ ਦੇਖ ਕੇ ਧਰੜ ਬੋਲਿਆ।

'ਜਦੋਂ ਤੋਂ ਇਨ੍ਹਾਂ ਦੇ ਫ਼ੌਜੀ ਨੇ ਛੱਡਤੀ।

'ਕੀ ਮਤਬਲ…?

'ਗੁਰੂ ਭਲਾ ਕਰੇ…! ਜਦੋਂ ਫ਼ੌਜੀ ਨੇ ਕਲਫ਼ ਘੋਲ ਕੇ ਲਾਉਣ ਲੱਗਣਾ, ਤਾਂ ਇਹਨੇ ਕੋਲ ਜਾ ਵੜਨਾ…। ਫ਼ੌਜੀ ਨੇ ਤਾਂ ਬੁਰਸ਼-ਬਰਸ਼ ਨਾਲ ਲਾਉਣੀ, ਤੇ ਇਹਨੇ ਪਤੰਦਰ ਨੇ ਪਰਾਂਤ 'ਚ ਹੱਥ ਫੇਰਨ ਮਾਂਗੂੰ ਫ਼ੌਜੀ ਦੀ ਕਲਫ਼ ਆਲੀ ਪਲੇਟ 'ਚ ਹੱਥ ਜਿਆ ਫੇਰ ਕੇ ਦਾਹੜੀ 'ਤੇ ਉਂਈਂ ਮਲ ਲੈਣੀ, ਜਿਮੇਂ ਦੇਗ ਖਾ ਕੇ ਘਿਉ ਮਲੀਦੈ, ਤੇ ਅਖੀਰ ਅੱਕਿਆ ਵਿਆ ਫ਼ੌਜੀ ਕਲਫ਼ ਲਾਉਣੋਂ ਈ ਹਟ ਗਿਆ, ਤੇ ਇਹੇ ਆਪੇ ਈ ਹੱਟਣਾ ਸੀ…।;

'ਲਓ ਜੀ…! ਆਉਂਦੇ ਐ ਦਿਹਾਤੀ ਪ੍ਰੋਗਰਾਮ ਦੇ ਠੰਢੂ ਰਾਮ ਹੋਰੀਂ, ਮਿਲੋ ਇਹਨਾਂ ਨੂੰ! ਹਰੀ ਅਤੇ ਟਪੂ ਪੰਡਤ ਨੂੰ ਆਉਂਦਿਆਂ ਦੇਖ ਕੇ ਸਾਧੂ ਲੰਮਾਂ ਬੋਲਿਆ।

'ਇਹ ਦੇਣਗੇ ਹੁਣ ਖ਼ਬਰਾਂ ਲਾਹੌਰ ਟੇਸ਼ਣ ਦੀਆਂ।

'ਇਹਦੀ ਨਵੀਂ ਗੱਲ ਸੁਣੀ ਐਂ?

'ਨਹੀਂ…!

'ਇਹ ਮੱਝ ਨਵੇਂ ਦੁੱਧ ਕਰਵਾਉਣ ਚਲਿਆ ਗਿਆ…। ਹੱਥ ਜੋੜ ਕੇ ਝੋਟੇ ਮੂਹਰੇ ਖੜ੍ਹ ਗਿਆ…। ਅਖੇ ਝੋਟਾ ਜੀ, ਥੋਡਾ ਮਿੰਟ ਦਾ ਕੰਮ ਐਂ, ਤੇ ਸਾਡੇ ਜੁਆਕਾਂ ਦੀ ਸਾਲ ਦੀ ਲੱਸੀ ਐ, ਕਿਰਪਾ ਕਰੋ, ਮਿੰਟ ਲਾਓ…!

ਹੱਸਦੀ ਮੁੜੀਹਰ ਲਿਟਣ ਲੱਗ ਪਈ।;

'ਕਾਹਨੂੰ ਭਕਾਈ ਮਾਰਦੇ ਐਂ ਬਾਧੂ ਦੀ ਉਏ ਕੁੱਤਿਓ…? ਘੋਗੜ ਨੇ ਦਬਕਿਆ।

'ਰਾਮ ਰਾਮ ਜੀ!

'ਰੱਮ ਰੱਮ ਪੰਡਜੀ!

'ਪੰਡਜੀ, ਕੋਈ ਨਮੀਂ ਤਾਜ਼ੀ?;

ਟਪੂ ਪੰਡਤ ਹਕੀਮ ਸੀ। ਜਿਸ ਕਰ ਕੇ ਪਿੰਡ ਦੀ ਹਰ ਖ਼ਬਰ ਉਸ ਕੋਲ ਪਹਿਲਾਂ ਪਹੁੰਚਦੀ ਸੀ।

'ਬੱਕਰੀਆਂ ਆਲੇ ਗੇਲੇ ਦੀ ਬਹੂ ਕੋਲੇ ਕਾਕੈ…!

'ਦੁਰ ਫਿੱਟੇ ਮੂੰਹ ਭੈਣ ਦਾ ਛੁਣਛਣਾ ਦੇਣੇ…! ਅਮਲੀ ਇਉਂ ਟੱਪਿਆ ਜਿਵੇਂ ਉਸ ਦੇ ਪੈਰ ਹੇਠ ਸੱਪ ਆ ਗਿਆ ਸੀ।

'ਕਿਉਂ ਅਮਲੀਆ…ਤੈਨੂੰ ਬੜਾ ਦੁੱਖ ਲੱਗਿਆ…?

'ਕੁੜੀ ਸਾਲੇ ਦੀ ਬਿਆਹੁਣ ਆਲੀ ਹੋਈ ਪਈ ਐ, ਆਹ ਕੀ ਕੀਤਾ ਸਾਲੇ ਕਮਲੇ ਨੇ?

'ਇਹ ਤਾਂ ਰੱਬ ਦੀ ਦੇਣ ਐਂ, ਕਿਤੇ ਸਿੱਟੇ ਜਾਂਦੇ ਐ?

'ਹੱਟ ਕੁੱਤੀਏ ਸਾਲੇ ਆਪ ਨ੍ਹੀ ਕਹਿਣ ਦਿੰਦੇ, ਨਾਂ ਬੱਦੂ ਰੱਬ ਦਾ!;

'ਹੋਰ ਪੰਡਜੀ?

'ਹੋਰ ਕੀ ਐ ਭਾਈ? ਕਲਜੁਗ ਆ ਗਿਆ! ਕਾਕੂ ਪਿੰਗਲੇ ਦੀ ਕੁੜੀ ਐ ਨਾ ਕੋਕੇ ਆਲੀ?

'ਆਹੋ-!

'ਉਹਨੂੰ ਸਾਧ ਲੈ ਗਿਆ।

'ਬਾਖਰੂ…! ਕਿਮੇਂ…?

'ਰਾਮ ਬਖ਼ਸ਼ੀ ਰੱਖੇ…। ਕਈ ਮਹੀਨਿਆਂ ਤੋਂ ਇਨ੍ਹਾਂ ਦੇ ਘਰੇ ਆਉਂਦਾ ਸੀ, ਅਖੇ ਥੋਡੇ ਘਰੇ ਕਿਸੇ ਨੇ ਤਬੀਤ ਨੱਪੇ ਵੇ ਐ…। ਤੇ ਅੱਜ ਭਾਈ ਉਹਨੂੰ ਟੈਕਸੀ 'ਚ ਲੈ ਕੇ ਆਏ, ਨਾਲ ਉਹਦੇ ਇੱਕ ਸਾਧਣੀ…। ਸਾਧ ਨੇ ਤਾਂ ਕੁਛ ਕਿਹਾ ਨਾ ਤੇ ਸਾਧਣੀ ਕਹਿੰਦੀ; ਅਖੇ ਆਹ ਕੁੜੀ ਨੂੰ ਤਾਂ ਅਸੀਂ ਦੋ-ਚਹੁੰ ਦਿਨਾਂ ਆਸਤੇ ਲੈ ਕੇ ਜਾਣੈਂ, ਸਾਡੀ ਸੇਵਾ ਕਰੂ ਤੇ ਸ਼ਾਂਤੀ ਪਾਊ!

'ਤੇ ਫੇਰ ਤੋਰਤੀ ਇਨ੍ਹਾਂ ਨੇ..?

'ਲੈ ਉਹ ਤਾਂ ਸਾਰਾ ਟੱਬਰ ਹੱਥ ਜੋੜੀ ਖੜ੍ਹਾ…। ਅਖੇ ਲੈਜੋ ਮਾਤਾ ਜੀ।

'ਕੁੜੀ ਤਾਂ ਨੀ ਕਿਸੇ ਪਾਸੇ ਜੋਗੀ ਰਹਿੰਦੀ ਹੁਣ।

'ਆਹੋ, ਕੀ ਪਤੈ ਬਈ ਇਹ ਸਾਲੇ ਕੀ ਸੁਆਹ ਖੇਹ ਖਾਂਦੇ ਐ? ਅਮਲੀ ਕਾਫ਼ੀ ਚਿਰ ਬਾਅਦ ਬੋਲਿਆ ਸੀ।

'ਹੁਣ ਤਾਂ ਕੋਕੇ ਜੜ ਕੇ ਈ ਮੋੜਨਗੇ।

'ਆਪਣੀ ਦੁਨੀਆਂ ਦੇ ਵੀ ਗੋਲੀ ਮਾਰੇ!

'ਮਹਾਤੜ ਪਾਣੀ ਪੀਣ ਜਾ ਵੜੇ, ਸਾਲੇ ਭੈੜ੍ਹੇ ਜੇ ਆਨੇ ਕੱਢਣਗੇ, ਤੇ ਆਹ ਦੇਖਲਾ…! ਹੈਅ ਥੋਡੀ ਬੇੜੀ ਬਹਿਜੇ..! ਗੜੋਂਧੇ ਅਰਗੀ ਕੁੜੀ ਸਾਹਣ ਨਾਲ ਤੋਰਤੀ।;

'ਪੰਡਜੀ, ਕੜਬਚੱਥਾਂ ਦਾ ਕੀ ਬਣਿਆ?

'ਬਣਨਾ ਬਣਾਉਣਾ ਕੀ ਸੀ…? ਠਾਣੇਦਾਰ ਨੇ ਪੈਸੇ ਪੁਸੇ ਲੈ ਕੇ ਰੱਸੇ ਲਾਹਤੇ।

'ਦੇਖ ਲੈ, ਸਾਲੇ ਦੇ ਪਿਉ-ਦਾਦੇ ਮੁੱਲ ਦੀਆਂ ਲਿਆਉਂਦੇ ਰਹੇ ਐ…। ਹੁਣ ਇਹਨੂੰ ਪੋਪਲ ਜੇ ਨੂੰ ਮਾੜਾ ਜਿਆ ਪੜ੍ਹਿਆ-ਲਿਖਿਆ ਕਰਕੇ ਰਿਸ਼ਤਾ ਹੋਇਆ ਸੀ, ਉਹ ਵੀ ਬਿਚਾਰੀ ਦਾਜ ਕਰ ਕੇ ਸਾੜਤੀ।

'ਕੁੜੀ ਦੇ ਮਾਪਿਆਂ ਨੇ ਕੁਛ ਨ੍ਹੀਂ ਕੀਤਾ…?

'ਹੈ ਕਮਲਾ…! ਪੁਲਸ ਪੈਸੇ ਆਲਿਆਂ ਦੀ ਮਿੱਤ ਐ…। ਉਹ ਬਿਚਾਰੇ ਗਰੀਬ ਐ…। ਐਮ ਐਲੇ ਕੋਲੇ ਵੀ ਬਥੇਰੇ ਗੇੜੇ ਕੱਢੇ ਐ, ਉਹ ਨਾਲ ਈ ਨ੍ਹੀ ਤੁਰਿਆ, ਕਹਿੰਦਾ ਅਖੇ ਥੋਡਾ ਘਰ ਦਾ ਮਸਲਾ ਐ ਆਪ ਨਬੇੜੋ…। ਪੁੱਛਣਾ ਹੋਵੇ ਬਈ ਜਦੋਂ ਅਗਲਿਆਂ ਦੀ ਪਾਲੀ ਪੋਸੀ ਵੀ ਮਾਰਤੀ, ਫੇਰ ਘਰ ਦਾ ਮਸਲਾ ਕਾਹਦਾ ਰਹਿ ਗਿਆ…? ਅਗਲੇ ਲਹੂ ਦੀ ਘੁੱਟ ਭਰ ਕੇ ਬਹਿ ਗਏ…। ਕੁੜੀ ਦੀ ਮਾਂ ਨੂੰ ਤਾਂ ਦੱਸਦੇ ਐ ਬਈ ਓਦਣ ਦੇ ਦੰਦਲਾਂ ਦੌਰੇ ਪੈਣੋਂ ਨ੍ਹੀ ਹੱਟਦੇ।

'ਕੀ ਦੋਸ਼ ਐ ਬਈ…? ਅਗਲੇ ਦੀ ਇੱਕੋ ਇੱਕ ਜੁਆਨ ਧੀ ਸੀ।

'ਅਸਲ 'ਚ ਰੌਲਾ ਕੀ ਸੀ…?

'ਰੌਲਾ ਕੀ ਸੀ..? ਇਹ ਮਾਊਂ ਜਿਆ ਆਬਦੀ ਮਾਂ ਦੀ ਚੁੱਕ 'ਤੇ ਕੁੜੀ ਨੂੰ ਕਹਿੰਦਾ ਅਖੇ ਜਿਹੜੀ ਤੇਰੇ ਪਿਉ ਕੋਲੇ ਦੋ-ਤਿੰਨ ਕਿੱਲੇ ਜਮੀਨ ਐਂ, ਉਹ ਮੇਰੇ ਨਾਂ ਲੁਆਵੇ…। ਦੱਸੋ ਬਈ ਜਿਉਂਦੇ ਜੀਅ ਅਗਲਾ ਕਦੋਂ ਹੱਥ ਵਢਾਉਂਦੈ?

'ਹੈ ਸਾਲਾ ਪੋਰ?

'ਹੁਣ ਆਪ ਤਾਂ ਕੁੜੀ ਦਾ ਪਿਉ ਮਰਿਆਂ ਅਰਗਾ ਈ ਐ, ਇਹਦੇ ਗੋਲੀ ਮਾਰੇ ਚੁਕਣੇ 'ਚ ਸਾਲੇ ਦੇ!

'ਉਏ ਗੋਲੀ ਮਾਰਨ ਜੋਕਰਾ ਉਹ ਕਾਹਨੂੰ ਐਂ ਬਿਚਾਰਾ…? ਉਹ ਤਾਂ ਪੈਰੀਂ ਪੱਗਾਂ ਧਰੀ ਗਿਆ, ਤੇ ਇਹ ਲਾਚੜਗੇ!

'ਉਏ ਐਹੋ ਜੇ ਪੈਰੀਂ ਪੱਗਾਂ ਆਲੇ ਕਾਹਨੂੰ ਐਂ…? ਐਹੋ ਜਿਆਂ ਦੀ ਤਾਂ ਇੱਕੋ ਟੱਕ ਨਾਲ ਲੱਤ ਗਰਚ ਦੇਣੇ ਲਾਹ ਕੇ ਪਰ੍ਹਾਂ ਮਾਰੇ, ਫੇਰ ਲੋਟ ਆਉਂਦੇ ਐ।;

'ਉਏ ਚਾਚਾ…! ਕੱਲ੍ਹ ਨੂੰ ਘੰਟਾ ਖੰਡ ਇੰਜਣ ਦੇਮੇਂਗਾ? ਫੰਗਣ ਬੁੱਲ੍ਹੜ ਨੇ ਆ ਕੇ ਨਹਿੰਗ ਨੂੰ ਪੁੱਛਿਆ।

'ਕੀ ਕਰਨੈਂ…? ਨਹਿੰਗ ਦੀ ਥਾਂ ਪ੍ਰੀਤਮ ਫੱਲ੍ਹੀ ਬੋਲਿਆ।

'ਨਰਮਾਂ ਸਿੰਜਣੈ।

'ਗੱਲ ਸੁਣ ਉਏ…? ਡੁੜ੍ਹ ਥੋਡੇ ਕੋਲੇ ਕਿੱਲਾ ਪੈਲੀ ਦਾ…। ਪੰਦਰਾਂ ਤੁਸੀਂ ਘਰ ਦੀ ਸਤੌਲ ਐਂ, ਤੁਸੀਂ ਤਾਂ ਛੱਪੜ 'ਚੋਂ ਬਾਲਟੀ-ਬਾਲਟੀ ਪਾਣੀ ਦੀ ਪਾਵੋਂ, ਤਾਂ ਨਰਮਾਂ ਤਰ ਹੋਜੂ, ਇੰਜਣ ਕੀ ਕਰਨੈ ਕੁੱਤੀਏ ਜਾਤੇ?

'ਲੈਜੀਂ-ਲੈਜੀਂ! ਚਲਾਕੂ ਕਾਮਰੇਡ ਨੇ ਨਹਿੰਗ ਵੱਲੋਂ ਹਾਮੀਂ ਭਰੀ।

'ਲੈ ਬਈ ਨਹਿੰਗਾ, ਇੱਕ ਗੱਲ ਦੱਸ? ਕਾਮਰੇਡ ਨੇ ਉਸ ਵੱਲ ਮੂੰਹ ਕੀਤਾ।

'ਬਈ ਤੁਸੀਂ ਸੋਟੇ ਨੂੰ ਮੁਲਾਹਜੇ-ਤੋੜ ਕਿਉਂ ਆਖਦੇ ਐਂ?

'ਦਸਵੇਂ ਪਾਤਸ਼ਾਹ ਨੇ ਇਹਦਾ ਨਾਂ ਰੱਖਿਆ ਸੀ ਕੁਤਕ। ਨਹਿੰਗ ਨੇ ਕਹਿਣਾ ਸ਼ੁਰੂ ਕੀਤਾ।

'ਹਲਾ!

## ਵਿਅੰਗ

'ਤੇ ਅਸੀਂ ਇਹਨੂੰ ਮੁਲਾਹਜੇ ਤੋੜ ਤਾਂ ਕਹਿੰਨੇ ਐਂ ਬਈ ਜੀਹਦੇ ਟੋਟਣ 'ਚ ਇੱਕ ਠੁਕ ਗਿਆ, ਉਹਦੇ ਨਾਲ ਮੁਲਾਹਜਾ ਰਹਿੰਦਾ ਈ ਨ੍ਹੀ, ਅਗਲਾ ਪਾਰ ਬੋਲ ਜਾਂਦੈ…। ਛੇਵੇਂ ਪਾਤਸ਼ਾਹ ਨੇ ਭਾਈ ਭੱਲਣ ਤੋਂ ਮੁਲਾਹਜੇ ਤੋੜ ਨਾਲ ਸ਼ੇਰ ਦਾ ਸ਼ਿਕਾਰ ਕਰਵਾਇਆ ਸੀ।

'ਵਾਹ ਜੀ ਵਾਹ!

'ਪੰਡਜੀ, ਰੱਤੂ ਦਾ ਕੀ ਹਾਲ ਐ ਸੱਚ? ਆਤਮੇਂ ਫ਼ੱਕਰ ਨੇ ਅਚਾਨਕ ਪੁੱਛਿਆ।

'ਬੁਰਾ ਈ ਹਾਲ ਐ…। ਦਿਲ ਦਾ ਰੋਗ ਐ…। ਚੱਲੀ ਜਾਵੇ, ਚੱਲੀ ਜਾਵੇ, ਜਿੱਦੇਂ ਖੜ੍ਹ ਗਿਆ, ਬੱਸ…!

'ਮਾੜੀ 'ਲਾਦ ਵੀ ਨਾ ਜੰਮੇ ਕਿਸੇ ਦੇ…। ਕੱਲ੍ਹ ਦੀਆਂ ਗੱਲੈਂ, ਜਦੋਂ ਮੁਧਕਰ ਚੱਕਦਾ ਹੁੰਦਾ ਸੀ…। ਕਿਸੇ ਨੂੰ ਨੇੜੇ ਨ੍ਹੀ ਸੀ ਲੱਗਣ ਦਿੰਦਾ…। 'ਲਾਦ ਮਾੜੀ ਲਿੱਕਲਗੀ…। ਮੁੰਡਾ ਸਿਰੇ ਦਾ ਬੈਲੀ ਤੇ ਕੁੜੀ…? ਸਹੁਰੀ ਨੂੰ ਹਾਥ ਈ ਕੋਈ ਨ੍ਹੀ…। ਕੋਈ ਜੀਅ ਨ੍ਹੀ ਛੱਡਿਆ ਲੇਖੇ ਨਾਲ…। ਬੱਸ ਜਿੱਦਣ ਦੀ ਕੁੜੀ ਨੇ ਬੇਇੱਜ਼ਤੀ ਕੀਤੀ ਐ, ਓਦਣ ਦਾ ਮੰਜੇ ਤੋਂ ਈ ਨ੍ਹੀ ਉਠਿਆ ਸਹੁਰਾ।

'ਉਹਨੇ ਸਹੁਰੀ ਨੇ ਬੇਇਜ਼ਤੀ ਕਾਹਤੋਂ ਕੀਤੀ?

'ਕੀ ਦੱਸਾਂ ਸਹੁਰੀ ਦੇ ਕਾਰੇ…? ਹੁਣ ਤਾਂ ਬਾਹਰਲੇ ਪਿੰਡਾਂ ਦੇ ਮੁੰਡੇ ਸਿੱਧੇ ਈ ਘਰੇ ਆਉਣ ਲੱਗਪੇ ਸੀ…। ਇਹਨੇ ਕਿਤੇ ਰੋਕਿਆ-ਰੁਕਿਆ ਹੋਊ, ਰੱਬ ਜਾਣੇ,…? ਬੱਸ, ਪਤਾ ਨ੍ਹੀ ਸਹੁਰੀ ਦੇ ਡਮਾਕ ਨੂੰ ਕੀ ਫ਼ਤੂਰ ਚੜ੍ਹਿਆ…? ਮੁੰਡਿਆਂ ਦੇ ਸਾਹਮਣੇ ਈ ਸ਼ੁਰੂ ਹੋਗੀ…। ਅਖੇ ਮੇਰੀ ਬੇਬੇ ਤਾਂ ਤੈਥੋਂ ਚੋਰਿਆ ਸਾਂਭੀ ਨਾ ਗਈ, ਮੈਨੂੰ ਕੀ ਸਾਂਭੇਂਗਾ…? ਤੇ ਚੱਲ ਮੇਰੇ ਭਾਈ…! ਉਹ ਦਿਨ ਗਿਆ ਤੇ ਆਹ ਆ ਗਿਆ…। ਬਿਚਾਰਾ ਮੰਜੇ 'ਤੇ ਪਿਆ ਈ ਚੁਕੀ ਜਾਂਦੈ…। ਕੋਈ ਪਾਣੀ-ਧਾਣੀ ਵੀ ਨ੍ਹੀ ਪੁੱਛਦਾ…। ਹੁਣ ਤਾਂ ਓਸ ਗੱਲ ਦੇ ਆਖਣ ਮਾਂਗੂੰ, ਮਾਵਾਂ ਧੀਆਂ ਨਾਅਮੇਂ 'ਚ ਖੇਡਦੀਐਂ…। ਮੇਲਾ ਈ ਲੱਗਿਆ ਰਹਿੰਦੇ ਘਰੇ ਸੁੱਖ ਨਾਲ।

'ਹੈਅ ਥੋਡੀ ਗੰਦੇ ਟੱਬਰ ਦੀ!

'ਕੀ ਕਰਨੈਂ ਐਹੋ ਜਿਆ ਪੈਸਾ…? ਅੱਗ ਲਾਉਣੈਂ?;

'ਕਨੇਡੇ ਆਲਿਆਂ ਦੇ ਘਰੇ ਅੱਜ ਝੰਡੀਆਂ ਜੀਆਂ ਟੰਗੀ ਜਾਂਦੇ ਸੀ, ਕਿਸੇ ਦਾ ਬਿਆਹ-ਬੂਹ ਐ?

'ਓਏ ਕਾਹਨੂੰ ਬਿਆਹ ਐ…! ਉਹ ਤਾਂ ਬੁੜ੍ਹੇ-ਬੁੜ੍ਹੀ ਦੀ ਪੰਜਾਹਵੀਂ ਸ਼ਾਦੀ ਗਿਰਾਹ ਮਨਾਉਣ ਦੀ ਤਿਆਰੀ ਕਰਦੇ ਐ।

'ਕੀ ਕਰਦੇ ਐ…? ਗੱਲ ਅਮਲੀ ਦੇ ਸਿਰ ਦੇ ਉਪਰੋਂ ਲੰਘ ਗਈ।

'ਉਏ ਅਮਲੀਆ…! ਉਨ੍ਹਾਂ ਦੇ ਬੁੜ੍ਹੇ-ਬੁੜ੍ਹੀ ਦੇ ਵਿਆਹ ਨੂੰ ਪੰਜਾਹ ਸਾਲ ਹੋਣ ਆਲੇ ਐ…। ਉਹਨੂੰ ਮਨਾਉਣ ਦੀ ਤਿਆਰੀ ਕਰਦੇ ਐ। ਕਿਸੇ ਨੇ ਜ਼ੋਰ ਦੇ ਕੇ ਕਿਹਾ।

'ਫ਼ਿੱਟ ਭੈਣ ਦੇ ਮੁੰਡਿਆਂ ਈ ਯ੍ਹਾਵੇ…! ਦੇਸੀ ਟੱਟੂ ਤੇ ਕੁਰਾਸ਼ਾਨੀ ਦੁਲੱਤੇ…! ਕੀ ਲੱਛਣ ਕਰਦੇ ਐ ਸਾਲੇ, ਬਈ ਲਹੁਡੀ ਦੇਇਓਂ…! ਕਬਰਾਂ 'ਚ ਥੋਡੀਆਂ ਲੱਤੈਂ, ਤੁਸੀਂ ਕਿਸੇ ਪੁੱਤ ਦਾ ਮਨਾਓ, ਕਿਸੇ ਪੋਤੇ ਦਾ ਮਨਾਓ, ਪੰਜਾਹਵਾਂ ਸਾਲ ਮਨਾਏ ਬਿਨਾ ਸਰਦਾ ਨ੍ਹੀ ਇਹਨਾਂ ਦਾ?

'ਅਮਲੀਆ, ਅੰਨ੍ਹੀ ਕਮਾਈ ਘਰੇ ਆਉਂਦੀ ਐ…। ਕਿਤੇ ਖਪਤ ਵੀ ਕਰਨੀ ਐਂ।

'ਇਹ ਵੀ ਭਾਈ ਗੱਲ ਠੀਕ ਐ..। ਹੱਥ ਖੁੱਲ੍ਹੈ…। ਚੋਜ ਕਰਦੇ ਐ ਜੱਟ…। ਕਹਿੰਦੇ ਹੁੰਦੇ ਐ, ਚਮਚਿਆਂ ਨਾਲ ਪੀਣ ਸ਼ਰਾਬਾਂ, ਕਰਦੇ ਜੱਟ ਚੋਜ ਕੁੜੇ।

'ਮਾਇਆ ਹਜਮ ਕਰਨੀ ਕਿਹੜਾ ਸੌਖੀ ਐ?;

'ਐਤਕੀਂ ਬੋਟਾਂ 'ਚ ਕੌਣ ਜਿੱਤੂ ਬਈ?

'ਬੋਟਾਂ 'ਚ ਜਿੱਤੂ ਅਮਲੀ! ਕੋਈ ਹੱਸਿਆ।

'ਨਹੀਂ ਹਾਸਾ ਨ੍ਹੀ, ਕੌਣ ਜਿੱਤੂ?

'ਬੋਟਾਂ 'ਚ ਜਿੱਤਣਗੇ 'ਕਾਲੀ!

'ਮੈਂ ਤਾਂ ਬੋਟ ਕਾਮਰੇਟ ਨੂੰ ਪਾਊਂ!

'ਨਾਗੋਕਿਆਂ ਆਲੇ ਨੂੰ?

'ਆਹੋ!

'ਬਹੁਤ ਵੱਡੀ ਗਲਤੀ ਐ।

'ਕਾਹਤੋਂ?

'ਦੇਖ ਲਈਂ, ਨਾਗੋਕਿਆਂ ਆਲਾ ਕਾਮਰੇਟ ਪੱਠੇ ਆਪਣਿਓਂ ਖਾਇਆ ਕਰੂ, ਤੇ ਲੇਡੇ ਜਾ ਕੇ ਨਾਗੋਕੀ ਕਰਿਆ ਕਰੂ।

ਹਾਸੜ ਪੈ ਗਈ।;

'ਆਜੋ ਸਿੰਘੋ…! ਗੱਫ਼ਾ ਲੈ ਲਓ! ਗੁਰਦੁਆਰਿਓਂ ਭਾਈ ਜੀ ਨੇ ਹੋਕਰਾ ਮਾਰਿਆ।

'ਚਲੋ ਬਈ। ਅਮਲੀ ਖ਼ੁਸ਼ੀ 'ਚ ਕੁੜਤੇ ਦੀਆਂ ਬਾਹਵਾਂ ਚਾਹੜਨ ਲੱਗ ਪਿਆ।

'ਅਮਲੀਆ, ਬਾਂਹਾਂ ਤਾਂ ਇਉਂ ਚੜ੍ਹਾਉਣ ਲੱਗ ਪਿਆ, ਜਿਵੇਂ ਮੱਝ ਸੁਆਉਣੀ ਹੁੰਦੀ ਐ?

'ਉਏ ਇਹ ਵੀ ਗੁਰਦੁਆਰੇ ਦੀ ਦੇਗ 'ਤੇ ਈ ਬਚਿਆ ਵਿਐ, ਹੋਰ ਕਿਹੜਾ ਨ੍ਹਾਮੋਂ ਇਹਨੂੰ ਚੂਰੀ ਕੁੱਟ ਕੇ ਦਿੰਦੀ ਐ?;ਪਿੱਛੋਂ 'ਨੂਰੀ ਨੇ ਵਿਅੰਗ ਕਸਿਆ।

'ਕਰ ਲਓ! ਕਰ ਲਓ ਬਈ ਟਿੱਚਰਾਂ, ਥੋਡੀ ਉਮਰ ਐ। ਅਮਲੀ ਬੋਲਿਆ।

ਤੇ ਫਿਰ ਸਾਰੇ ਗੁਰਦੁਆਰੇ ਨੂੰ ਵਾਹੋਦਾਹੀ ਹੋ ਤੁਰੇ।

# ਦਰਬਾਰ ਸਾਹਿਬ -3

***'ਪੰਜਾਬ ਟਾਈਮਜ਼ ਨਾਈਟ' ਮੌਕੇ ਦਿੱਤੇ ਸੁਝਾਉ ਕਿ ਹਰ ਵਾਰ ਕਿਸੇ ਇਕ ਨਗਰ ਅਤੇ/ਜਾਂ ਇਕ ਇਤਿਹਾਸਕ ਗੁਰਦੁਆਰੇ ਦਾ ਇਤਿਹਾਸ ਦਿੱਤਾ ਜਾਵੇ, ਤਹਿਤ ਅਸੀਂ ਅੰਕ 27 ਤੇ 28 ਵਿਚ ਅੰਮ੍ਰਿਤਸਰ ਸ਼ਹਿਰ ਤੇ ਇਸ ਦਾ ਇਤਿਹਾਸ ਪੇਸ਼ ਕੀਤਾ ਸੀ। ਇਸ ਵਾਰ ਅਸੀਂ ਦਰਬਾਰ ਸਾਹਿਬ ਅਤੇ ਇਸ ਵਿਚਲੀਆਂ ਥਾਂਵਾਂ ਦਾ ਇਤਿਹਾਸ ਪੇਸ਼ ਕਰ ਰਹੇ ਹਾਂ, ਜਿਸ ਨੂੰ ਦੋ-ਤਿੰਨ ਕਿਸ਼ਤਾਂ ਵਿਚ ਪੇਸ਼ ਕਰਾਂਗੇ। ਇਹ ਮਜ਼ਮੂਨ ਪ੍ਰੋ. ਸ਼ਿਲਪੀ ਸੇਠ, ਮੁਖੀ ਟਰੈਵਲ ਐਂਡ ਮੈਨੇਜਮੈਂਟ ਡਿਪਾਰਟਮੈਂਟ, ਡੀ.ਏ.ਵੀ. ਕਾਲਜ ਅੰਮ੍ਰਿਤਸਰ ਨੇ ਵਿਸ਼ੇਸ਼ 'ਪੰਜਾਬ ਟਾਈਮਜ਼' ਵਾਸਤੇ ਲਿਖਿਆ ਹੈ। ਅਸੀਂ ਉਨ੍ਹਾਂ ਦੇ ਤਹਿ-ਦਿਲ ਤੋਂ ਧੰਨਵਾਦੀ ਹਾਂ।***

## ਦਰਬਾਰ ਸਾਹਿਬ ਦਾ ਚਰਚ-ਨੁਮਾ ਘੰਟਾ ਘਰ

ਅੰਮ੍ਰਿਤਸਰ 'ਤੇ ਮੁਕੰਮਲ ਕਬਜ਼ਾ ਕਰਨ ਮਗਰੋਂ ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਬੁੰਗੇ (ਮੌਜੂਦਾ ਦੋ ਝੰਡਿਆਂ ਅਤੇ ਘੰਟਾ ਘਰ ਦੇ ਮੁੱਖ ਦੁਆਰ ਦੇ ਵਿਚਕਾਰ ਵਾਲੀ ਥਾਂ) ਨੂੰ ਸਰਕਾਰੀ ਜਾਇਦਾਦ ਐਲਾਨ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦਾ ਬੁੰਗਾ ਅੰਮ੍ਰਿਤਸਰ ਕ੍ਰਿਸਚਿਅਨ ਮਿਸ਼ਨ ਸਕੂਲ ਦੀ ਇਮਾਰਤ ਵਿਚ ਬਦਲ ਦਿੱਤਾ ਗਿਆ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਐਮ.ਸੀ. ਸਾਂਡਰਜ਼ ਨੇ ਇਸ ਇਮਾਰਤ ਵਿਚ ਇਸ ਥਾਂ 'ਤੇ ਪੁਲੀਸ ਥਾਣਾ, ਇਕ ਛੋਟੀ ਜੇਲ੍ਹ ਅਤੇ ਕਚਹਿਰੀ ਕਾਇਮ ਕਰ ਦਿੱਤੀ ਸੀ। ਸੰਨ 1860 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਬੁੰਗੇ ਦੇ ਨਾਲ ਲਗਵੇਂ ਨੌਨਿਹਾਲ ਸਿੰਘ




**ਪ੍ਰੋ. ਸ਼ਿਲਪੀ ਸੇਠ**
ਮੁਖੀ ਟਰੈਵਲ ਐਂਡ ਮੈਨੇਜਮੈਂਟ ਡਿਪਾਰਟਮੈਂਟ, ਡੀ.ਏ.ਵੀ. ਕਾਲਜ ਅੰਮ੍ਰਿਤਸਰ

ਅਤੇ ਲਾਢੂਵਾਲੀਆਂ ਦੇ ਬੁੰਗਿਆਂ ਨੂੰ ਵੀ ਅੰਗ੍ਰੇਜ਼ਾਂ ਨੇ ਢਾਹ ਦਿੱਤਾ ਸੀ ਅਤੇ ਸੰਨ 1862 ਵਿਚ ਈਸਾਈ ਗਿਰਜਾ ਘਰ ਦੀ ਸ਼ਕਲ ਦਾ ਘੰਟਾ ਘਰ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਇਹ ਘੰਟਾ ਘਰ 12 ਸਾਲ ਵਿਚ ਸੰਨ 1874 ਤਕ ਬਣ ਕੇ ਤਿਆਰ ਹੋਇਆ। ਇਸ 'ਤੇ ਉਦੋਂ ਦੇ 50 ਹਜ਼ਾਰ ਰੁਪਏ ਖ਼ਰਚ ਆਏ ਸਨ। ਇਹ 145 ਫੁੱਟ ਉੱਚਾ ਸੀ। ਇਸ ਨੂੰ ਅੰਮ੍ਰਿਤਸਰ ਮਿਊਂਸਪਲ



*1862 ਦੀ ਤਸਵੀਰ*



*1912 ਦੀ ਤਸਵੀਰ*

ਕਮੇਟੀ ਦੇ ਇੰਜਨੀਅਰ ਜੌਹਨ ਗੌਰਡਨ ਦੀ ਨਿਗਰਾਨੀ ਹੇਠ ਬਣਾਇਆ ਗਿਆ ਸੀ। ਪਹਿਲਾਂ ਇਸ ਨੂੰ ਟਾਊਨ ਹਾਲ ਦੇ ਬਾਹਰ ਬਣਾਉਣ ਦਾ ਫ਼ੈਸਲਾ ਹੋਇਆ, ਪਰ ਸਿੱਖਾਂ ਨੂੰ ਚਿੜ੍ਹਾਉਣ ਵਾਸਤੇ ਇਸ ਦੀ ਥਾਂ ਮੌਜੂਦਾ ਘੰਟਾ ਘਰ ਵਾਲੀ ਕਰ ਦਿੱਤੀ ਗਈ ਸੀ। ਇਸ ਚਰਚ-ਨੁਮਾ ਘੰਟਾ ਘਰ ਨੂੰ ਸਿੱਖਾਂ ਨੇ ਸੰਨ 1946 ਵਿਚ ਢਾਹਿਆ ਸੀ।

ਸੰਨ 1674 ਤਕ ਦਰਬਾਰ ਸਾਹਿਬ ਦਾ ਮੁੱਖ ਰਸਤਾ ਗੁਰੂ ਬਾਜ਼ਾਰ ਵੱਲੋਂ ਅਕਾਲ ਬੁੰਗਾ ਦੇ ਪਿਛਲੇ ਪਾਸਿਓਂ ਚੁਰਸਤੀ ਅਟਾਰੀ ਵੱਲੋਂ, ਗੁਰੂ ਬਾਜ਼ਾਰ ਵਿਚੋਂ, ਆਉਂਦਾ ਸੀ। ਅੰਗਰੇਜ਼ਾਂ ਨੇ ਹੁਣ ਨਵਾਂ ਦਰਵਾਜ਼ਾ ਘੰਟਾ ਘਰ ਵਾਲਾ ਬਣਾ ਦਿੱਤਾ ਸੀ ਤਾਂ ਜੋ ਗੁਰੂ ਸਾਹਿਬ ਦਾ ਬਣਾਇਆ ਰਸਤਾ ਵੀ ਖ਼ਤਮ ਕੀਤਾ ਜਾ ਸਕੇ। ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਰਬਾਰ ਸਾਹਿਬ ਦੇ ਅਸਲ ਰਸਤੇ (ਜਿੱਥੇ) ਪਹਿਲੀ ਦਸੰਬਰ 1764 ਦੇ ਦਿਨ ਬਾਬਾ ਗੁਰਬਖ਼ਸ਼ ਸਿੰਘ ਦੀ ਅਗਵਾਈ ਹੇਠ 30 ਸਿੱਖ ਸ਼ਹੀਦ ਹੋਏ ਸਨ) ਨੂੰ ਬੰਦ ਕਰ ਕੇ, ਉਸ ਜਗਾਹ ਅਖੰਡ ਪਾਠਾਂ ਵਾਸਤੇ ਦਰਜਨਾਂ ਕਮਰੇ ਬਣਾ ਦਿੱਤੇ ਹਨ।


## ਦਰਬਾਰ ਸਾਹਿਬ ਦਾ ਸਰੋਵਰ

ਕੁਝ ਲੋਕਾਂ ਦਾ ਵਿਚਾਰ ਹੈ ਕਿ ਗੁਰਦੁਆਰਿਆਂ ਦੇ ਨਾਲ ਬਣਾਏ ਤਲਾਅ (ਜਿਨ੍ਹਾਂ ਨੂੰ ਸਰੋਵਰ ਵੀ ਕਿਹਾ ਜਾਂਦਾ ਹੈ) ਪਵਿੱਤਰ ਹਨ; ਉਨ੍ਹਾਂ ਦਾ ਪਾਣੀ 'ਅੰਮ੍ਰਿਤ' ਹੈ। ਇਸ ਨੁਕਤੇ ਨੂੰ ਸਿੱਖ ਧਰਮ ਅਤੇ ਸਿੱਖ ਤਵਾਰੀਖ਼ (ਇਤਿਹਾਸ) ਦੇ ਪੱਖ ਤੋਂ ਵਿਚਾਰਨ ਨਾਲ ਇਹ ਗੱਲ ਬਿਲਕੁਲ ਗ਼ਲਤ ਸਾਬਿਤ ਹੰਦੀ ਹੈ।

ਜਦੋਂ 'ਅੰਮ੍ਰਿਤਸਰ' ਤਲਾਅ (ਸਰੋਵਰ) ਬਣਾਇਆ ਗਿਆ ਸੀ ਉਦੋਂ ਤਾਂ ਹਰ ਥਾਂ ਖੂਹ ਜਾਂ ਬਾਉਲੀਆਂ ਨਹੀਂ ਹੁੰਦੇ ਸਨ ਅਤੇ ਪਾਣੀ ਦਾ ਬੜਾ ਵੱਡਾ ਮਸਲਾ ਸੀ ਅਤੇ ਤਲਾਅ ਬਣਾ ਕੇ ਮੀਂਹ ਦਾ ਪਾਣੀ ਸੰਭਾਲਣ ਦੀ ਲੋੜ ਸੀ, ਪਰ, ਹੁਣ ਤਾਂ ਕਾਰ-ਸੇਵਾ ਵਾਲਿਆਂ ਅਤੇ ਹੋਰਾਂ ਨੇ ਹਰ ਗੁਰਦੁਆਰੇ ਦੇ ਨਾਲ ਬੇਵਜਹ ਤਲਾਅ ਬਣਾ ਦਿੱਤੇ ਹਨ ਹਾਲਾਂਕਿ ਹੁਣ ਹਰ ਥਾਂ ਨਹਿਰ ਜਾਂ ਟਿਊਬਵੈੱਲ ਜਾਂ ਪਾਈਪਾਂ-ਟੂਟੀਆਂ ਆਦਿ ਦੇ ਰੂਪ ਵਿਚ ਪਾਣੀ ਮੁਹੱਈਆ ਹੈ।

1564 ਵਿਚ ਭਾਈ ਜੇਠਾ (ਮਗਰੋਂ ਗੁਰੂ ਰਾਮਦਾਸ) ਨੇ ਸਿੱਖ ਨਗਰ 'ਚੱਕ' (ਮਗਰੋਂ ਗੁਰੂ ਦਾ ਚਕ, ਚੱਕ ਰਾਮਦਾਸ ਅਤੇ ਹੁਣ ਅੰਮ੍ਰਿਤਸਰ) ਵਸਾਉਣ ਵਾਸਤੇ ਜ਼ਮੀਨ ਖ਼ਰੀਦੀ ਸੀ। ਕਿਸੇ ਵੀ ਨਵੇਂ ਨਗਰ ਦੀ ਸਭ ਤੋਂ ਪਹਿਲੀ ਜ਼ਰੂਰਤ ਪਾਣੀ ਦੀ ਹੁੰਦੀ ਹੈ, ਇਸ ਕਰ ਕੇ ਗੁਰੂ ਸਾਹਿਬ ਨੇ ਸੰਤੋਖਸਰ ਸਰੋਵਰ ਵਾਲੀ ਜਗਾਹ 'ਤੇ ਤਲਾਅ ਪੁਟਾਉਣਾ ਸ਼ੁਰੂ ਕੀਤਾ ਸੀ। ਪਰ ਗੁਰੂ ਅਮਰ ਦਾਸ ਜੀ ਦਾ ਪੈਗ਼ਾਮ ਮਿਲਣ 'ਤੇ ਉਨ੍ਹਾਂ ਨੂੰ ਇਸ ਨਵੇਂ ਨਗਰ ਨੂੰ ਵਸਾਉਣ ਦੀ ਕਾਰਵਾਈ ਵਿਚੇ ਛੱਡ ਕੇ ਵਾਪਸ ਗੋਇੰਦਵਾਲ ਜਾਣਾ ਪਿਆ ਸੀ। ਸੰਨ 1574 ਵਿਚ ਗੁਰੂ ਅਮਰ ਦਾਸ ਜੀ ਦੇ ਜੋਤੀ-ਜੋਤਿ ਸਮਾਉਣ ਮਗਰੋਂ ਗੁਰੂ ਰਾਮਦਾਸ ਜੀ ਇੱਥੇ ਰਹਿਣ ਲੱਗ ਪਏ ਸਨ। ਹੁਣ ਉਨ੍ਹਾਂ ਨੇ ਦੁਬਾਰਾ ਤਲਾਅ ਪੁਟਾਉਣਾ ਸ਼ੁਰੂ ਕੀਤਾ ਸੀ। ਪਰ, ਇਸ ਵਾਰ ਉਨ੍ਹਾਂ ਨੇ ਮੌਜੂਦਾ ਸੰਤੋਖਸਰ ਨੂੰ ਵਿੱਚੇ ਛੱਡ ਕੇ ਉਸ ਦੀ ਜਗ੍ਹਾ ਅੰਮ੍ਰਿਤਸਰ (ਦਰਬਾਰ ਸਾਹਿਬ ਵਾਲਾ) ਤਲਾਅ ਪੁਟਾਉਣਾ ਸ਼ੁਰੂ ਕਰ ਦਿੱਤਾ, ਕਿਉਂਕਿ ਸ਼ਾਇਦ ਅੰਮ੍ਰਿਤਸਰ ਵਾਲੀ ਥਾਂ ਸੰਤੋਖਸਰ ਵਾਲੀ ਥਾਂ ਤੋਂ ਵੱਧ ਨੀਵੀਂ ਸੀ ਅਤੇ ਬਰਸਾਤ ਦਾ ਪਾਣੀ ਉੱਥੇ ਵਧੇਰੇ ਜਮ੍ਹਾਂ ਹੋਣਾ ਸੀ। ਸੰਨ 1576-77 ਵਿਚ ਅੰਮ੍ਰਿਤਸਰ ਤਲਾਅ (ਸਰੋਵਰ) ਤਿਆਰ ਹੋ ਗਿਆ; ਫਿਰ 1578 ਵਿਚ ਸੰਤੋਖਸਰ ਤਲਾਅ (ਸਰੋਵਰ) ਵੀ ਤਿਆਰ ਕਰਵਾ ਲਿਆ ਗਿਆ। ਹੁਣ ਲੋਕਾਂ ਵਾਸਤੇ ਨਹਾਉਣ ਦੇ ਪਾਣੀ ਦਾ ਮਸਲਾ ਹੱਲ ਹੋ ਗਿਆ ਸੀ। ਮਗਰੋਂ ਸੰਗਤ ਹੋਰ ਵਧ ਜਾਣ ਕਾਰਨ ਗੁਰੂ ਅਰਜਨ ਸਾਹਿਬ ਨੇ ਰਾਮਸਰ ਅਤੇ ਬਿਬੇਕਸਰ ਤਲਾਅ (ਸਰੋਵਰ) ਵੀ ਤਿਆਰ ਕਰਵਾਏ ਸਨ। ਇਸ ਮਗਰੋਂ ਜੰਗਲ ਦੇਸ (ਹੁਣ ਮਾਲਵਾ) ਅਤੇ ਹਰੀਕੇ ਵੱਲੋਂ ਆਉਣ ਵਾਲੀ ਸੰਗਤ ਵਾਸਤੇ ਰਸਤੇ ਵਿਚ ਪੜਾਅ ਕਰਨ ਵਾਸਤੇ ਤਰਨਤਾਰਨ ਵਾਲਾ ਤਲਾਅ (ਸਰੋਵਰ) ਵੀ ਤਿਆਰ ਕਰਵਾ ਲਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ (ਸ਼ਮਸ਼ਾਨ ਵਾਲੀ ਥਾਂ 'ਤੇ) ਕੌਲਸਰ ਵੀ ਪੁਟਵਾ ਲਿਆ (ਇਸ ਦਾ ਮਾਤਾ ਕੌਲਾਂ ਨਾਲ ਕੋਈ ਸਬੰਧ ਨਹੀਂ ਸੀ)। ਹੁਣ ਲੋਕਾਂ ਨੂੰ ਨਹਾਉਣ ਜਾਂ ਕੱਪੜੇ ਧੋਣ ਵਾਸਤੇ ਜਾਂ ਹਾਥੀਆਂ ਤੇ ਘੋੜਿਆਂ ਅਤੇ ਮੱਝਾਂ-ਗਊਆਂ ਵਾਸਤੇ ਪਾਣੀ ਦੀ ਮੁਸ਼ਕਿਲ ਨਹੀਂ ਰਹੀ ਸੀ। ਇਹ ਤਲਾਅ (ਸਰੋਵਰ) ਪਾਣੀ ਦਾ ਮਸਲਾ ਹੱਲ ਕਰਨ ਵਾਸਤੇ ਸਨ ਅਤੇ ਇਨ੍ਹਾਂ ਵਿਚ ਮੀਂਹ ਦਾ ਪਾਣੀ ਹੀ ਸੰਭਾਲਿਆ ਹੁੰਦਾ ਸੀ ਨਾ ਕਿ ਇਨ੍ਹਾਂ ਦੀ ਕੋਈ ਧਾਰਮਿਕ ਅਹਮੀਅਤ ਸੀ। ਇਹ ਕੋਈ ਅਖੌਤੀ 'ਅੰਮ੍ਰਿਤ' ਵਾਸਤੇ ਨਹੀਂ ਸਨ।

ਦਰਬਾਰ ਸਾਹਿਬ ਦੇ ਪ੍ਰਬੰਧ 'ਤੇ ਕਬਜ਼ਾ ਹੋਣ ਤੋਂ ਬਹੁਤ ਸਮਾਂ ਮਗਰੋਂ ਕਾਸ਼ੀ ਅਤੇ ਹਰਿਦੁਆਰ ਤੋਂ ਸਿਖਿਆ ਲੈ ਕੇ ਆਏ ਨਿਰਮਲੇ ਤੇ ਉਦਾਸੀ ਪੁਜਾਰੀਆਂ ਨੇ ਇਨ੍ਹਾਂ ਸਰੋਵਰਾਂ ਦੇ ਪਾਣੀਆਂ ਨੂੰ ਪਵਿੱਤਰ ਤੇ ਅੰਮ੍ਰਿਤ ਕਹਿਣ ਦਾ ਦੰਭ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਸਾਜ਼ਿਸ਼ ਹੇਠ ਉਨ੍ਹਾਂ ਨੇ ਇਹ ਕਹਾਣੀ ਘੜੀ ਕਿ ਅੰਮ੍ਰਿਤਸਰ ਨਾਂ ਦਾ ਤਲਾਅ ਉਸੇ ਛੱਪੜ ਵਾਲੀ ਜਗ੍ਹਾ 'ਤੇ ਬਣਾਇਆ ਗਿਆ ਜਿੱਥੋਂ ਕਾਂ ਡੁਬਕੀ ਲਾ ਕੇ ਹੰਸ ਬਣ ਜਾਂਦੇ ਸਨ। ਇਸ ਗੱਪ ਨੂੰ ਲੋਕਾਂ ਵਿਚ ਮਨਜ਼ੂਰ ਕਰਵਾਉਣ ਵਾਸਤੇ ਇਹ ਕਹਾਣੀ ਵੀ ਘੜ ਲਈ ਗਈ ਕਿ ਇੱਥੇ ਮਨੋ-ਕਲਪਿਤ ਰਜਨੀ ਨਾਂ ਦੀ ਇਕ ਔਰਤ ਦੇ ਪਿੰਗਲੇ ਪਤੀ ਦਾ ਕੋਹੜ ਤੇ ਅਪਾਹਜ-ਪੁਣਾ (ਅਖੌਤੀ ਤੌਰ 'ਤੇ) ਦੂਰ ਹੋਇਆ ਸੀ। ਇਹ ਗੱਪ ਨਿਰਮਲਾ ਲੇਖਕ ਕਵੀ ਸੰਤੋਖ ਸਿੰਘ ਨੇ ਇਹ ਸੋਚ ਕੇ ਘੜੀ ਸੀ ਕਿ ਇਸ ਨੂੰ ਕਿਸੇ 'ਪ੍ਰਾਚੀਨ' ਮੰਦਰ ਜਾਂ ਮਿਥਿਹਾਸ ਨਾਲ ਜੋੜ ਕੇ ਇਸ ਨੂੰ ਮਿਥਿਹਾਸਕ ਦੇਵਤਿਆਂ ਦੀ ਜਗ੍ਹਾ ਬਣਾ ਦਿੱਤਾ ਜਾਵੇ। ਇਕ ਬੇਰੀ ਨੂੰ 'ਦੁਖਭੰਜਨੀ ਬੇਰੀ' ਦਾ ਨਾਂ ਦੇਣਾ ਅਤੇ ਹਰਿਦੁਆਰ ਦੀ ਤਰਜ਼ 'ਤੇ ਦਰਬਾਰ ਸਾਹਿਬ ਦੀਆਂ ਪੌੜੀਆਂ ਨੂੰ 'ਹਰਿ ਕੀ ਪੌੜੀ' ਨਾਂ ਦੇਣਾ, ਅਤੇ ਇਕ ਹਿੱਸੇ ਨੂੰ ਅਖੌਤੀ 'ਅਠਸਠ ਤੀਰਥ' ਦਾ ਨਾਂ ਦੇਣਾ ਵੀ ਇਸ ਸਰੋਵਰ ਨੂੰ ਮਿਥਿਹਾਸਕ ਦੇਵੀ ਦੇਵਤਿਆਂ ਦੀ 'ਪ੍ਰਾਚੀਨ ਜਗ੍ਹਾ' ਬਣਾ ਦੇਣ ਦੀ ਸਾਜ਼ਿਸ਼ ਦਾ ਹਿੱਸਾ ਸੀ। ਇੰਵ ਹੀ ਸੰਤੋਖਸਰ ਸਰੋਵਰ ਦੀ ਪੁਟਾਈ ਵੇਲੇ ਇੱਥੋਂ 'ਸਮਾਧੀ ਵਿਚ ਲੀਨ' ਇਕ 'ਜੋਗੀ' ਦੇ ਨਿਕਲਣ ਗੱਪ ਵੀ ਨਿਰਮਲਿਆਂ ਨੇ ਇਹ ਸੋਚ ਕੇ ਘੜੀ ਸੀ ਕਿ ਸੰਤੋਖਸਰ ਨੂੰ ਵੀ ਇਕ 'ਪ੍ਰਾਚੀਨ' ਮਿਥਿਹਾਸਕ ਮੰਦਰ ਬਣਾ ਦਿੱਤਾ ਜਾਵੇ।



ਕਵੀ ਸੰਤੋਖ ਸਿੰਘ ਨੇ ਤਾਂ ਇਹ ਵੀ ਪ੍ਰਚਾਰ ਕੀਤਾ ਸੀ ਕਿ ਇਹ ਸਰੋਵਰ ਅਤੇ ਦਰਬਾਰ ਸਾਹਿਬ ਮਿਥਿਹਾਸਕ ਦੇਵਤੇ ਵਿਸ਼ਨੂੰ ਦੇ ਮੰਦਰ ਸਨ। ਇਸੇ ਗੱਲ ਨੂੰ ਕਾਇਮ ਕਰਨ ਵਾਸਤੇ ਉਸ ਨੇ ਦਰਬਾਰ ਸਾਹਿਬ ਨੂੰ ਹਰਿਮੰਦਰ {ਹਰਿ (ਵਿਸ਼ਨੂੰ) ਦਾ ਮੰਦਿਰ} ਦਾ ਨਾਂ ਦੇ ਦਿੱਤਾ ਸੀ। 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਦੇ ਲੇਖਕਾਂ ਗਿਆਨੀ ਗੁਰਮੁਖ ਸਿੰਘ (ਅਕਾਲ ਬੁੰਗੇ ਦਾ ਪੁਜਾਰੀ) ਤੇ ਦਰਬਾਰਾ ਸਿੰਘ (ਦਰਬਾਰ ਸਾਹਿਬ ਦਾ ਪੁਜਾਰੀ) ਨਿਰਮਲਿਆਂ ਨੇ ਤਾਂ ਇਹ ਵੀ ਲਿਖਿਆ ਕਿ ਵਿਸ਼ਨੂੰ ਨੇ ਇਹ ਹਦਾਇਤ ਵੀ ਕੀਤੀ ਸੀ ਕਿ ਬੁੰਗਾ ਅਕਾਲੀਆਂ ਨੂੰ ਉਸ ਦੇ ਤਖ਼ਤ (ਅਕਾਲ ਤਖ਼ਤ) ਵਜੋਂ ਕਾਇਮ ਕੀਤਾ ਜਾਏ; ਯਾਨਿ ਅਖੌਤੀ ਅਕਾਲ ਤਖ਼ਤ 'ਵਿਸ਼ਨੂੰ ਦਾ ਤਖ਼ਤ' ਹੈ।

ਦਰਬਾਰ ਸਾਹਿਬ ਦਾ ਸਰੋਵਰ ਕੋਈ ਧਾਰਮਿਕ ਚੀਜ਼ ਨਹੀਂ ਸੀ। ਹਾਂ! ਇਹ ਤਵਾਰੀਖ਼ੀ ਜਗ੍ਹਾ ਜ਼ਰੂਰ ਸੀ ਕਿਉਂਕਿ ਇਸ ਨੂੰ ਗੁਰੂ ਰਾਮਦਾਸ ਜੀ ਨੇ ਬਣਾਇਆ ਸੀ; ਗੁਰੂ ਅਰਜਨ ਸਾਹਿਬ ਨੇ ਮੁਕੰਮਲ ਕੀਤਾ ਸੀ; ਫਿਰ ਕਈ ਵਾਰ ਢਾਹੇ ਅਤੇ ਪੂਰੇ ਜਾਣ ਮਗਰੋਂ 1765 ਵਿਚ ਸਿੱਖ ਮਿਸਲਾਂ ਵੇਲੇ ਇਸ ਨੂੰ ਨਵੇਂ ਸਿਰਿਓਂ ਬਣਾਇਆ ਗਿਆ ਸੀ।

ਇਹ ਇਕ ਤਲਾਅ ਸੀ ਅਤੇ ਇਸ ਵਿਚ ਬੇੜੀ ਵੀ ਚਲਾਈ ਜਾਂਦੀ ਸੀ (ਜਿਵੇਂ ਦਰਿਆ ਪਾਰ ਕਰਨ ਵਾਸਤੇ ਬੇੜੀ ਜਾਂ ਝੀਲ ਵਿਚ ਸੈਰ ਵਾਸਤੇ ਸ਼ਿਕਾਰਾ ਚਲਾਇਆ ਜਾਂਦਾ ਹੈ)। ਮਹਾਰਾਜਾ ਰਣਜੀਤ ਸਿੰਘ ਕਈ ਵਾਰ ਆਪਣੇ ਬੁੰਗੇ ਤੋਂ ਦਰਬਾਰ ਸਾਹਿਬ ਮੱਥਾ ਟੇਕਣ ਜਾਣ ਵਾਸਤੇ, ਦਰਸ਼ਨੀ ਡਿਓਢੀ ਦੇ ਪੁਲ ਤੋਂ ਪੈਦਲ ਜਾਣ ਦੀ ਬਜਾਇ, ਬੇੜੀ ਰਾਹੀਂ ਜਾਇਆ ਕਰਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੇ ਰਿਕਾਰਡ ਵਿਚ ਸਾਫ਼ ਲਫ਼ਜ਼ਾਂ ਵਿਚ ਲਿਖਿਆ ਸੀ ਕਿ ਮਹਾਰਾਜਾ 21 ਅਕਤੂਬਰ 1835 ਦੇ ਦਿਨ ਆਪਣੇ ਬੁੰਗੇ ਤੋਂ ਦਰਬਾਰ ਸਾਹਿਬ ਮੱਥਾ ਟੇਕਣ ਵਾਸਤੇ ਆਪਣੀ ਬੇੜੀ ਰਾਹੀਂ ਗਿਆ ਸੀ ਤੇ ਉਸ ਨੇ 511 ਸੋਨੇ ਦੀਆਂ ਮੁਹਰਾਂ ਮੱਥਾ ਟੇਕਿਆ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਤਕ ਤਾਂ ਕੀ ਸੰਨ 1900 ਤਕ ਵੀ ਅੰਮ੍ਰਿਤਸਰ ਨਾਂ ਦੇ ਤਲਾਅ ਵਿਚੋਂ ਪਾਣੀ ਦੀ 'ਚੁਲੀ' ਲੈਣ ਦਾ ਕੋਈ ਰਿਵਾਜ਼ ਨਹੀਂ ਸੀ। ਇਹ ਨਹਾਉਣ ਵਾਸਤੇ ਇਕ ਤਲਾਅ ਸੀ। ਇਸ ਵਿਚ ਤਾਂ ਝੀਲ ਵਾਂਙ ਖੇਡਾਂ ਵੀ ਕੀਤੀਆਂ ਜਾਂਦੀਆਂ ਸਨ। ਇਸ ਵਿਚ ਕਾਗਜ਼ਾਂ ਦੀਆਂ ਕਿਸ਼ਤੀਆਂ ਵੀ ਚਲਾਈਆਂ ਜਾਂਦੀਆਂ ਸਨ ਤੇ ਨਿੱਕੇ-ਨਿੱਕੇ ਖਿਡੌਣੇ ਬਣਾ ਕੇ ਵੀ ਚਲਾਏ ਜਾਂਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੇ ਰਿਕਾਰਡ ਮੁਤਾਬਿਕ 13 ਦਸੰਬਰ 1838 ਦੇ ਦਿਨ ਜਦੋਂ ਬ੍ਰਿਟਿਸ਼ ਇੰਡੀਆ ਦਾ ਗਵਰਨਰ ਜਨਰਲ ਲਾਰਡ ਔਕਲੈਂਡ ਅਤੇ ਉਸ ਦੀ ਭੈਣ ਐਮਲੀ ਈਡਨ ਗੁਰੂ-ਦਾ-ਚੱਕ (ਹੁਣ ਅੰਮ੍ਰਿਤਸਰ) ਆਏ ਤਾਂ ਉਨ੍ਹਾਂ ਦੇ ਆਉਣ ਦੀ ਖ਼ੁਸ਼ੀ ਵਿਚ ਅੰਮ੍ਰਿਤਸਰ ਤਲਾਅ (ਸਰੋਵਰ) ਦੇ ਦੁਆਲੇ ਅਤੇ ਮਹਾਰਾਜਾ ਦੇ ਬੁੰਗੇ ਵਿਚ ਦੀਪਮਾਲਾ ਕੀਤੀ ਗਈ ਸੀ ਅਤੇ ਆਤਿਸ਼ਬਾਜ਼ੀ ਚਲਾਈ ਗਈ ਸੀ। ਗਵਰਨਰ ਜਨਰਲ ਨੂੰ ਖ਼ੁਸ਼ ਕਰਨ ਵਾਸਤੇ ਅੰਮ੍ਰਿਤਸਰ ਤਲਾਅ (ਸਰੋਵਰ) ਵਿਚ ਵੱਡੇ ਆਕਾਰ ਦੇ ਅਜੀਬ ਕਿਸਮ ਦੇ ਜਾਨਵਰਾਂ ਦੇ ਤਾਬੂਤ ਛੱਡੇ ਗਏ ਸਨ; ਇੰਵ ਹੀ ਇਮਾਰਤਾਂ-ਰੂਪੀ ਖਿਡੌਣੇ ਵੀ ਸਰੋਵਰ ਵਿਚ ਛੱਡੇ ਹੋਏ ਸਨ, ਜੋ ਤਰਦੇ ਰਹੇ ਸਨ। ਤਲਾਅ ਵਿਚ ਬੜਾ ਅਦਭੁਤ ਨਜ਼ਾਰਾ ਸੀ।

ਪੁਜਾਰੀਆਂ ਵੱਲੋਂ ਅੰਮ੍ਰਿਤਸਰ (ਸਰੋਵਰ) ਵਿਚ ਹਰਿਦੁਆਰ ਦੀ ਤਰਜ਼ 'ਤੇ ਵਿਸ਼ਨੂੰ ਦੀ ਪੌੜੀ (ਹਰਿ ਕੀ ਪਉੜੀ) ਬਣਾ ਕੇ ਇਸ ਨੂੰ ਵਿਸ਼ਨੂੰ ਸਰੋਵਰ ਬਣਾਉਣ ਦੀ ਕੋਸ਼ਿਸ਼ ਦੇ ਬਾਵਜੂਦ, ਕੋਈ ਵੀ ਇਸ ਨੂੰ ਅਖੌਤੀ ਅੰਮ੍ਰਿਤ ਵਾਲੇ ਪਾਣੀ ਦਾ ਤਲਾਅ ਨਹੀਂ ਸੀ ਮੰਨਦਾ। ਲੋਕ ਇਸ ਤਲਾਅ ਵਿਚ ਇਕ ਆਮ ਤਲਾਅ ਵਾਂਙ ਨਹਾਉਂਦੇ ਅਤੇ ਤਾਰੀਆਂ ਲਾਉਂਦੇ ਸਨ। ਇਕ ਦੋ ਵਾਰ ਤਾਂ ਬੇਰੀ (ਅਖੌਤੀ 'ਅਠਸਠ ਤੀਰਥ' ਵਾਲੀ ਥਾਂ) ਤੋਂ ਦਰਬਾਰ ਸਾਹਿਬ (ਅਖੌਤੀ 'ਹਰਿ ਕੀ ਪਉੜੀ') ਤਕ ਤਾਰੀਆਂ ਲਾਉਂਦੇ ਕੁਝ ਜਣੇ ਡੁੱਬ ਵੀ ਗਏ ਸਨ। 17 ਜੂਨ 1901 ਦੇ ਦਿਨ 'ਖਾਲਸਾ ਸਮਾਚਰ' ਵਿਚ ਛਪੇ, ਭਾਈ ਵੀਰ ਸਿੰਘ ਲਿਖਤ ਇਕ ਮਜ਼ਮੂਨ ਵਿਚ ਦੱਸਿਆ ਗਿਆ ਸੀ ਕਿ ਇਕ ਵਾਰ ਇਕ ਮਾਮਾ ਭਾਣਜਾ ਇਸ ਤਰ੍ਹਾਂ ਤਾਰੀਆਂ ਲਾਉਂਦੇ ਬੇਰੀ (ਅਖੌਤੀ 'ਅਠਸਠ ਤੀਰਥ' ਵਾਲੀ ਥਾਂ) ਤੋਂ ਦਰਬਾਰ ਸਾਹਿਬ (ਅਖੌਤੀ 'ਹਰਿ ਕੀ ਪਉੜੀ') ਤਕ ਗਏ ਸਨ। ਵਾਪਸੀ 'ਤੇ ਭਣੇਵੇਂ ਦਾ ਸਾਹ ਟੁੱਟ ਗਿਆ ਸੀ ਅਤੇ ਉਹ ਡੁੱਬ ਗਿਆ ਸੀ। ਉਸ ਦਿਨ ਤਾਂ ਉਸ ਦੀ ਲਾਸ਼ ਵੀ ਨਹੀਂ ਸੀ ਮਿਲੀ; ਤੀਜੇ ਦਿਨ ਉਸ ਦੀ ਲਾਸ਼ ਤਰ ਕੇ ਉਪਰ ਆ ਗਈ ਸੀ। ਇਸ ਲੜਕੇ ਦਾ ਤਾਜ਼ਾ-ਤਾਜ਼ਾ ਵਿਆਹ ਹੋਇਆ ਸੀ ਅਤੇ ਇਹ ਮੁਕਲਾਵਾ ਲੈਣ ਚੱਲਿਆ ਸੀ। ਅੰਮ੍ਰਿਤਸਰ ਦੇ ਤਲਾਅ ਵਿਚ ਡੁੱਬਣ ਦੀ ਇਹ ਕੋਈ ਨਵੀਂ ਘਟਨਾ ਨਹੀਂ ਸੀ। ਹਰ ਸਾਲ ਦੋ-ਚਾਰ ਤੋਂ ਦਸ ਤਕ ਮੌਤਾਂ ਹੋ ਜਾਂਦੀਆਂ ਸਨ। ਇੰਵ ਇਹ ਤਲਾਅ ਮੁਕਤੀ ਦਾ ਸਰੋਵਰ ਬਣਨ ਦੀ ਥਾਂ ਇਨਸਾਨਾਂ ਦੀਆਂ 'ਬਲੀਆਂ ਲੈਣ ਵਾਲੀ ਥਾਂ' ਜਾਣਿਆ ਜਾਣ ਲਗ ਪਿਆ ਸੀ। ਇੱਥੇ ਡੁੱਬ ਕੇ ਮਰ ਜਾਣ ਵਾਲਿਆਂ ਵਿਚੋਂ ਕਈਆਂ ਦੀਆਂ ਮਾਵਾਂ ਨੇ ਤਾਂ ਦਰਬਾਰ ਸਾਹਿਬ ਮੱਥਾ ਟੇਕਣਾ ਹੀ ਬੰਦ ਕਰ ਦਿੱਤਾ ਸੀ।

ਅੰਮ੍ਰਿਤਸਰ (ਤਲਾਅ) ਦੇ ਦੁਆਲੇ ਪਹਿਲਾਂ ਕੱਚਾ ਥਾਂ ਸੀ। ਇਸ ਨੂੰ ਪੱਕਾ ਕਰਨ ਦਾ ਕੰਮ 1838 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੇ ਆਖ਼ਰੀ ਸਾਲ ਵਿਚ ਸ਼ੁਰੂ ਕੀਤਾ ਗਿਆ ਸੀ। ਜਿੱਥੇ ਹੁਣ ਲੰਗਰ ਦੀ ਇਮਾਰਤ ਹੈ, ਇੱਥੇ ਬਹੁਤ ਵੱਡਾ ਬਾਗ਼ ਹੁੰਦਾ ਸੀ (ਜਿਸ ਨੂੰ ਗੁਰੂ ਦਾ ਬਾਗ਼ ਕਹਿੰਦੇ ਸਨ); ਅਤੇ ਇਸ ਤੋਂ ਪਰ੍ਹੇ ਜਿੱਥੇ ਹੁਣ ਸਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਹਨ, ਬਿਲਕੁਲ ਖ਼ਾਲੀ ਥਾਂ ਹੁੰਦੀ ਸੀ।


ਜਿੱਥੇ ਕੌਲਸਰ ਸਰੋਵਰ ਹੈ ਉਸ ਥਾਂ ਨੂੰ ਸ਼ਮਸ਼ਾਨ ਘਾਟ ਵਜੋਂ (ਮੁਰਦੇ ਸਾੜਨ ਵਾਸਤੇ) ਵਰਤਿਆ ਜਾਂਦਾ ਸੀ। ਬਾਬਾ ਅਟਲ, ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ ਸਣੇ ਹਜ਼ਾਰਾਂ ਲੋਕਾਂ ਦੇ ਸਸਕਾਰ ਇੱਥੇ ਹੀ ਹੋਏ ਸਨ (ਗੁਰਦੁਆਰਾ ਬਾਬਾ ਅਟਲ ਉਹੀ ਥਾਂ ਹੈ ਜਿੱਥੇ ਗੁਰੂ ਹਰਿਗੋਬਿੰਦ ਸਾਹਿਬ ਦੇ ਬੇਟੇ ਅਟਲ ਦਾ ਸਸਕਾਰ ਹੋਇਆ ਸੀ)। ਕਦੇ ਇਸ ਜਗ੍ਹਾ 'ਤੇ ਨਵਾਬ ਕਪੂਰ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ ਦੀਆਂ ਸਮਾਧਾਂ ਵੀ ਹੁੰਦੀਆਂ ਸਨ। ਮਗਰੋਂ ਨਵਾਬ ਕਪੂਰ ਸਿੰਘ ਦੀ ਸਮਾਧ ਢਾਹ ਦਿੱਤੀ ਗਈ ਸੀ ਪਰ ਜੱਸਾ ਸਿੰਘ ਦੇ ਸਸਕਾਰ ਵਾਲੀ ਥਾਂ 'ਤੇ ਉਸ ਦੀ ਸਮਾਧ ਕਾਇਮ ਰਹੀ ਸੀ; ਉਸ ਥਾਂ 'ਤੇ ਮਗਰੋਂ ਜੱਸਾ ਸਿੰਘ ਦੇ ਨਾਂ ਦਾ ਗੁਰਦੁਆਰਾ ਬਣਾ ਦਿੱਤਾ ਗਿਆ ਸੀ।

ਲੰਗਰ ਦੀ ਇਮਾਰਤ ਦੇ ਨਾਲ ਬਾਗ਼ ਵਾਲੀ ਥਾਂ 'ਤੇ ਕੁਝ ਲੋਕ ਘੋੜੇ ਵੀ ਬੰਨ੍ਹਿਆ ਕਰਦੇ ਸੀ। ਇੱਥੇ ਕਦੇ ਕਦੇ ਕੋਈ ਪਸ਼ੂ ਵੀ ਆ ਜਾਂਦਾ ਸੀ, ਜੋ ਅੰਮ੍ਰਿਤਸਰ ਤਲਾਅ ਵਿਚੋਂ ਪਾਣੀ ਪੀ ਕੇ ਮੁੜ ਜਾਂਦਾ ਸੀ। ਕੁਝ ਪੁਰਾਣੀਆਂ ਤਸਵੀਰਾਂ ਵਿਚ ਤਲਾਅ ਦੇ ਨੇੜੇ ਪਸ਼ੂ ਖੜੇ ਸਾਫ਼ ਨਜ਼ਰ ਆਉਂਦੇ ਹਨ।

**(ਚੱਲਦਾ)**

# ਗੁਰੂ ਨਾਨਕ ਸਾਹਿਬ ਦੇ ਪੰਥ 'ਤੇ ਚਲਣਾ ਔਖਾ ਪਰ ਵਿਕਲਪਹੀਨ

ਗੁਰੂ ਨਾਨਕ ਸਾਹਿਬ ਆਪਣੇ ਯੁਗ ਦੇ ਸਭ ਤੋਂ ਨਿਰਭੈ ਤੇ ਅਡੋਲ ਭਰੋਸੇ ਵਾਲੇ ਮਹਾਂਨਾਇਕ ਸਨ। ਆਪ ਨੇ ਸਦੀਆਂ ਤੋਂ ਸਥਾਪਤ ਉਨ੍ਹਾਂ ਮਾਨਤਾਵਾਂ ਤੇ ਪਰੰਪਰਾਵਾਂ ਨਾਲ ਸਿੱਧੇ ਤੌਰ 'ਤੇ ਟਕਰਾਉਣ ਦਾ ਹੌਸਲਾ ਵਿਖਾਇਆ ਜੋ ਮਨੁੱਖੀ ਸਮਾਜ ਨੂੰ ਤੋੜ ਰਹੀਆਂ ਸਨ ਤੇ ਸਮਾਜ ਅੰਦਰ ਗੈਰ-ਬਰਾਬਰੀ ਅਤੇ ਸੰਤਾਪ ਲਈ ਜ਼ਿੰਮੇਵਾਰ ਸਨ। ਗੁਰੂ ਸਾਹਿਬ ਨੇ ਮਨੁੱਖੀ ਜੀਵਨ 'ਤੇ ਅਸਰ ਪਾਉਣ ਵਾਲੇ ਹਰ ਖੇਤਰ ਦੀਆਂ ਬੁਨਿਆਦਾਂ ਦੀ ਪਰਖ ਕੀਤੀ। ਧਾਰਮਕ ਹੀ ਨਹੀਂ ਸਮਾਜਕ, ਆਰਥਕ ਤੇ ਸਿਆਸੀ ਸਵਾਲ ਵੀ ਆਪ ਦੀ ਡੂੰਘੀ ਸੋਚ ਦੇ ਦਾਇਰੇ ਵਿਚ ਵਿਚਾਰੇ ਗਏ। ਗੁਰੂ ਨਾਨਕ ਸਾਹਿਬ ਨੇ ਆਪਣਾ ਮਿਸ਼ਨ ਇਕੱਲੇ ਹੀ ਆਰੰਭ ਕੀਤਾ,




**ਡਾ. ਸਤਿੰਦਰ ਪਾਲ ਸਿੰਘ**
**ਫੋਨ: 94159-60533**

ਇਕੱਲਿਆਂ ਹੀ ਬਾਈ ਸਾਲ ਯਾਤਰਾਵਾਂ ਕਰ ਦੁਨੀਆ ਦੇ ਲਗਭਗ ਹਰ ਕੋਨੇ ਤੱਕ ਆਪਣਾ ਸੁਨੇਹਾ ਪੁਚਾਇਆ। ਆਪ ਦੀ ਬੋਲੀ ਵਿਚ ਨਿਮਰਤਾ ਸੀ ਪਰ ਅਸਰ ਨਾਲ ਭਰਪੂਰ। ਆਪ ਦੇ ਤਰਕ ਮਿਠਾਸ ਨਾਲ ਭਰੇ ਸਨ ਪਰ ਅਕੱਟ ਸਨ। ਬਾਬਰ ਨੇ ਹਿੰਦੁਸਤਾਨ ਵਿਚ ਆ ਕੇ ਜਬਰ-ਜ਼ੁਲਮ ਢਾਇਆ ਤਾਂ ਗੁਰੂ ਨਾਨਕ ਸਾਹਿਬ ਨੇ ਉਸ ਦੀ ਤਾਕਤ ਦੀ ਪ੍ਰਵਾਹ ਕੀਤੇ ਬਿਨਾ ਉਸ ਨੂੰ 'ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ' ਭਰਪੂਰ ਚੁਣੌਤੀ ਦਿੱਤੀ। ਹਰਿਦੁਆਰ ਵਿਚ ਹਜ਼ਾਰਾਂ ਲੋਕਾਂ ਦੇ ਉਲਟ ਪੂਰਬ ਦੀ ਥਾਂ ਪੱਛਮ ਵੱਲ ਗੰਗਾ ਦਾ ਜਲ ਅਰਪਣ ਕਰਨ ਵਾਲੇ ਗੁਰੂ ਨਾਨਕ ਸਾਹਿਬ ਦੀ ਅਸਹਿਮਤੀ ਹਿੰਮਤ ਭਰੀ ਪਰ ਸ਼ਾਂਤਮਈ ਸੀ। ਮਾਇਆ ਦੇ ਹੰਕਾਰ ਸਾਹਮਣੇ ਗੁਰੂ ਸਾਹਿਬ ਭਾਈ ਲਾਲੋ ਜੀ ਦੇ ਨਾਲ ਖੜ੍ਹੇ ਵਿਖਾਈ ਦਿੱਤੇ। ਜਗਨਨਾਥ ਪੁਰੀ ਵਿਚ 'ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ' ਜਿਹੀ ਕਾਲਜਈ ਬਾਣੀ ਉਚਾਰ ਕੇ ਆਪ ਨੇ ਸਾਰੇ ਜਗਤ ਨੂੰ ਆਪਣੀ ਪਿਆਰ ਭਰੀ ਗਲਵੱਕੜੀ ਵਿਚ ਲੈ ਲਿਆ। ਪਖੰਡ, ਵਿਖਾਵੇ, ਫਰੇਬ, ਭਰਮ ਤੋਂ ਦੂਰ ਗੁਰੂ ਨਾਨਕ ਸਾਹਿਬ ਦੀ ਦੱਸੀ ਜੀਵਨ-ਜਾਚ ਸੰਜਮ, ਸਬਰ, ਸੰਤੋਖ ਤੇ ਭਰੋਸੇ ਦੇ ਚਾਰ ਥੰਮ੍ਹਾਂ 'ਤੇ ਖੜ੍ਹੀ ਸੀ ਜਿਸ ਨੇ ਸਮਾਜ ਦੀ ਨੁਹਾਰ ਹੀ ਬਦਲ ਦਿੱਤੀ। ਗੁਰੂ ਗੋਬਿੰਦ ਸਿੰਘ ਸਾਹਿਬ ਤੱਕ ਆਉਂਦਿਆਂ-ਆਉਂਦਿਆਂ ਇਹ ਜੀਵਨ ਜਾਚ ਮਨੁੱਖੀ ਹਿੱਤਾਂ ਦਾ ਇੱਕ ਠੋਸ ਆਧਾਰ ਬਣ ਗਈ।

ਗੁਰੂ ਨਾਨਕ ਸਾਹਿਬ ਦੀ ਬਖਸ਼ੀ ਜੀਵਨ-ਜਾਚ ਵਿਚ ਮਨੁੱਖ ਦੇ ਹਰ ਸਵਾਲ ਦਾ ਸੰਪੂਰਨ ਨਿਧਾਨ ਸੀ। ਗੁਰੂ ਨਾਨਕ ਸਾਹਿਬ ਦਾ ਸਿੱਖ, ਸਿਦਕ ਤੇ ਸਤ ਦਾ ਪ੍ਰਤੀਕ ਬਣ ਕੇ ਉਭਰਿਆ। ਇਹ ਸਾਬਿਤ ਕਰਨ ਲਈ ਗੁਰੂ ਦੇ ਸਿੱਖ ਨੇ ਤਿਆਗ ਦੀ ਨਵੀਂ ਪਰਿਭਾਸ਼ਾ ਲਿਖੀ, ਬਲਿਦਾਨ ਦਾ ਸੁਨਹਿਰੀ ਇਤਿਹਾਸ ਲਿਖਿਆ, ਮਨੁੱਖੀ ਹਿੱਤਾਂ ਲਈ ਕੁਰਬਾਨ ਹੋਣ ਦਾ ਅਦੁੱਤੀ ਜਜ਼ਬਾ ਪ੍ਰਗਟ ਕੀਤਾ। ਅੱਜ ਵੀ ਗੁਰੂ ਨਾਨਕ ਸਾਹਿਬ ਦਾ ਜੀਵਨ ਸਿੱਖ ਲਈ ਰੋਸ਼ਨ ਮੀਨਾਰ ਦੀ ਤਰ੍ਹਾਂ ਹੈ। ਕੋਈ ਵੀ ਅਜਿਹੀ ਸਥਿਤੀ ਨਹੀਂ ਹੈ ਜਿਸ ਤੋਂ ਉਭਰਨ ਲਈ ਗੁਰੂ ਸਾਹਿਬ ਦਾ ਜੀਵਨ ਸਹਾਇਕ ਨਾ ਹੋਵੇ। ਅੱਜ ਸਿੱਖ ਜੇ ਦੁਬਿਧਾ ਵਿਚ ਹੈ, ਦੁੱਖ ਵਿਚ ਹੈ, ਸੰਕਟ ਵਿਚ ਹੈ ਤਾਂ ਇਸ ਕਾਰਨ ਕਿ ਉਸ ਦੀ ਦ੍ਰਿਸ਼ਟੀ ਗੁਰੂ ਨਾਨਕ ਸਾਹਿਬ ਦੇ ਜੀਵਨ 'ਤੇ ਨਹੀਂ ਹੈ, ਉਸ ਦਾ ਮਨ ਗੁਰੂ ਸਾਹਿਬ ਦੀ ਬਾਣੀ ਨਾਲ ਜੁੜਿਆ ਹੋਇਆ ਨਹੀਂ ਹੈ। ਇਸ ਦਾ ਮੁੱਖ ਕਾਰਨ ਹੈ ਕਿ ਗੁਰੂ ਸਾਹਿਬ ਦੇ ਜੀਵਨ ਤੋਂ ਲਈ ਪ੍ਰੇਰਨਾ ਨੂੰ ਜੀਵਨ ਵਿਚ ਉਤਾਰਨਾ, ਗੁਰੂ ਸਾਹਿਬ ਦੀ ਬਾਣੀ ਨੂੰ ਜੀਵਨ ਦਾ ਆਧਾਰ ਬਣਾਉਣਾ ਖੰਡੇ ਦੀ ਧਾਰ 'ਤੇ ਚੱਲਣ ਜਿਹਾ ਔਖਾ ਹੈ। ਸਿੱਖੀ ਜੀਵਨ ਕਦਮ-ਕਦਮ, ਪਲ-ਪਲ ਪ੍ਰੀਖਿਆ ਦਾ ਜੀਵਨ ਹੈ। ਸਿੱਖੀ ਵਿਚ ਇੱਕ ਖਿਨ ਵੀ ਸਿਧਾਂਤਾਂ ਤੇ ਭਾਵਨਾ ਤੋਂ ਅਵੇਸਲਾ ਹੋਣ ਦੀ ਗੁੰਜਾਇਸ਼ ਨਹੀਂ ਹੈ।

ਗੁਰੂ ਨਾਨਕ ਸਾਹਿਬ ਨੇ ਸੱਚ ਨਾਲ ਜੋੜਿਆ। ਸੱਚ ਇੱਕ ਪਰਮਾਤਮਾ ਹੀ ਹੈ। ਬਾਕੀ ਸਭ ਕੁਝ ਮਿਥਿਆ ਹੈ। ਮਿਥਿਆ ਨਾਲ ਜੁੜਨਾ ਦੁੱਖ ਹੈ, ਪਰਮਾਤਮਾ ਨਾਲ ਮੇਲ ਸੁੱਖ ਹੈ। ਗੁਰੂ ਨਾਨਕ ਸਾਹਿਬ ਨੇ ਤੇਰਾ-ਤੇਰਾ ਕਿਹਾ। ਗੁਰੂ ਸਾਹਿਬ ਦੇ ਸਿੱਖ ਨੂੰ ਦੁੱਖ ਹੈ ਤਾਂ ਇਸ ਕਾਰਨ, ਕਿਉਂਕਿ ਉਸ ਨੇ ਤੇਰਾ-ਤੇਰਾ ਨੂੰ ਧਾਰਨ ਨਹੀਂ ਕੀਤਾ। ਗੁਰੂ ਅਰਜਨ ਸਾਹਿਬ ਮਨੁੱਖੀ ਬਿਰਤੀ ਨੂੰ ਜਾਣਦੇ ਸਨ ਤਾਂ ਹੀ ਉਨ੍ਹਾਂ ਸੁਚੇਤ ਕੀਤਾ ਸੀ 'ਜਬ ਲਗੁ ਮੇਰੀ ਮੇਰੀ ਕਰੈ॥ ਤਬ ਲਗੁ ਕਾਜੁ ਏਕੁ ਨਹੀ ਸਰੈ॥' ਕਿ ਮਿਥਿਆ ਦਾ ਮੋਹ ਜੀਵਨ ਵਿਚ ਸਦਾ ਨਿਰਾਸ਼ਾ ਪੈਦਾ ਕਰਨ ਵਾਲਾ ਹੈ। ਗੁਰੂ ਨਾਨਕ ਸਾਹਿਬ ਲੋਦੀ ਦੇ ਦੌਲਤਖਾਨੇ ਵਿਚ ਤੇਰਾ-ਤੇਰਾ ਕਰ ਤੋਲੀ ਤੇ ਵੰਡੀ ਗਏ ਪਰ ਕਦੇ ਵੀ ਘਾਟ ਨਾ ਪਈ। ਅੱਜ ਦਿਨ ਰਾਤ ਮੇਰਾ-ਮੇਰਾ ਕੀਤਾ ਜਾ ਰਿਹਾ, ਬੇਹਿਸਾਬ ਸੰਚਿਤ ਕੀਤਾ ਜਾ ਰਿਹਾ ਹੈ ਪਰ ਫਿਰ ਵੀ ਘਾਟ ਹੀ ਘਾਟ ਹੈ। ਗੁਰੂ ਨਾਨਕ ਸਾਹਿਬ ਦਾ ਤੇਰਾ ਤੇਰਾ ਪਰ ਹਿੱਤ ਸੀ ਜਿਸ ਲਈ ਦਇਆ, ਪ੍ਰੇਮ, ਸੰਵੇਨਸ਼ੀਲਤਾ ਜਿਹੇ ਗੁਣ ਹੋਣੇ ਚਾਹੀਦੇ ਹਨ। ਪਰਮਾਤਮਾ ਇਨ੍ਹਾਂ ਗੁਣਾਂ 'ਤੇ ਰਿਝਦਾ ਹੈ ਤੇ ਆਪਣੀ ਮਿਹਰ ਦੀ ਬਰਖਾ ਕਰਦਾ ਹੈ। ਮੇਰਾ ਮੇਰਾ ਤੰਗਦਿਲੀ, ਆਤਮ ਕੇਂਦ੍ਰਿਤ ਬਿਰਤੀ ਦਾ ਪ੍ਰਤੀਕ



ਹੈ ਤੇ ਪਰਮਾਤਮਾ ਤੋਂ ਬੇਮੁਖ ਹੋਣਾ ਹੈ। ਪਰਮਾਤਮਾ ਤਾਂ ਦਾਤਾ ਹੈ, ਦਾਤਾਂ ਵੰਡੀ ਜਾ ਰਿਹਾ ਹੈ, ਦਾਤਾਂ ਵੰਡ ਕੇ ਖੁਸ਼ ਹੋਣ ਵਾਲਾ ਹੈ। ਉਹ ਕਿਵੇਂ ਮੇਰਾ ਮੇਰਾ ਦਾ ਹਾਮੀ ਹੋਵੇਗਾ।

ਗੁਰੂ ਨਾਨਕ ਸਾਹਿਬ ਨੇ ਬਾਣੀ ਰਾਹੀਂ ਮਨੁੱਖਤਾ ਨੂੰ ਕਲਿਆਣ ਤੇ ਉਧਾਰ ਦਾ ਮਾਰਗ ਵਿਖਾਇਆ। ਆਪਣੀ ਬਾਣੀ ਵਿਚ ਗੁਰੂ ਸਾਹਿਬ ਨੇ ਸ੍ਰਿਸ਼ਟੀ ਦੇ ਸਾਰੇ ਰਹੱਸ ਖੋਲ੍ਹੇ ਤੇ ਪਰਮਾਤਮਾ ਦਾ ਸੱਚਾ ਸਵਰੂਪ ਉਜਾਗਰ ਕੀਤਾ। ਆਪ ਦੀ ਬਾਣੀ ਅਥਾਹ ਗਿਆਨ ਤੇ ਪ੍ਰੇਰਨਾ ਦਾ ਸਾਗਰ ਹੈ। ਪਰ ਫਿਰ ਵੀ ਗੁਰੂ ਸਾਹਿਬ ਨੇ ਆਪਣੀ ਬਾਣੀ ਦੀ ਕੋਈ ਵਡਿਆਈ ਆਪ ਨਹੀਂ ਲਈ ਤੇ ਆਪਣੀ ਬਾਣੀ ਨੂੰ 'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥' ਕਿਹਾ। ਲੋਕਾਈ ਗੁਰੂ ਨਾਨਕ ਸਾਹਿਬ ਦੇ ਜੀਵਨ ਕਾਲ ਵਿਚ ਹੀ ਉਨ੍ਹਾਂ ਦੀ ਮੁਰੀਦ ਬਣ ਗਈ ਪਰ ਗੁਰੂ ਸਾਹਿਬ ਨੇ ਆਪਣੀ ਪੂਜਾ ਨਹੀਂ ਕਰਾਈ, ਲੋਕਾਂ ਨੂੰ ਨਿਰਾਕਾਰ ਪਰਮਾਤਮਾ ਨਾਲ ਜੋੜਿਆ ਤੇ ਆਪਣੀ ਭੂਮਿਕਾ ਇੱਕ ਰਾਹ ਦਸੇਰੇ, ਸਖਾ, ਸੰਗੀ ਤੇ ਸਹਾਇਕ ਦੀ ਹੀ ਪ੍ਰਗਟ ਕੀਤੀ। ਅੱਜ ਦਾ ਸਿੱਖ ਕੀ ਗੁਰੂ ਸਾਹਿਬ ਦੇ ਇਸ ਜੀਵਨ ਢੰਗ ਤੋਂ ਪ੍ਰੇਰਨਾ ਲੈ ਰਿਹਾ ਹੈ। ਨਿੱਕੀ ਤੋਂ ਨਿੱਕੀ ਸੇਵਾ ਜਾਂ ਪ੍ਰਾਪਤੀ ਨੂੰ ਮਹਾਨ ਵਿਖਾਉਣ ਦੀ ਕੋਸ਼ਿਸ਼ ਹੋ ਰਹੀ ਹੈ ਜਿਸ ਕਾਰਨ ਆਪਸ ਦੀ ਈਰਖਾ, ਵਿਵਾਦ, ਝਗੜੇ ਪੈਦਾ ਹੋ ਰਹੇ ਹਨ। ਪਰਮਾਤਮਾ ਤੇ ਗੁਰੂ ਦੀ ਅਧੀਨਤਾ ਸਵੀਕਾਰ ਕਰਨ ਦੀ ਥਾਂ ਆਪਣੀ ਸੱਤਾ ਨੂੰ ਕਾਇਮ ਕਰਨ ਦੇ ਯਤਨ ਹੋ ਰਹੇ ਹਨ। ਇਹ ਯਤਨ ਸਿੱਖ ਪੰਥ ਅੰਦਰ ਟਕਰਾਅ ਦਾ ਕਾਰਨ ਬਣ ਰਹੇ ਹਨ। ਹੰਕਾਰ ਇਤਨਾ ਵਧ ਗਿਆ ਹੈ ਕਿ ਗੁਰੂ ਦੀ ਬਖਸ਼ੀ ਮਰਿਆਦਾ ਤਾਰ-ਤਾਰ ਹੋ ਰਹੀ ਹੈ। ਗੁਰੂ ਨੇ ਕਿਹਾ ਕਿ ਸੰਸਾਰ ਵਿਚ ਮਰ ਕੇ ਰਹਿਣਾ ਹੈ ਪਰ ਇਵੇਂ ਜੀਵਿਆ ਜਾ ਰਿਹਾ ਹੈ ਜਿਵੇਂ ਕਦੇ ਮਰਨਾ ਹੀ ਨਹੀਂ ਹੈ।

ਗੁਰੂ ਨਾਨਕ ਸਾਹਿਬ ਦਾ ਹੁਕਮ ਸੀ 'ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ॥ ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ॥ ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ॥' ਭਾਵ ਇੰਦ੍ਰੀਆਂ ਨੂੰ ਆਪਣੇ ਵੱਸ ਵਿਚ ਕਰ ਕੇ ਅੰਤਰ ਦ੍ਰਿਸ਼ਟੀ ਨਾਲ ਪਰਮਾਤਮਾ ਦਾ ਦਰਸ਼ਨ ਕਰਨਾ ਤੇ ਸੰਸਾਰ ਵਿਚ ਸੱਚ ਦੀ ਪਰਖ ਕਰਨਾ ਤਾਂ ਕਿ ਜੀਵਨ ਦਾ ਮਨੋਰਥ ਪ੍ਰਾਪਤ ਹੋ ਸਕੇ। ਇਹ ਕਠਿਨ ਜਪ-ਤਪ ਹੈ। ਪਰਮਾਤਮਾ ਦੀ ਭਗਤੀ, ਨਿਤਨੇਮ, ਇਸ ਸਿਧਤਾ ਲਈ ਹੀ ਕਰਨੀ ਹੈ। ਇਹ ਸਿੱਧਤਾ ਮਾਇਆ ਤੇ ਵਿਕਾਰਾਂ ਤੋਂ ਦੂਰ ਕਰ ਨਿਮਾਣਾ ਬਣਾਉਣ ਦਾ ਮਾਰਗ ਹੈ ਜਿਸ ਨੂੰ ਗੁਰੂ ਨਾਨਕ ਸਾਹਿਬ ਨੇ ਜੀਵਤ ਮ੍ਰਿਤਕ ਕਿਹਾ। ਇਹ ਆਪਣੇ ਅੰਦਰ ਕਿਸੇ ਵੀ ਕਾਮਨਾ ਦਾ ਨਾ ਰਹਿ ਜਾਣਾ ਨਿਰਲੇਪ ਹੋ ਜਾਣਾ ਹੈ। ਭਾਈ ਲਹਿਣਾ ਜੀ ਨੇ ਸਾਰਾ ਕੁੱਝ ਗੁਆ ਕੇ ਗੁਰੂ ਨਾਨਕ ਸਾਹਿਬ ਦੀ ਸੇਵਾ ਕੀਤੀ। ਅੱਜ ਤਾਂ ਨਿੱਤਨੇਮ, ਭਗਤੀ ਨੂੰ ਆਪਣੀਆਂ ਕਾਮਨਾਵਾਂ ਦੀ ਪੂਰਤੀ ਦਾ ਮਾਧਿਅਮ ਬਣਾ ਲਿਆ ਗਿਆ ਹੈ। ਗੁਰੂ ਘਰ ਦੀ ਸੇਵਾ ਗੁਰੂ ਦਾ ਹੋ ਜਾਣ ਲਈ ਨਹੀਂ ਸਗੋਂ ਗੁਰੂ ਤੋਂ ਕੁੱਝ ਪ੍ਰਾਪਤ ਕਰਨ ਲਈ ਹੈ। ਭਾਈ ਲਹਿਣਾ ਜੀ ਨੇ ਜੀਵਨ ਦੇ ਮਾਤਰ ਸੱਤ ਸਾਲ ਗੁਰੂ ਨਾਨਕ ਸਾਹਿਬ ਦਾ ਸੰਗ ਮਾਣਿਆ ਤੇ ਜੀਵਨ-ਜਾਚ ਸਿਖ ਲਈ, ਕਿਉਂਕਿ ਉਨ੍ਹਾਂ ਅੰਦਰ ਔਖੇ ਮਾਰਗ ਤੇ ਚੱਲਣ ਦਾ ਸੰਕਲਪ ਸੀ। ਭਾਈ ਲਹਿਣਾ ਜੀ ਨੇ ਇਨ੍ਹਾਂ ਸੱਤ ਸਾਲਾਂ ਵਿਚ ਵੇਖਿਆ ਤੇ ਕੇਵਲ ਗੁਰੂ ਨਾਨਕ ਸਾਹਿਬ ਨੂੰ, ਸੁਣਿਆ ਤੇ ਕੇਵਲ ਗੁਰੂ ਸਾਹਿਬ ਦੀ ਬਾਣੀ ਨੂੰ, ਚੱਲੇ ਤੇ ਕੇਵਲ ਗੁਰੂ ਸਾਹਿਬ ਦੇ ਦਰਸਾਏ ਮਾਰਗ ਤੇ, ਕੀਤੀ ਤੇ ਕੇਵਲ ਸੱਚ ਦੀ ਕਮਾਈ, ਬੋਲੇ ਤਾਂ ਕੇਵਲ ਗੁਰੂ ਸਾਹਿਬ ਦੇ ਬੋਲ। ਅੱਜ ਲੱਭਣੇ ਪੈਣਗੇ ਅਜਿਹੇ ਸਿੱਖ ਜੋ ਇਸ ਜੁਗਤ ਨੂੰ ਆਪਣੇ ਜੀਵਨ ਵਿਚ ਉਤਾਰਨ ਦੀ ਕੋਸ਼ਿਸ਼ ਵੀ ਕਰ ਰਹੇ ਹੋਣ। ਅੱਜ ਬਸ ਆਪਣੇ-ਆਪ ਨੂੰ ਵੇਖਿਆ ਜਾ ਰਿਹਾ ਹੈ, ਆਪਣੇ-ਆਪ ਨੂੰ ਵਿਖਾਉਣ ਦੀ ਹੋੜ ਲੱਗੀ ਹੋਈ ਹੈ, ਆਪਣੀ ਹੀ ਸੁਣਾਈ ਜਾ ਰਹੀ ਹੈ। ਗੁਰੂ ਨਾਨਕ ਸਾਹਿਬ ਨੇ ਅਜਿਹੇ ਸਿੱਖ ਦੀ ਕਲਪਨਾ ਨਹੀਂ ਕੀਤੀ ਸੀ ਜੋ ਆਪਣੀ ਇੰਦ੍ਰੀਆਂ ਦਾ ਦਾਸ ਬਣ ਕੇ ਜੀਵਨ ਬਤੀਤ ਕਰੇ।

ਇੰਦ੍ਰੀਆਂ ਮਨ ਦਾ ਮੰਨਦੀਆਂ ਹਨ। ਮਨ ਚੰਚਲ ਹੈ। ਮਨ ਜੋ ਚਾਹੁੰਦਾ ਹੈ ਇੰਦ੍ਰੀਆਂ ਉਹ ਹੀ ਵੇਖਦੀਆਂ, ਸੁਣਦੀਆਂ ਤੇ ਕਰਦੀਆਂ ਹਨ। ਮਨ ਵਿਚ ਮਾਇਆ, ਵਾਸਨਾਵਾਂ ਦੀਆਂ ਤਰੰਗਾਂ ਉਠ ਰਹੀਆਂ ਹਨ ਤਾਂ ਇੰਦ੍ਰੀਆਂ ਸੇਵਕ ਵਾਂਗੂੰ ਉਸ ਦੀ ਪੂਰਤੀ ਵਿਚ ਲੱਗ ਜਾਂਦੀਆਂ ਹਨ। ਗੁਰੂ ਨਾਨਕ ਸਾਹਿਬ ਨੇ ਮਨ ਨੂੰ ਮੂਲ ਨਾਲ ਜੋੜਨ ਲਈ ਪ੍ਰੇਰਿਤ ਕੀਤਾ ਕਿ 'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥' ਭਾਵ ਪਰਮਾਤਮਾ ਨਾਲ ਆਪਣੇ ਸੰਬੰਧ ਨੂੰ ਜਾਣੋ ਤੇ ਉਸ ਸਬੰਧ ਨੂੰ ਜਿਸ ਨੂੰ ਮਾਇਆ ਤੇ ਵਿਕਾਰਾਂ ਨੇ ਤੋੜ ਦਿੱਤਾ ਹੈ, ਪੁਨਰ ਸੁਰਜੀਤ ਕਰੋ। ਸਿੱਖ ਦੀ ਭਗਤੀ ਮਨ ਨੂੰ ਵੱਸ ਵਿਚ ਕਰਨ ਦੀ ਹੈ, ਸੰਸਾਰਕ ਲੋੜਾਂ, ਮੰਗਾਂ ਪ੍ਰਾਪਤ ਕਰਨ ਲਈ ਨਹੀਂ। ਗੁਰੂ ਅਮਰਦਾਸ ਸਾਹਿਬ ਨੇ ਵਚਨ ਕੀਤਾ 'ਨਦਰੀ ਇਹੁ ਮਨੁ ਵਸੁ ਆਵੈ ਨਦਰੀ ਮਨੁ ਨਿਰਮਲੁ ਹੋਇ॥', ਸਿੱਖ ਪਰਮਾਤਮਾ ਦੀ ਮਿਹਰ ਮੰਗਦਾ ਹੈ ਕਿ ਮਨ ਮਾਇਆ, ਵਿਕਾਰਾਂ ਤੋਂ ਉਬਰ ਜਾਵੇ ਤੇ ਸੱਚ ਧਾਰਨ ਕਰਨ ਜੋਗ ਹੋ ਜਾਵੇ। ਮਨ ਨਿਰਮਲ ਹੋਵੇਗਾ ਤਾਂ ਨੇਤਰਾਂ ਬਿਨਾ ਹੀ ਉਹ ਅੰਤਰ ਦ੍ਰਿਸ਼ਟੀ ਨਾਲ ਪਰਮਾਤਮਾ ਦੇ ਨਿਰਾਕਾਰ ਰੂਪ ਦੇ ਦਰਸ਼ਨ ਕਰ ਸਕੇਗਾ, ਉਹ ਕੰਨਾਂ ਬਿਨਾ ਹੀ ਸੰਸਾਰ ਦਾ ਸਰਵ ਸ੍ਰੇਸ਼ਟ ਨਾਦ-ਅਨਹਦ ਨਾਦ ਸੁਣ ਸਕੇਗਾ। ਮਨ ਦੇ ਉੱਦਮ ਨਾਲ ਉਹ ਪਰਮਾਤਮਾ ਦੇ ਮਾਰਗ ਤੇ ਚੱਲ ਸਕੇਗਾ ਤੇ ਸੱਚੀ ਕਿਰਤ ਕਰ ਸਕੇਗਾ। ਮਨ ਦੀ ਅਵਸਥਾ ਹੀ ਨਿਮਰਤਾ ਦ੍ਰਿੜ੍ਹ ਕਰੇਗੀ। ਮਨ ਦੀ ਸਾਰ ਪਰਮਾਤਮਾ ਆਪ ਜਾਣਦਾ ਹੈ। ਮਨ ਨਿਰਮਲ ਤੇ ਪਰਮਾਤਮਾ ਨੂੰ ਸਮਰਪਿਤ ਹੈ ਤਾਂ ਹੀ ਤੇਰਾ ਤੇਰਾ ਹੈ। ਮਨ ਅੰਦਰ ਮਾਇਆ, ਵਿਕਾਰਾਂ ਦਾ ਬਿਖ ਹੈ ਤਾਂ ਮੇਰਾ ਮੇਰਾ ਦਾ ਸ਼ੋਰ ਗਹਿਰਾ ਤਾਪ ਬਣ ਕੇ ਸੰਤਾਪ ਦਿੰਦਾ ਰਹਿੰਦਾ ਹੈ।

ਨਾਮ ਜਪਣਾ, ਨਿਤਨੇਮ ਕਰਨਾ ਇੰਦ੍ਰੀਆਂ ਜਿੱਤ ਕੇ ਤੇਰਾ ਤੇਰਾ ਦਾ ਸੰਕਲਪ ਧਾਰਨ ਕਰਨਾ ਹੈ। ਧਰਮ ਕਰਮ ਮਨ ਦੀ ਨਿਰਮਲਤਾ ਪ੍ਰਾਪਤ ਕਰਨਾ ਹੈ। ਇਹ ਔਖਾ ਹੈ ਪਰ ਆਨੰਦ ਦਾ ਇੱਕੋ-ਇੱਕ ਮਾਰਗ ਹੈ। ਇਹ ਹੀ ਬਲ ਤੇ ਹਿੰਮਤ ਦਿੰਦਾ ਹੈ ਸੱਚ ਲਈ ਖੜੇ ਹੋਣ ਦੀ। ਇਸ ਵਿਚ ਹੀ ਸਿੱਖ ਪੰਥ ਦੀ ਚੜ੍ਹਦੀ ਕਲਾ ਹੈ।

# ...ਤਾਰਿਆਂ ਦੀ ਛਾਵੇਂ ਸੌਣਾ ਭੁੱਲ ਗਏ

ਆਇਆ ਹੈ ਅੱਜ ਫੇਰ ਯਾਦ ਵੋ ਜ਼ਾਲਮ ਗੁਜ਼ਰਾ ਜ਼ਮਾਨਾ ਬਚਪਨ ਕਾ

ਉਪਰੋਕਤ ਗੀਤ ਸੁਣ ਕੇ ਅਤੇ ਇਸ ਦਾ ਫ਼ਿਲਮਾਂਕਣ ਵੇਖ ਕੇ ਬੈਠੇ-ਬੈਠੇ ਬਚਪਨ ਇਕ ਪੀਂਘ ਦੇ ਹੁਲਾਰੇ ਦੀ ਤਰ੍ਹਾਂ ਚੇਤੇ ਆ ਗਿਆ। ਇਸ ਗੀਤ ਵਿਚ ਸਾਂਝੇ ਪੰਜਾਬ ਦੀ ਕਹਾਣੀ ਹੈ। ਸਾਡੇ ਦੇਸ਼ ਨੇ 'ਆਜ਼ਾਦੀ' ਬਾਅਦ ਅਜਿਹੀ ਤਰੱਕੀ ਕੀਤੀ ਕਿ ਇਹਨੇ ਸਾਡੀ ਵਿਰਾਸਤ ਹੀ ਨਿਗਲ ਲਈ। ਇਹ ਤਾਂ ਉਹ ਗੱਲ ਹੋਈ 'ਭੱਠ ਪਵੇ ਸੋਨਾ, ਜਿਹੜਾ ਕੰਨਾਂ ਨੂੰ ਖਾਵੇ' ਹਾਂ, ਪਾਕਿਸਤਾਨੀ ਪੰਜਾਬ ਵਿਚ ਅਜੇ ਵੀ ਇਹ ਸਾਰਾ ਕੁਝ ਜਿਉਂ ਦਾ ਤਿਉਂ ਦੇਖਣ ਨੂੰ ਮਿਲਦਾ ਹੈ। ਬਿਨਾਂ ਟੀਪ ਕੀਤੇ, ਮਿੱਟੀ-ਗਾਰੇ ਵਾਲੇ ਵੱਡੇ-ਵੱਡੇ ਘਰ ਨਜ਼ਰ



**ਕੁਲਦੀਪ ਧਨੌਲਾ**
**ਫੋਨ: 94642-91023**

ਆਉਂਦੇ ਹਨ। ਕੜੀਆਂ, ਬਾਲਿਆਂ ਅਤੇ ਲਟੈਣਾਂ ਵਾਲੀਆਂ ਛੱਤਾਂ ਵਿਚ ਚਿੜੀਆਂ, ਕਬੂਤਰ, ਘੁੱਗੀਆਂ, ਗਟਾਰਾਂ ਉੱਡਦੀਆਂ ਆਲ੍ਹਣੇ ਪਾਉਂਦੀਆਂ ਦਿਖਾਈ ਦਿੰਦੀਆਂ ਸਨ। ਸਣ ਦੇ ਕੱਢੇ ਹੋਏ ਗਰੁਨਿਆਂ ਦੀਆਂ ਤੀਲਾਂ ਵਿਚ ਰਹਿ ਗਏ ਸਣ ਦੇ ਟੁਕੜੇ ਚੁੱਕ-ਚੁੱਕ ਕੇ ਚਿੜੀਆਂ ਆਲ੍ਹਣੇ ਪਾਉਂਦੀਆਂ ਚਿੜੀਆਂ ਦਿਖਾਈ ਦਿੰਦੀਆਂ ਹਨ। ਫੇਰ ਇਨ੍ਹਾਂ ਤੀਲ੍ਹਾਂ ਨਾਲ ਜਦੋਂ ਚੁੱਲ੍ਹੇ ਵਿਚ ਅੱਗ ਮਚਾਈ ਜਾਂਦੀ ਸੀ ਤਾਂ ਤੀਲ੍ਹਾਂ ਵਿਚੋਂ ਨਿਕਲਦਾ ਧੂੰਆਂ ਮੂੰਹ ਰਾਹੀਂ ਅੰਦਰ ਲੰਘਾ ਕੇ ਨਾਸਾਂ ਥਾਈਂ ਕੱਢਿਆ ਵੀ ਹਰੇਕ ਦੇ ਚੇਤੇ ਆਉਂਦਾ ਹੋਵੇਗਾ।

ਪਰ ਅਸੀਂ ਤਾਂ ਆਧੁਨਿਕਤਾ ਦੇ ਨਾਂ ਉੱਤੇ ਪਲੱਸਤਰਾਂ, ਟਾਈਲਾਂ ਤੇ ਦਰਵਾਜ਼ਿਆਂ ਉੱਤੋਂ ਦੀ ਦੂਹਰੇ ਜਾਲੀਆਂ ਵਾਲੇ ਦਰਵਾਜ਼ਿਆਂ ਨਾਲ ਆਪਣੇ ਆਪ ਨੂੰ ਬੈਠਕਾਂ ਵਿਚ 'ਕੈਦ' ਕਰ ਲਿਆ ਹੈ। ਇਸ ਤਰ੍ਹਾਂ 'ਬੰਦ' ਬੈਠਕਾਂ ਵਿਚ ਜਿੱਥੇ ਮੱਛਰ-ਮੱਖੀ ਤਕ ਅੰਦਰ ਨੀ ਆ ਸਕਦੇ, ਉੱਥੇ ਪੰਛੀਆਂ ਦੀ ਤਾਕਤ ਐ, ਅੰਦਰ ਲੰਘ ਆਉਣ। ਇਸੇ ਕਾਰਨ ਇਨ੍ਹਾਂ ਦੀ ਗਿਣਤੀ ਘਟ ਗਈ ਹੈ। ਕਈ ਨਸਲਾਂ ਤਾਂ ਖ਼ਤਮ ਹੋ ਚੱਲੀਆਂ ਹਨ।

ਪਿੰਡ ਘਰ ਨੂੰ ਲੱਗੀ ਟੰਬਿਆਂ ਵਾਲੀ ਪੌੜੀ ਯਾਦ ਆ ਗਈ, ਜਿਸ ਉੱਤੇ ਚੜ੍ਹਨ ਦਾ ਯਤਨ ਕਰਦਿਆਂ ਨੇ ਅਨੇਕਾਂ ਵਾਰ ਸੱਟਾਂ ਖਾਧੀਆਂ ਸੀ। ਸ਼ਤੀਰੀਆਂ ਵਾਲੀ ਛੱਤ ਵਿਚੋਂ ਦੀ ਚਿਉਂਦੇ ਮੀਂਹ ਦੇ ਪਾਣੀ ਨੂੰ ਇਹਦੇ ਹੀ ਸਹਾਰੇ ਬੋਰੀ ਦੀ ਝੁੰਬੀ ਬਣਾ ਕੇ ਬੰਦ ਕਰਨ ਲਈ ਚੜ੍ਹੀਦਾ ਸੀ। ਬਨੇਰੇ ਵਿਚ ਮੰਜਾ ਟੰਗ ਕੇ ਫੇਰ ਉਪਰ ਜਾ ਕੇ ਖਿੱਚ ਲੈਣਾ ਤੇ ਰਾਤ ਨੂੰ ਕਈ ਵਾਰੀ ਮੀਂਹ ਆਉਣ ਤੇ ਇਸੇ ਤਰੀਕੇ ਥੱਲੇ ਲੈ ਆਉਂਦੇ ਸੀ। ਇਹ ਕੋਈ ਸਾਡੇ ਘਰ ਜਾਂ ਮੇਰੀ ਕਹਾਣੀ ਨਹੀਂ, ਇਹ ਘਰ-ਘਰ ਦੀ ਕਹਾਣੀ ਸੀ। ਨਿੱਕੇ ਹੁੰਦਿਆਂ ਨੂੰ ਸਾਈਕਲ ਦਾ ਟਾਇਰ ਮਿਲ ਜਾਂਦਾ ਤਾਂ ਉਸੇ ਨੂੰ 'ਵਡਮੁੱਲੀ' ਖੇਡ ਸਮਝ ਕੇ ਡੰਡੇ ਨਾਲ ਭਜਾਈਂ ਫਿਰਦੇ ਸੀ। ਲੱਕੜ ਦੇ ਟਰੈਕਟਰਾਂ ਉੱਤੇ ਝੂਟੀਆਂ ਲੈਣੀਆਂ, ਗੁੱਲੀ ਡੰਡਾ, ਬਾਂਦਰ ਕੀਲਾ, ਖੋ-ਖੋ, ਹਾਕੀ, ਫੁੱਟਬਾਲ, ਬਾਸਕਟਬਾਲ ਅਤੇ ਕਬੱਡੀ ਆਦਿ ਹੀ ਖੇਡਾਂ ਹੁੰਦੀਆਂ ਸਨ। ਹੁਣ ਤਾਂ ਜੰਮਦੇ ਬੱਚੇ ਦੇ ਹੱਥ ਵਿਚ ਬੈਟ ਹੀ ਨਜ਼ਰ ਆਉਂਦਾ ਹੈ। ਬਾਕੀ ਖੇਡਾਂ ਤਾਂ ਵਿਸਾਰ ਹੀ ਦਿੱਤੀਆਂ ਹਨ। ਸਾਈਕਲ ਦੀ ਅੱਧੀ ਕੈਂਚੀ ਸਿੱਖ ਕੇ ਮਾਊਂਟਐਵਰੈਸਟ ਦੀ ਚੋਟੀ ਸਰ ਕਰਨ ਜਿੰਨਾ ਚਾਅ ਚੜ੍ਹ ਜਾਂਦਾ ਸੀ।

ਰਲਾ ਸਿੰਘ ਬਰਨ ਦੀ ਬੈਠਕ ਵਿਚ ਲਗਦੀ ਲੇਖੂ ਤਾਏ ਦੀ ਹੱਟੀ ਦਾ ਰੂੰਗਾ ਯਾਦ ਆਉਂਦਾ ਹੈ। ਅੱਜ ਦੇ ਬੱਚਿਆਂ ਨੂੰ ਇਹੀ ਪਤਾ ਨਹੀਂ ਕਿ ਰੂੰਗਾ ਹੁੰਦਾ ਕੀ ਹੈ? ਗਲਿਆਂ ਦੀ ਕੰਧ ਨਾਲ ਲਗਦੀ ਚੰਦ ਕੁਰ ਤਾਈ ਦੀ ਭੱਠੀ ਅੱਖਾਂ ਮੂਹਰੇ ਆ ਗਈ, ਜਿੱਥੇ ਆਥਣ ਵੇਲੇ ਦਾਣੇ ਭੁਨਾਉਣ ਵਾਲਿਆਂ ਦੀ ਭੀੜ ਹੁੰਦੀ ਸੀ ਤੇ ਲੋਹੜੀ ਦੇ ਦਿਨਾਂ ਵਿਚ ਆਥਣ ਦੀ ਥਾਂ ਉਸ ਨੂੰ ਭੱਠੀ ਸਵੇਰੇ ਚੜ੍ਹਾਉਣੀ ਪੈਂਦੀ ਸੀ। ਮੱਕੀ ਦੀਆਂ ਖਿੱਲਾਂ, ਮੁਰਮਰੇ, ਬਾਜਰੇ ਦੀਆਂ ਖਿੱਲਾਂ ਦੇ ਭੁਤ ਪਿੰਨੇ, ਮੂੰਗਫਲੀ, ਛੋਲਿਆਂ ਦੇ ਦਾਣੇ ਮੂੰਹੋਂ ਨਹੀਂ ਲਹਿੰਦੇ ਸਨ। ਇਸੇ ਕਰਕੇ ਤਾਂ ਸ਼ਿਵ ਬਟਾਲਵੀ ਨੇ ਲਿਖਿਆ ਸੀ 'ਤੈਨੂੰ ਦਿਆਂ ਹੰਝੂਆਂ ਦਾ ਭਾੜਾ, ਨੀ ਪੀੜਾਂ ਦਾ ਪਰਾਗਾ ਭੁੰਨ ਦੇ, ਨੀ ਭੱਠੀ ਵਾਲੀਏ...।

ਪਿੰਡ ਭੈਣੀ ਵਿਹੜੇ ਇਲਾਕੇ ਵਿਚੋਂ ਗਲੀ ਵਿਚ ਸੁੱਤੇ ਬਜ਼ੁਰਗ ਨੂੰ ਰਾਤ ਨੂੰ ਚੁੱਕ ਕੇ ਕੋਈ ਲੈ ਗਿਆ ਸੀ, ਮੁੜ ਬਜ਼ੁਰਗ ਦੀ ਭਾਫ ਨਾ ਨਿਕਲੀ। ਇਸ ਤਰ੍ਹਾਂ ਦੀਆਂ ਇੱਕਾ-ਦੁੱਕਾ ਘਟਨਾਵਾਂ ਨੇ ਲੋਕਾਂ ਅੰਦਰ ਦਹਿਸ਼ਤ ਪੈਦਾ ਕਰ ਦਿੱਤੀ ਤੇ ਲੋਕ ਗਲੀਆਂ, ਕੋਠਿਆਂ ਅਤੇ ਵਿਹੜਿਆਂ ਨੂੰ ਛੱਡ ਕਮਰਿਆਂ, ਬੈਠਕਾਂ ਵਿਚ 'ਕੈਦ' ਹੋ ਕੇ ਸੌਣ ਲੱਗ ਪਏ।



ਉਨ੍ਹਾਂ ਵੇਲਿਆਂ ਵਿਚ ਸਿਆਣੇ ਬਜ਼ੁਰਗਾਂ ਦੇ ਮੰਜੇ ਗਲੀਆਂ ਵਿਚ ਤੇ ਹੋਰਨਾਂ ਦੇ ਵਿਹੜਿਆਂ ਅਤੇ ਕੋਠਿਆਂ ਉੱਤੇ ਹੋਇਆ ਕਰਦੇ ਸਨ। ਰਾਤ ਨੂੰ ਰਾਮ ਲੀਲ੍ਹਾ ਵੇਖ ਕੇ ਆਉਣਾ ਤੇ ਕਿਸੇ ਦੇ ਘਰ ਨੂੰ ਨਵੀਂ ਲੱਗੀ ਘੰਟੀ ਵਜਾਉਣ ਦਾ ਵੱਖਰਾ ਹੀ ਸੁਆਦ ਆਉਂਦਾ ਸੀ ਪਰ ਕਈ ਸ਼ਰਾਰਤੀ ਤਾਂ ਘੰਟੀ ਵਿਚ ਡੱਕਾ ਹੀ ਫਸਾ ਦਿੰਦੇ ਸਨ। ਟੰਬਿਆਂ ਵਾਲੀ ਪੌੜੀ ਰਾਹੀਂ ਕੋਠੇ ਉੱਤੇ ਸੌਣ ਦਾ ਨਜ਼ਾਰਾ ਵੱਖਰਾ ਹੀ ਸੀ। ਰਾਤ ਨੂੰ ਪੈਣ ਸਮੇਂ ਆਂਢੀਆਂ-ਗੁਆਂਢੀਆਂ ਨਾਲ ਬਾਤਾਂ ਪਾਈ ਜਾਣੀਆਂ। ਫੇਰ ਗਲੀਆਂ ਵਿਚ ਸੌਣਾ ਹਟਦੇ-ਹਟਦੇ ਲੋਕ ਕੋਠਿਆਂ ਉੱਤੇ ਵੀ ਸੌਣਾ ਛੱਡ ਗਏ। ਮੈਨੂੰ ਚੇਤੇ ਹੈ ਸਾਡੇ

ਸਾਢੇ ਕੁ ਤਿੰਨ ਦਹਾਕੇ ਪਹਿਲਾਂ ਜਦੋਂ ਚੰਡੀਗੜ੍ਹ ਪੈਰ ਪਾਇਆ ਤਾਂ ਇੱਥੇ ਵੀ ਰਾਤਾਂ ਕਮਰਿਆਂ ਵਿਚ ਹੀ ਕੱਟੀਆਂ। ਫਲੈਟਾਂ ਵਾਲੇ ਬਹੁਤੇ ਮਕਾਨ ਹੇਠਲੀ ਮੰਜ਼ਿਲ ਵਾਲੇ ਹੀ ਸਨ ਤੇ ਇਨ੍ਹਾਂ ਦੀਆਂ ਛੱਤਾਂ ਉੱਤੇ ਚੜ੍ਹਨਾ ਬਹੁਤ ਔਖਾ ਸੀ ਕਿਉਂਕਿ ਚੰਡੀਗੜ੍ਹ ਹਾਊਸਿੰਗ ਬੋਰਡ ਨੇ ਛੱਤ ਨੂੰ ਪੌੜੀ ਚੜ੍ਹਾਉਣ ਦੀ ਥਾਂ ਪਿੰਡਾਂ ਵਿਚ ਹਾਰੇ ਵਿਚੋਂ ਧੂੰਆਂ ਨਿਕਲਣ ਲਈ ਇਕ ਚਿਮਨੀ ਵਰਗਾ ਮੋਘਾ ਜਿਹਾ ਰੱਖਿਆ ਹੋਇਆ ਹੈ, ਜਿਸ ਦੇ ਵਿਚੋਂ ਦੀ ਤੁਸੀਂ ਪਾਣੀ ਦਾ ਟੈਂਕੀ ਦੀ ਖ਼ਰਾਬੀ ਦੇਖਣ ਹੀ ਚੜ੍ਹ ਸਕਦੇ ਹੋ। ਹੋਰ ਤਾਂ ਹੋਰ ਸਿਰਫ਼ ਇਕ ਜਾਂ ਦੋ ਇੱਟਾਂ ਦੇ ਰੱਦੇ ਦਾ ਹੀ ਬਨੇਰਾ ਬਣਾਇਆ ਹੋਇਆ ਹੈ, ਅਨੇਕਾਂ ਬੱਚੇ ਪਤੰਗ ਚੜ੍ਹਾਉਂਦੇ ਇਨ੍ਹਾਂ ਬਨੇਰਿਆਂ ਤੋਂ ਥੱਲੇ ਡਿੱਗ ਕੇ ਜਾਨਾਂ ਗੁਆ ਚੁੱਕੇ ਹਨ ਪਰ ਹਾਊਸਿੰਗ ਬੋਰਡ ਨੇ ਕੋਈ ਸਬਕ ਨਹੀਂ ਸਿੱਖਿਆ।

ਅਸੀਂ ਜਦੋਂ ਸਿਖਰਲੀ ਮੰਜ਼ਿਲ ਵਾਲਾ ਮਕਾਨ ਖਰੀਦਿਆ ਤਾਂ ਉਹਦਾ ਵੀ ਓਹੀ ਹਾਲ ਸੀ। ਗੁਆਂਢੀਆਂ ਨਾਲ ਗੱਲ ਕੀਤੀ, ਉਹ ਵੀ ਇਸ ਮੋਘੇ ਵਾਲੇ ਰਾਹ ਤੋਂ ਤੰਗ ਸੀ ਪਰ ਇਸ ਦੀ ਥਾਂ ਪੌੜੀਆਂ ਚੜ੍ਹਾਉਣ ਲਈ ਸਾਡੇ ਵਾਲਾ ਮਕਾਨ ਮਾਲਕ ਹਾਮੀ ਨਹੀਂ ਭਰਦਾ ਸੀ। ਜਦੋਂ ਅਸੀਂ ਉਨ੍ਹਾਂ ਨਾਲ ਮੋਘੇ ਦੀ ਥਾਂ ਪੌੜੀਆਂ ਚੜ੍ਹਾਉਣ ਦੀ ਗੱਲ ਤੋਰੀ ਤਾਂ ਉਨ੍ਹਾਂ ਨੂੰ ਚਾਅ ਚੜ੍ਹ ਗਿਆ। ਮੁੱਕਦੀ ਗੱਲ ਦੋਵਾਂ ਘਰਾਂ ਨੇ ਰਲ ਕੇ ਪੌੜੀ ਚੜ੍ਹਾ ਲਈ ਤੇ ਉਪਰ ਚਾਰਦੀਵਾਰੀ ਕਰਕੇ ਛੱਤ ਉੱਤੇ ਟਾਈਲਾਂ ਵੀ ਲਈਆਂ। ਇਸ ਤਰ੍ਹਾਂ ਹੁਣ ਮੱਲੋ-ਮੱਲ੍ਹੀ ਛੱਤ ਉੱਤੇ ਚੜ੍ਹਨ ਨੂੰ ਜੀਅ ਕਰਦਾ ਹੈ। ਮੈਂ ਕੂਲਰ ਅਤੇ ਏ.ਸੀ. ਵਾਲੇ ਕਮਰੇ ਵਿਚ ਘੱਟ ਹੀ ਸੌਂ ਕੇ ਰਾਜ਼ੀ ਹਾਂ, ਕਿਉਂਕਿ ਇਨ੍ਹਾਂ ਕਮਰਿਆਂ ਵਿਚੋਂ ਸਵੇਰੇ ਉੱਠਣਾ ਬਹੁਤ ਔਖਾ ਹੈ। ਪਰ ਅੱਜ-ਕੱਲ੍ਹ ਦੀ ਪੀੜ੍ਹੀ ਦਾ ਬਚਪਨ ਤਾਂ ਬੀਤਿਆ ਹੀ ਕਮਰਿਆਂ ਵਿਚ ਹੈ, ਉਨ੍ਹਾਂ ਨੂੰ ਤਾਰਿਆਂ ਦੀ ਛਾਂ ਥੱਲੇ ਪੈਣਾ ਅਜੀਬ ਜਾਪਦਾ ਹੈ। ਜਦੋਂ ਨਾਲ ਲਗਦੇ ਘਰਾਂ ਦੀਆਂ ਛੱਤਾਂ ਉੱਤੇ ਨਜ਼ਰ ਮਾਰਦਾ ਹਾਂ ਤਾਂ ਕੋਈ ਮੰਜਾ ਨਜ਼ਰ ਨਹੀਂ ਆਉਂਦਾ, ਇੰਜ ਜਾਪਦਾ ਹੈ ਜਿਵੇਂ ਕੋਈ ਰੋਹੀ ਬੀਆਬਾਨ ਹੋਵੇ।

ਸੋ ਇਸ ਕਰਕੇ ਆਪਾਂ ਆਪਣੇ ਬਚਪਨ ਵੱਲ ਮੋੜਾ ਕੱਟਦਿਆਂ ਕੋਠੇ ਉੱਤੇ ਮੰਜਾ ਚਾੜ੍ਹ ਲਈਦਾ ਹੈ। ਘਰ ਦੇ ਨੇੜੇ ਮੁਹਾਲੀ ਵਾਲਾ ਹਵਾਈ ਅੱਡਾ ਹੋਣ ਕਰਕੇ ਚੜ੍ਹਦੇ-ਉਤਰਦੇ ਜਹਾਜ਼ ਨਜ਼ਰ ਪੈਂਦੇ ਹਨ। ਚੰਡੀਗੜ੍ਹ, ਮੁਹਾਲੀ ਵਾਲੀ ਅੰਮ੍ਰਿਤਸਰ ਨੂੰ ਜਾਂਦੀ-ਆਉਂਦੀ ਰੇਲ ਗੱਡੀ ਦੀ ਆਵਾਜ਼ ਕੰਨੀਂ ਪੈਂਦੀ ਹੈ। ਨਾ ਕੂਲਰ, ਨਾ ਏ.ਸੀ. ਤੋਂ ਬਿਨਾਂ ਰਾਤ ਨੂੰ ਤਾਰਿਆਂ ਦੀ ਛਾਂ ਥੱਲੇ ਸੌਣ ਦਾ ਨਜ਼ਾਰਾ ਹੀ ਵੱਖਰਾ ਹੈ, ਜਿਸ ਦਾ ਅਨੰਦ ਮਾਣਿਆਂ ਹੀ ਜਾ ਸਕਦਾ ਹੈ, ਸ਼ਬਦਾਂ ਵਿਚ ਬਿਆਨ ਕਰਨਾ ਔਖਾ ਹੈ। ਕੁੱਲ ਮਿਲਾ ਕੇ ਮੈਨੂੰ ਤਾਂ ਆਪਣਾ ਬਚਪਨ ਮੋੜ ਲਿਆਂਦਾ ਮਹਿਸੂਸ ਹੁੰਦਾ ਹੈ।

# ਸਭ ਤੋਂ ਭੈੜਾ ਨਸ਼ਾ - ਮੋਬਾਈਲ

ਅੱਜ ਦੇ ਯੁਗ ਵਿਚ, ਜਿੱਥੇ ਤਕਨੀਕ ਨੇ ਮਨੁੱਖੀ ਜੀਵਨ ਨੂੰ ਆਸਾਨ, ਸੁਵਿਧਾਜਨਕ ਅਤੇ ਉਤਸ਼ਾਹਜਨਕ ਬਣਾਇਆ ਹੈ, ਉੱਥੇ ਹੀ ਇਹ ਤਕਨੀਕੀ ਵਿਕਾਸ ਕੁਝ ਖੇਤਰਾਂ ਵਿਚ ਆਸ਼ੀਰਵਾਦ ਦੀ ਥਾਂ ਆਫ਼ਤ ਬਣ ਕੇ ਉਭਰ ਰਿਹਾ ਹੈ। ਮੋਬਾਈਲ ਫੋਨ, ਜੋ ਕਿ ਸ਼ੁਰੂ ਵਿਚ ਸੰਚਾਰ ਦਾ ਇਕ ਸ਼ਕਤੀਸ਼ਾਲੀ ਅਤੇ ਵਧੀਆ ਸਾਧਨ ਸੀ, ਅੱਜ ਇੱਕ ਅਜਿਹੇ ਨਸ਼ੇ ਦਾ ਰੂਪ ਧਾਰਨ ਕਰ ਗਿਆ ਹੈ ਜੋ ਬੱਚਿਆਂ ਤੋਂ ਲੈ ਕੇ ਵੱਡਿਆਂ ਤਕ, ਹਰੇਕ ਉਮਰ ਦੇ ਲੋਕਾਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰ ਰਿਹਾ ਹੈ। ਵਿਸ਼ੇਸ਼ ਕਰਕੇ ਬੱਚਿਆਂ ਵਿਚ



ਸੰਦੀਪ ਕੁਮਾਰ
ਫੋਨ: 70098-07121

ਇਹ ਮੋਬਾਈਲ ਦੀ ਆਦਤ ਇੱਕ ਵੱਡੀ ਸਮਾਜਕ ਅਤੇ ਮਾਨਸਿਕ ਚੁਣੌਤੀ ਬਣੀ ਹੋਈ ਹੈ, ਜਿਸ ਨੇ ਉਨ੍ਹਾਂ ਦੀ ਜੀਵਨ ਸ਼ੈਲੀ, ਸੋਚ ਅਤੇ ਭਵਿੱਖ ਉੱਤੇ ਗੰਭੀਰ ਛਾਪ ਛੱਡੀ ਹੈ।

ਮੋਬਾਈਲ ਦੀ ਆਦਤ ਨੂੰ ਅੱਜ ਦੇ ਨਵੇਂ ਯੁਗ ਦਾ ਸਭ ਤੋਂ ਵੱਡਾ ਨਸ਼ਾ ਕਿਹਾ ਜਾ ਸਕਦਾ ਹੈ। ਜਿਵੇਂ ਕਿ ਸੰਸਾਰ ਭਰ ਵਿਚ ਅਫ਼ੀਮ, ਸ਼ਰਾਬ, ਚਰਸ, ਗਾਂਜਾ ਅਤੇ ਹੋਰ ਕੈਮੀਕਲ ਨਸ਼ਿਆਂ ਦੇ ਵਿਰੁੱਧ ਵੱਡੀ ਜੰਗ ਚੱਲ ਰਹੀ ਹੈ, ਉਂਵੇਂ ਹੀ ਮੋਬਾਈਲ ਨਸ਼ਾ ਵੀ ਇੱਕ ਐਸੀ ਮੁਸੀਬਤ ਬਣ ਚੁੱਕਾ ਹੈ ਜਿਸ ਲਈ ਹਾਲੇ ਤੱਕ ਕੋਈ ਵਿਸ਼ੇਸ਼ ਕਾਨੂੰਨੀ ਜਾਂ ਸਮਾਜਿਕ ਰੋਕਥਾਮ ਨਹੀਂ ਕੀਤੀ ਗਈ। ਅਫ਼ੀਮ ਜਾਂ ਸ਼ਰਾਬ ਵਰਗਾ ਨਸ਼ਾ ਅਕਸਰ ਵਿਅਕਤੀਗਤ ਚੋਣ ਜਾਂ ਬੁਰੀ ਸੰਗਤ ਦੇ ਪ੍ਰਭਾਵ ਨਾਲ ਸ਼ੁਰੂ ਹੁੰਦਾ ਹੈ, ਪਰ ਮੋਬਾਈਲ ਦਾ ਨਸ਼ਾ ਅਜਿਹਾ ਹੈ ਜੋ ਮਾਪਿਆਂ ਦੀ ਅਣਜਾਣੀ ਲਾਪਰਵਾਹੀ ਨਾਲ ਬੱਚਿਆਂ ਵਿਚ ਛੋਟੀ ਉਮਰ ਤੋਂ ਹੀ ਵੱਧਦਾ ਜਾ ਰਿਹਾ ਹੈ। ਮਾਪੇ, ਜਦੋਂ ਬੱਚਾ ਰੋਂਦਾ ਜਾਂ ਜ਼ਿੱਦ ਕਰਦਾ ਹੈ, ਤਾਂ ਉਸ ਨੂੰ ਕੁਝ ਸਮੇਂ ਲਈ ਚੁੱਪ ਕਰਵਾਉਣ ਦਾ ਸੌਖਾ ਹੱਲ ਮੋਬਾਈਲ ਦੀ ਸਕਰੀਨ ਦੇ ਰੂਪ ਵਿਚ ਲੱਭ ਲੈਂਦੇ ਹਨ। ਇਹੀ ਆਦਤ ਹੌਲੀ-ਹੌਲੀ ਬੱਚਿਆਂ ਦੀ ਜ਼ਿੰਦਗੀ ਵਿਚ ਅਜਿਹੀ ਗਹਿਰੀ ਜੜ੍ਹ ਬਣ ਜਾਂਦੀ ਹੈ ਕਿ ਉਹ ਪੜ੍ਹਾਈ, ਖੇਡ-ਕੁਦ, ਸਮਾਜਿਕ ਗਤੀਵਿਧੀਆਂ ਅਤੇ ਪਰਿਵਾਰਕ ਸੰਬੰਧਾਂ ਤੋਂ ਦੂਰ ਹੋਣ ਲੱਗਦੇ ਹਨ।

ਮੋਬਾਈਲ ਦੀ ਲੱਤ ਬੱਚਿਆਂ ਦੇ ਸ਼ਰੀਰਕ ਅਤੇ ਮਾਨਸਿਕ ਵਿਕਾਸ ਉੱਤੇ ਵੀ ਅਤਿਅੰਤ ਗੰਭੀਰ ਅਸਰ ਪਾ ਰਹੀ ਹੈ। ਜੋ ਉਮਰ ਬਾਹਰੀ ਦੁਨੀਆ ਦੀ ਖੋਜ, ਕਸਰਤ ਅਤੇ ਖੇਡਾਂ ਲਈ ਹੁੰਦੀ ਹੈ, ਉਹ ਹੁਣ ਮੋਬਾਈਲ ਦੀ ਛੋਟੀ ਸਕਰੀਨ ਅੱਗੇ ਬੈਠੇ-ਬੈਠੇ ਬਰਬਾਦ ਹੋ ਰਹੀ ਹੈ। ਬੱਚਿਆਂ ਦੀਆਂ ਅੱਖਾਂ ਉੱਤੇ ਮੋਬਾਈਲ ਦੀ ਨੀਲੀ ਰੌਸ਼ਨੀ ਅਸਰ ਕਰਦੀ ਹੈ, ਜੋ ਕਿ ਨਾ ਸਿਰਫ ਅੱਖਾਂ ਦੀ ਥਕਾਵਟ ਦਾ ਕਾਰਨ ਬਣਦੀ ਹੈ, ਸਗੋਂ ਲੰਬੇ ਸਮੇਂ ਲਈ ਅੱਖਾਂ ਦੀ ਰੋਸ਼ਨੀ ਘਟਾ ਸਕਦੀ ਹੈ। ਇਨ੍ਹਾਂ ਬੱਚਿਆਂ ਵਿਚ ਅਕਸਰ ਨਜ਼ਰ ਦੀ ਕਮੀ, ਚਸ਼ਮੇ ਦੀ ਲੋੜ ਅਤੇ ਅੱਖਾਂ ਨਾਲ ਸੰਬੰਧਿਤ ਹੋਰ ਗੰਭੀਰ ਸਮੱਸਿਆਵਾਂ ਵੇਖਣ ਨੂੰ ਮਿਲ ਰਹੀਆਂ ਹਨ। ਇਨ੍ਹਾਂ ਤਕਨੀਕੀ ਉਪਕਰਣਾਂ ਨਾਲ ਜੁੜੀ ਹੋਈ ਨਿਰੰਤਰ ਲਗਾਤਾਰ ਜਾਂਚ ਅਤੇ ਖੋਜ ਬੱਚਿਆਂ ਦੀ ਮਨੋਵਿਗਿਆਨਕ ਸਿਹਤ ਉੱਤੇ ਵੀ ਗੰਭੀਰ ਪ੍ਰਭਾਵ ਛੱਡ ਰਹੀ ਹੈ। ਉਹ ਆਪਣੀ ਪੜ੍ਹਾਈ ਉੱਤੇ ਧਿਆਨ ਨਹੀਂ ਕੇਂਦਰਤ ਕਰ ਸਕਦੇ, ਇੱਕਾਗਰਤਾ ਦੀ ਘਾਟ ਪੈ ਜਾਂਦੀ ਹੈ, ਉਨ੍ਹਾਂ ਵਿਚ ਥਕਾਵਟ, ਚਿੜਚਿੜਾਪਨ ਅਤੇ ਆਲਸ ਆਉਣ ਲੱਗਦੇ ਹਨ।

ਸੋਸ਼ਲ ਮੀਡੀਆ ਇਸ ਨਸ਼ੇ ਦਾ ਇੱਕ ਹੋਰ



ਖ਼ਤਰਨਾਕ ਪੱਖ ਹੈ। ਨੌਜਵਾਨ ਬੱਚੇ ਅੱਜ ਰੀਲਾਂ, ਟਿਕਟੋਕ ਵੀਡੀਓਜ਼, ਯੂਟਿਊਬ ਸ਼ੌਰਟਸ ਅਤੇ ਹੋਰ ਆਕਰਸ਼ਕ ਵਿਡੀਓਜ਼ ਦੇ ਮਾਧਿਅਮ ਨਾਲ ਆਪਣਾ ਕੀਮਤੀ ਸਮਾਂ ਬਰਬਾਦ ਕਰ ਰਹੇ ਹਨ। ਇਨ੍ਹਾਂ ਪਲੇਟਫਾਰਮਾਂ 'ਤੇ ਉਪਲਬਧ ਵਿਅਰਥ ਅਤੇ ਨਕਲੀ ਚਮਕ-ਦਮਕ ਵਾਲੀ ਜੀਵਨ-ਸ਼ੈਲੀ ਨੇ ਬੱਚਿਆਂ ਵਿਚ ਇਕ ਅਜਿਹਾ ਝੂਠਾ ਆਕਰਸ਼ਣ ਪੈਦਾ ਕਰ ਦਿੱਤਾ ਹੈ, ਜਿਸ ਕਰਕੇ ਉਹ ਹਕੀਕਤ ਦੀ ਦੁਨੀਆ ਤੋਂ ਦੂਰ ਹੋ ਰਹੇ ਹਨ। ਬੱਚੇ ਹੁਣ ਸੋਚਦੇ ਹਨ ਕਿ ਤੁਰੰਤ ਮਸ਼ਹੂਰੀ, ਸ਼ੌਰਤ ਅਤੇ ਦੌਲਤ ਮਿਲਣੀ ਚਾਹੀਦੀ ਹੈ, ਜਿਸ ਲਈ ਉਹ ਅਕਸਰ ਗਲਤ ਰਾਹਾਂ ਦੀ ਚੋਣ ਕਰ ਲੈਂਦੇ ਹਨ। ਮੋਬਾਈਲ ਦੀ ਬੇਹਿਸਾਬ ਵਰਤੋਂ ਕਾਰਨ ਬੱਚਿਆਂ ਵਿਚ ਮਨੋਵਿਗਿਆਨਕ ਰੋਗਾਂ ਦਾ ਵੀ ਵਾਧਾ ਹੋ ਰਿਹਾ ਹੈ। ਅਟੈਂਸ਼ਨ ਡੈਫੀਸਿਟ ਹਾਈਪਰ ਐਕਟੀਵਿਟੀ ਡਿਸਆਰਡਰ (ਇਕਾਗਰਤਾ ਦੀ ਘਾਟ), ਡਿਪਰੈਸ਼ਨ, ਆਤਮ ਵਿਸ਼ਵਾਸ ਦੀ ਘਾਟ, ਮਨੋਵਿਕਾਰ ਅਤੇ ਉਚਿੱਤ ਸਮੇਂ 'ਤੇ ਸੰਤੋਖ ਨਾ ਹੋਣ ਵਰਗੀਆਂ ਸਮੱਸਿਆਵਾਂ ਆਮ ਹੋ ਗਈਆਂ ਹਨ। ਮੋਬਾਈਲ ਤੇ ਲਗਾਤਾਰ ਰਹਿਣ ਕਾਰਨ ਉਨ੍ਹਾਂ ਦੀ ਸੋਚਣ ਅਤੇ ਸਮਝਣ ਦੀ ਸਮਰੱਥਾ ਵੀ ਪ੍ਰਭਾਵਿਤ ਹੋ ਰਹੀ ਹੈ। ਛੋਟੇ-ਛੋਟੇ ਕੰਮਾਂ ਲਈ ਵੀ ਬੱਚੇ ਤੁਰੰਤ ਹੱਲ ਚਾਹੁੰਦੇ ਹਨ, ਜਿਸ ਕਾਰਨ ਉਨ੍ਹਾਂ ਵਿਚ ਸਹਿਣਸ਼ੀਲਤਾ, ਧੀਰਜ ਅਤੇ ਸੰਘਰਸ਼ ਕਰਨ ਦੀ ਸਮਰਥਾ ਘੱਟ ਹੋ ਰਹੀ ਹੈ।

ਮੋਬਾਈਲ ਦੀ ਇਸ ਭੈੜੀ ਲੱਤ ਤੋਂ ਬਚਾਅ ਲਈ ਮਾਪਿਆਂ ਦੀ ਭੂਮਿਕਾ ਸਭ ਤੋਂ ਮਹੱਤਵਪੂਰਨ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਬਚਪਨ ਤੋਂ ਹੀ ਆਪਣੇ ਬੱਚਿਆਂ ਨੂੰ ਮੋਬਾਈਲ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਨ। ਉਨ੍ਹਾਂ ਨੂੰ ਪ੍ਰਾਕ੍ਰਿਤਕ ਦੁਨੀਆ ਨਾਲ ਜੋੜਨ ਦੀ ਲੋੜ ਹੈ। ਬੱਚਿਆਂ ਨੂੰ ਆਊਟਡੋਰ ਖੇਡਾਂ, ਕਲਚਰਲ ਗਤੀਵਿਧੀਆਂ ਅਤੇ ਸਮਾਜਿਕ ਘਟਨਾਵਾਂ ਵਿਚ ਸ਼ਾਮਲ ਕਰਨ ਦੁਆਰਾ ਉਨ੍ਹਾਂ ਦੀ ਦਿਲਚਸਪੀ ਮੋਬਾਈਲ ਤੋਂ ਦੂਰ ਹੋ ਸਕਦੀ ਹੈ। ਉਨ੍ਹਾਂ ਨੂੰ ਪੁਸਤਕਾਂ ਪੜ੍ਹਨ ਦੀ ਆਦਤ ਪਵਾਉਣੀ ਚਾਹੀਦੀ ਹੈ, ਤਾਂ ਜੋ ਉਹ ਆਪਣੇ ਮਨ ਨੂੰ ਵਿਅਰਥ ਸਮੱਗਰੀ ਨਾਲ ਨਹੀਂ, ਸਗੋਂ ਗਿਆਨ ਅਤੇ ਰਚਨਾਤਮਕਤਾ ਨਾਲ ਭਰ ਸਕਣ। ਮੋਬਾਈਲ ਵਰਤਣ ਲਈ ਸਖ਼ਤ ਸਮਾਂ ਨਿਰਧਾਰਤ ਕਰਨਾ ਵੀ ਬਹੁਤ ਜ਼ਰੂਰੀ ਹੈ। ਬੱਚਿਆਂ ਨੂੰ ਦਿਨ ਵਿਚ ਮਾਤਰ 30 ਤੋਂ 40 ਮਿੰਟ ਹੀ ਮੋਬਾਈਲ ਵਰਤਣ ਦੀ ਆਗਿਆ ਹੋਣੀ ਚਾਹੀਦੀ ਹੈ ਅਤੇ ਉਹ ਵੀ ਸਿਰਫ਼ ਅਕਾਦਮਿਕ ਜਾਂ ਲਾਜ਼ਮੀ ਕੰਮਾਂ ਲਈ। ਸਭ ਤੋਂ ਵੱਡੀ ਜ਼ਿੰਮੇਵਾਰੀ ਇਹ ਬਣਦੀ ਹੈ ਕਿ ਮਾਪੇ ਆਪਣੇ ਬੱਚਿਆਂ ਨਾਲ ਵਧੇਰੇ ਸਮਾਂ ਬਤਾਉਣ, ਉਨ੍ਹਾਂ ਨਾਲ ਗੱਲ-ਬਾਤ ਕਰਨ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਵਿਚ ਰੁਚੀ ਲੈਣ। ਬੱਚਿਆਂ ਲਈ ਮੋਬਾਈਲ ਸ਼ੌਕ ਦੀ ਬਜਾਏ ਕੇਵਲ ਇੱਕ ਜ਼ਰੂਰਤ ਬਣੇ, ਇਹ ਯਕੀਨੀ ਬਣਾਉਣਾ ਵੀ ਮਾਪਿਆਂ ਦਾ ਹੀ ਫਰਜ ਹੈ। ਜੇ ਅਸੀਂ ਅੱਜ ਦੇ ਬੱਚਿਆਂ ਨੂੰ ਮੋਬਾਈਲ ਦੇ ਨਸ਼ੇ ਤੋਂ ਬਚਾ ਲਈਏ, ਤਾਂ ਅਸੀਂ ਭਵਿੱਖ ਵਿਚ ਇੱਕ ਸੰਸਕਾਰੀ, ਸਿਹਤਮੰਦ ਅਤੇ ਸਫਲ ਸਮਾਜ ਦੀ ਰਚਨਾ ਕਰ ਸਕਦੇ ਹਾਂ।

ਕਿਹਾ ਜਾ ਸਕਦਾ ਹੈ ਕਿ ਮੋਬਾਈਲ ਜਿੱਥੇ ਤਕਨੀਕੀ ਵਿਕਾਸ ਦਾ ਪ੍ਰਤੀਕ ਹੈ, ਉਥੇ ਹੀ ਇਸ ਦੀ ਬੇਹਿਸਾਬ ਅਤੇ ਅਣਜਰੂਰੀ ਵਰਤੋਂ ਸਾਡੇ ਸਮਾਜ, ਖਾਸ ਕਰਕੇ ਬੱਚਿਆਂ ਲਈ ਇੱਕ ਨਵਾਂ ਅਤੇ ਖਤਰਨਾਕ ਨਸ਼ਾ ਬਣਦੀ ਜਾ ਰਹੀ ਹੈ। ਸਾਨੂੰ ਸਾਰਿਆਂ ਨੂੰ, ਖਾਸ ਕਰਕੇ ਮਾਪਿਆਂ ਨੂੰ, ਇਸ ਗੰਭੀਰ ਸਮੱਸਿਆ ਨੂੰ ਸਮਝਦੇ ਹੋਏ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ। ਮੋਬਾਈਲ ਨੂੰ ਸਹੀ ਢੰਗ ਨਾਲ ਵਰਤ ਕੇ ਅਤੇ ਇਸ ਦੀ ਵਰਤੋਂ ਉੱਤੇ ਸੀਮਾ ਲਗਾ ਕੇ ਹੀ ਅਸੀਂ ਆਪਣੇ ਬੱਚਿਆਂ ਨੂੰ ਇਸ ਨਸ਼ੇ ਦੀ ਲੱਤ ਤੋਂ ਬਚਾ ਸਕਦੇ ਹਾਂ ਅਤੇ ਉਨ੍ਹਾਂ ਦਾ ਭਵਿੱਖ ਸੁਨਿਹਰੀ ਬਣਾ ਸਕਦੇ ਹਾਂ।

# ਮੋਬਾਈਲ ਅਤੇ ਇੰਟਰਨੈਟ ਵਰਤੋਂਕਾਰਾਂ ਲਈ ਸਾਈਬਰ ਜਾਗਰੂਕਤਾ

ਹੁਣ ਸਾਡੀ ਨਿੱਜੀ ਜ਼ਿੰਦਗੀ ਦੀ ਬਹੁਤ ਸਾਰੀ ਜਾਣਕਾਰੀ ਡਿਜੀਟਲ ਡਾਟਾ ਵਿਚ ਬਦਲ ਗਈ ਹੈ। ਇਹ ਡਿਜੀਟਲ ਦੁਨੀਆ ਵੀ ਸਾਡੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣ ਗਈ ਹੈ। ਮੋਬਾਈਲ ਫ਼ੋਨ ਸਿਰਫ਼ ਗੱਲਬਾਤ ਕਰਨ ਲਈ ਨਹੀਂ ਰਹੇ, ਇਹ ਸਾਡਾ ਬੈਂਕ, ਪਛਾਣ-ਪੱਤਰ ਅਤੇ ਕਈ ਜ਼ਰੂਰੀ ਦਸਤਾਵੇਜ਼ ਰੱਖਣ ਦਾ ਸਾਧਨ ਬਣ ਚੁੱਕਾ ਹੈ। ਪਰ ਜਿਵੇਂ ਅਸੀਂ ਇਹ ਆਸਾਨੀ ਅਤੇ ਸੁਵਿਧਾ ਲੈ ਰਹੇ ਹਾਂ, ਅਸੀਂ ਇਹ ਵੀ ਭੁੱਲ ਜਾਂਦੇ ਹਾਂ ਕਿ ਇਹ ਡਿਜੀਟਲ ਦੁਨੀਆਂ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਹੈ। ਜਿਵੇਂ ਅਸੀਂ ਆਪਣੇ ਘਰ ਦੇ ਦਰਵਾਜ਼ੇ ਨੂੰ ਤਾਲਾ ਲਾਉਂਦੇ ਹਾਂ ਅਤੇ ਜ਼ਰੂਰੀ ਸਾਜ਼ੋ-ਸਾਮਾਨ ਨੂੰ ਦੋਹਰੀ



ਡਾ. ਗੁਰਜੀਤ ਸਿੰਘ ਭੱਠਲ
ਫੋਨ: 98142-05475

ਸੁਰੱਖਿਆ ਵਿਚ ਰੱਖਦੇ ਹਾਂ, ਉਸੇ ਤਰ੍ਹਾਂ ਸਾਨੂੰ ਆਪਣੇ ਡਿਜੀਟਲ ਡਾਟਾ ਨੂੰ ਵੀ ਸੁਰੱਖਿਅਤ ਰੱਖਣ ਦੀ ਲੋੜ ਹੈ।

ਹਰ ਦਿਨ ਹਜ਼ਾਰਾਂ ਲੋਕ ਠੱਗੀ ਦਾ ਸ਼ਿਕਾਰ ਹੋ ਰਹੇ ਹਨ। ਕਿਸੇ ਨੂੰ ਵ੍ਹਟਸਐਪ 'ਤੇ ਜਾਅਲਸਾਜ਼ੀ ਨਾਲ ਲਿੰਕ ਭੇਜ ਕੇ, ਕਿਸੇ ਨੂੰ ਵੀਡੀਓ ਕਾਲ ਕਰ ਕੇ ਨਕਲੀ ਪੁਲਿਸ ਜਾਂ ਸੀ.ਬੀ.ਆਈ. (ਡਿਜੀਟਲ ਗ੍ਰਿਫਤਾਰੀ) ਬਣ ਡਰਾਇਆ ਜਾਂਦਾ ਹੈ, ਤਾਂ ਕਿਸੇ ਨੂੰ ਬੈਂਕ ਦੀ ਝੂਠੀ ਮਦਦ ਦੇ ਨਾਂ 'ਤੇ ਆਪਣੇ ਐਕਾਊਂਟ ਤੋਂ ਪੈਸੇ ਗੁਆਉਣੇ ਪੈਂਦੇ ਹਨ। ਦੁਖ ਦੀ ਗੱਲ ਇਹ ਹੈ ਕਿ ਇਹ ਧੋਖੇ ਜ਼ਿਆਦਾਤਰ ਕਿਸੇ ਵੀ ਤਕਨੀਕੀ ਖਾਮੀ ਕਰਕੇ ਨਹੀਂ, ਬਲਕਿ ਆਮ ਲੋਕਾਂ ਦੀ ਅਣਜਾਣਤਾ ਜਾਂ ਜਾਗਰੂਕਤਾ ਦੀ ਘਾਟ ਕਰਕੇ ਹੋ ਰਹੇ ਹਨ। ਇਸ ਕਰਕੇ ਸਾਈਬਰ ਜਾਗਰੂਕਤਾ ਹੁਣ ਕਿਸੇ ਖਾਸ ਵਰਗ ਦੀ ਚੀਜ਼ ਨਹੀਂ, ਇਹ ਹਰ ਵਿਅਕਤੀ ਦੀ ਜ਼ਰੂਰਤ ਬਣ ਚੁੱਕੀ ਹੈ।

ਵ੍ਹਟਸਐਪ ਹੁਣ ਹਰ ਵਿਅਕਤੀ ਵੱਲੋਂ ਰੋਜ਼ਾਨਾ ਜ਼ਿੰਦਗੀ ਵਿਚ ਆਮ ਵਰਤਿਆ ਜਾਂਦਾ ਹੈ, ਪਰ ਇਹੀ ਹੁਣ ਸਾਈਬਰ ਠੱਗੀ ਦਾ ਨਵਾਂ ਰਸਤਾ ਵੀ ਬਣ ਗਿਆ ਹੈ। ਨਕਲੀ ਨੰਬਰਾਂ ਤੋਂ ਵੀਡੀਓ ਕਾਲ ਕਰ ਕੇ, ਜਾਂ ਕਿਸੇ ਦੋਸਤ ਦੇ ਨਾਂ ਤੋਂ ਲਿਖੇ 'ਮਦਦ ਦੀ ਲੋੜ' ਵਾਲੇ ਸੁਨੇਹੇ ਭੇਜ ਕੇ ਲੋਕਾਂ ਨੂੰ ਫਸਾਇਆ ਜਾਂਦਾ ਹੈ। ਅਕਸਰ ਲੋਕ ਅਜਿਹੇ ਲਿੰਕ 'ਤੇ ਕਲਿੱਕ ਕਰ ਲੈਂਦੇ ਹਨ, ਜੋ ਉਨ੍ਹਾਂ ਦੇ ਡਾਟਾ ਨੂੰ ਚੋਰੀ ਕਰ ਲੈਂਦੇ ਹਨ ਜਾਂ ਮੋਬਾਈਲ ਵਿਚ ਖਤਰਨਾਕ ਐਪ ਇੰਸਟਾਲ ਕਰ ਦਿੰਦੇ ਹਨ। ਜੇਕਰ ਤੁਹਾਨੂੰ ਅਣਜਾਣ ਨੰਬਰ ਤੋਂ ਕਾਲ ਜਾਂ ਸੁਨੇਹਾ ਆਵੇ, ਤਾਂ ਉਸਨੂੰ ਜਵਾਬ ਨਾ ਦੇਵੋ ਅਤੇ ਨਾ ਹੀ ਕਿਸੇ ਵੀ ਲਿੰਕ 'ਤੇ ਕਲਿੱਕ ਕਰੋ।

ਬਹੁਤ ਸਾਰੇ ਲੋਕ ਕੋਈ ਵੀ ਐਪ ਇੰਸਟਾਲ ਕਰਦੇ ਸਮੇਂ, ਇਹ ਦੇਖਣ ਦੀ ਜ਼ਰੂਰਤ ਮਹਿਸੂਸ ਨਹੀਂ ਕਰਦੇ ਕਿ ਉਹ ਐਪ ਕਿਹੜੀਆਂ-ਕਿਹੜੀਆਂ ਇਜਾਜ਼ਤਾਂ ਮੰਗ ਰਹੀ ਹੈ। ਇੱਕ ਸਧਾਰਣ ਫੋਟੋ ਐਡੀਟਰ ਵੀ ਤੁਹਾਡੇ ਮਾਈਕ, ਕੈਮਰਾ, ਸੰਪਰਕ ਅਤੇ ਲੋਕੇਸ਼ਨ ਦੀ ਪਹੁੰਚ ਮੰਗ ਸਕਦਾ ਹੈ। ਇਸ ਤਰ੍ਹਾਂ ਦੇ ਐਪ ਪਿੱਛੋਂ-ਪਿੱਛੋਂ ਤੁਹਾਡੀ ਨਿੱਜੀ ਜਾਣਕਾਰੀ ਚੋਰੀ ਕਰ ਸਕਦੇ ਹਨ। ਮੋਬਾਈਲ ਉਪਭੋਗੀਆਂ ਨੂੰ ਚਾਹੀਦਾ ਹੈ ਕਿ ਉਹ ਸਿਰਫ਼ ਪਲੇ ਸਟੋਰ ਜਾਂ ਐਪਲ ਸਟੋਰ ਤੋਂ ਹੀ ਐਪ ਇੰਸਟਾਲ ਕਰਨ, ਅਤੇ ਉਨ੍ਹਾਂ ਨੂੰ ਸਿਰਫ਼ ਉਹੀ ਇਜਾਜ਼ਤ ਦੇਣ ਜੋ ਲਾਜ਼ਮੀ ਹੋਣ।

ਪਾਸਵਰਡ ਸਾਡੇ ਡਿਜੀਟਲ ਜੀਵਨ ਦੀਆਂ ਚਾਬੀਆਂ ਵਰਗੇ ਹਨ। ਫਿਰ ਵੀ ਬਹੁਤ ਲੋਕ '123456' ਵਰਗੇ ਆਮ ਪਾਸਵਰਡ ਵਰਤਦੇ ਹਨ ਜਾਂ ਇੱਕੋ ਪਾਸਵਰਡ ਕਈ ਖਾਤਿਆਂ ਲਈ ਰੱਖਦੇ ਹਨ। ਕੁਝ ਲੋਕ ਤਾਂ OTP ਜਾਂ ਪਾਸਵਰਡ ਵੀ ਸਾਂਝੇ ਕਰ ਦਿੰਦੇ ਹਨ, ਇਹ ਮੰਨਦੇ ਹੋਏ ਕਿ ਕੁਝ ਨਹੀਂ ਹੋਵੇਗਾ। ਹੈਕਰ ਅਜਿਹੀ ਲਾਪਰਵਾਹੀ ਤੋਂ ਫਾਇਦਾ ਚੁੱਕਦੇ ਹਨ। ਕਈ ਵਾਰ ਪੁਰਾਣੇ ਡਾਟਾ ਲੀਕ ਤੋਂ ਮਿਲੇ ਪਾਸਵਰਡ ਦੁਬਾਰਾ ਈ-ਮੇਲ, ਸੋਸ਼ਲ ਮੀਡੀਆ ਜਾਂ ਬੈਂਕ ਐਪ ਤੋੜਨ ਲਈ ਵਰਤੇ ਜਾਂਦੇ ਹਨ। ਇਹ ਰੋਕਣ ਲਈ ਲੰਬੇ, ਗੁੰਝਲਦਾਰ ਪਾਸਵਰਡ ਬਣਾਏ ਜਾਣੇ ਚਾਹੀਦੇ ਹਨ ਜਿਨ੍ਹਾਂ ਵਿਚ ਅੱਖਰ, ਨੰਬਰ ਅਤੇ ਚਿੰਨ੍ਹ ਹੋਣ। ਇਸਦੇ ਨਾਲ-ਨਾਲ, ਉਪਭੋਗਤਾਵਾਂ ਨੂੰ 2FA ਯਾਨੀ ਦੋ-ਪੜਾਅ ਪ੍ਰਮਾਣਿਕਤਾ ਵੀ ਵਰਤਣੀ ਚਾਹੀਦੀ ਹੈ ਜੇਕਰ ਉਪਲਬਧ ਹੋਵੇ। WhatsApp, Gmail, Facebook, UPI ਐਪ—ਇਨ੍ਹਾਂ ਉੱਤੇ 2FA ਇੱਕ ਵਾਧੂ ਸੁਰੱਖਿਆ ਪਰਤ ਦਿੰਦੀ ਹੈ। ਜੇਕਰ ਪਾਸਵਰਡ ਲੀਕ ਵੀ ਹੋ ਜਾਵੇ, ਕੋਡ ਤੋਂ ਬਿਨਾਂ ਲੌਗ ਇਨ ਨਹੀਂ ਹੋ ਸਕਦਾ। ਸਾਈਬਰ ਮਾਹਿਰ ਸਿਮ-ਸਵੈਪ ਜਿਹੇ ਹਮਲਿਆਂ ਬਾਰੇ ਵੀ ਚੇਤਾਉਂਦੇ ਹਨ, ਜਿੱਥੇ ਠੱਗ ਨਕਲੀ ਸਿਮ ਜਾਰੀ ਕਰਵਾ ਕੇ OTP ਹਾਈਜੈਕ ਕਰ ਲੈਂਦੇ ਹਨ। ਅਜਿਹੇ ਹਮਲਿਆਂ ਲਈ ਐਪ-ਅਧਾਰਤ ਪ੍ਰਮਾਣਿਕਤਾ ਵਧੀਆ ਵਿਕਲਪ ਹੈ।




***ਡਿਜੀਟਲ ਦੌਰ ਵਿਚ ਮੋਬਾਈਲ ਤੁਹਾਡੀ ਪਛਾਣ ਬਣ ਚੁੱਕਾ ਹੈ। ਇਸ ਦੀ ਰੱਖਿਆ ਉਵੇਂ ਕਰੋ ਜਿਵੇਂ ਤੁਸੀਂ ਆਪਣੇ ਘਰ ਦੀ ਕਰਦੇ ਹੋ। ਸਾਈਬਰ ਠੱਗੀ ਲਈ ਹੈਕਿੰਗ ਦੀ ਲੋੜ ਨਹੀਂ ਹੁੰਦੀ। ਸਿਰਫ਼ ਤੁਹਾਡੀ ਇਕ ਗ਼ਲਤ ਕਲਿੱਕ ਜਾਂ ਜਵਾਬ ਕਾਫ਼ੀ ਹੁੰਦਾ ਹੈ।***

ਬਹੁਤ ਸਾਰੇ ਉਪਭੋਗਤਾ ਇਸ ਗੱਲ ਤੋਂ ਵੀ ਅਣਜਾਣ ਹੁੰਦੇ ਹਨ ਕਿ ਜਦੋਂ ਉਹ ਆਪਣਾ ਬਲੂਟੁੱਥ, ਵਾਈ-ਫਾਈ, ਜਾਂ ਮੋਬਾਈਲ ਹੌਟਸਪੌਟ ਹਰ ਸਮੇਂ ਚਾਲੂ ਰੱਖਦੇ ਹਨ ਤਾਂ ਉਨ੍ਹਾਂ ਦਾ ਡਿਵਾਈਸ ਕਮਜ਼ੋਰ ਹੋ ਜਾਂਦਾ ਹੈ। ਇਹ ਖੁੱਲ੍ਹੇ ਚੈਨਲ ਹਮਲਾਵਰਾਂ ਲਈ ਤੁਹਾਡੀ ਜਾਣਕਾਰੀ ਤੋਂ ਬਿਨਾਂ ਤੁਹਾਡੀ ਡਿਵਾਈਸ ਤੱਕ ਪਹੁੰਚ ਕਰਨਾ ਆਸਾਨ ਬਣਾਉਂਦੇ ਹਨ। ਜਨਤਕ ਵਾਈ-ਫਾਈ, ਖਾਸ ਕਰਕੇ ਹਵਾਈ ਅੱਡਿਆਂ, ਕੈਫੇ ਅਤੇ ਰੇਲਵੇ ਸਟੇਸ਼ਨਾਂ 'ਤੇ, ਤੁਹਾਡੇ ਬੈਂਕ ਖਾਤੇ ਵਿਚ ਲੌਗ ਇਨ ਕਰਨ ਜਾਂ ਕੋਈ ਵੀ ਸੰਵੇਦਨਸ਼ੀਲ ਲੈਣ-ਦੇਣ ਕਰਨ ਲਈ ਇੱਕ ਖ਼ਤਰਨਾਕ ਜਗ੍ਹਾ ਹੈ। ਸਾਈਬਰ ਅਪਰਾਧੀ ਅਕਸਰ ਨਕਲੀ ਵਾਈ-ਫਾਈ ਨੈੱਟਵਰਕ ਸਥਾਪਤ ਕਰਦੇ ਹਨ, ਜੋ ਜਾਇਜ਼ ਦਿਖਾਈ ਦਿੰਦੇ ਹਨ ਪਰ ਲੌਗ ਇਨ ਵੇਰਵੇ ਚੋਰੀ ਕਰਨ ਜਾਂ ਤੁਹਾਡੀ ਡਿਵਾਈਸ ਵਿਚ ਮਾਲਵੇਅਰ ਇੰਜੈਕਟ ਕਰਨ ਲਈ ਤਿਆਰ ਕੀਤੇ ਗਏ ਹਨ। 'ਜੂਸ ਜੈਕਿੰਗ' ਵਜੋਂ ਜਾਣੇ ਜਾਂਦੇ ਵਧਦੇ ਖ਼ਤਰੇ ਕਾਰਨ ਬੇਤਰਤੀਬ ਚਾਰਜਿੰਗ ਸਟੇਸ਼ਨਾਂ ਜਾਂ ਜਨਤਕ ੂਭ ਪੋਰਟਾਂ ਦੀ ਵਰਤੋਂ ਕਰਨਾ ਵੀ ਜੋਖਮ ਭਰਿਆ ਹੋ ਸਕਦਾ ਹੈ, ਜਿੱਥੇ ਫ਼ੋਨ ਚਾਰਜ ਕਰਨ ਦੌਰਾਨ ਡਾਟਾ ਚੋਰੀ ਹੋ ਜਾਂਦਾ ਹੈ। ਸਭ ਤੋਂ ਸੁਰੱਖਿਅਤ ਅਭਿਆਸ ਇਹ ਹੈ ਕਿ ਲੋੜ ਨਾ ਹੋਣ 'ਤੇ ਅਜਿਹੀਆਂ ਵਿਸ਼ੇਸ਼ਤਾਵਾਂ ਨੂੰ ਬੰਦ ਕਰਨਾ ਅਤੇ ਕਿਸੇ ਵੀ ਗੁਪਤ ਗਤੀਵਿਧੀ ਲਈ ਜਨਤਕ ਇੰਟਰਨੈਟ ਸਰੋਤਾਂ ਤੋਂ ਬਚਣਾ।

ਈਮੇਲ ਅਤੇ ਐਸ.ਐਮ.ਐਸ. ਧੋਖੇਬਾਜ਼ਾਂ ਦੁਆਰਾ ਫਿਸ਼ਿੰਗ ਹਮਲੇ ਸ਼ੁਰੂ ਕਰਨ ਦੇ ਸਭ ਤੋਂ ਆਮ ਤਰੀਕੇ ਹਨ। ਇਹ ਸੁਨੇਹੇ ਅਕਸਰ ਭਰੋਸੇਯੋਗ ਸੰਸਥਾਵਾਂ- ਬੈਂਕਾਂ, ਸਰਕਾਰੀ ਏਜੰਸੀਆਂ, ਕੋਰੀਅਰ ਸੇਵਾਵਾਂ- ਤੋਂ ਆਉਂਦੇ ਦਿਖਾਈ ਦਿੰਦੇ ਹਨ ਅਤੇ ਇਨ੍ਹਾਂ ਵਿਚ ਜ਼ਰੂਰੀ ਸੁਨੇਹੇ ਹੁੰਦੇ ਹਨ ਜੋ ਉਪਭੋਗਤਾਵਾਂ ਨੂੰ ਆਪਣਾ ਕੇ.ਵਾਈ.ਸੀ. ਅਪਡੇਟ ਕਰਨ, ਆਪਣੀ ਪਛਾਣ ਦੀ ਪੁਸ਼ਟੀ ਕਰਨ ਜਾਂ ਆਪਣਾ ਖਾਤਾ ਅਨਲੌਕ ਕਰਨ ਲਈ ਕਹਿੰਦੇ ਹਨ। ਈ-ਮੇਲ ਜਾਂ ਐਸ.ਐਮ.ਐਸ. ਵਿਚ ਅਕਸਰ ਇੱਕ ਲਿੰਕ ਹੁੰਦਾ ਹੈ, ਅਤੇ ਇੱਕ ਵਾਰ ਕਲਿੱਕ ਕਰਨ ਤੋਂ ਬਾਅਦ, ਇਹ ਉਪਭੋਗਤਾ ਨੂੰ ਇੱਕ ਜਾਅਲੀ ਵੈੱਬਸਾਈਟ 'ਤੇ ਲੈ ਜਾਂਦਾ ਹੈ ਜੋ ਅਸਲੀ ਦਿਖਾਈ ਦਿੰਦੀ ਹੈ ਪਰ ਅਸਲ ਵਿਚ ਜਾਣਕਾਰੀ ਚੋਰੀ ਕਰਨ ਲਈ ਤਿਆਰ ਕੀਤੀ ਗਈ ਹੈ। ਕੁਝ ਸੁਨੇਹੇ ਸੰਕਰਮਿਤ ਅਟੈਚਮੈਂਟ ਵੀ ਰੱਖਦੇ ਹਨ ਜੋ ਫ਼ੋਨ ਜਾਂ ਕੰਪਿਊਟਰ 'ਤੇ ਸਪਾਈਵੇਅਰ ਸਥਾਪਤ ਕਰਦੇ ਹਨ। ਹਾਲੀਆ ਧੋਖਾਧੜੀਆਂ ਵਿਚ ਜਾਅਲੀ ਨੌਕਰੀ ਦੀਆਂ ਪੇਸ਼ਕਸ਼ਾਂ, ਟੈਕਸ ਰਿਫੰਡ ਅਤੇ ਬੀਮਾ ਦਾਅਵੇ ਸ਼ਾਮਲ ਹਨ। ਇੱਕ ਲਾਪਰਵਾਹੀ ਨਾਲ ਕਲਿੱਕ ਕਰਨ ਨਾਲ ਇੱਕ ਵੱਡੀ ਵਿੱਤੀ ਜਾਂ ਪਛਾਣ ਚੋਰੀ ਦਾ ਦਰਵਾਜ਼ਾ ਖੁੱਲ੍ਹ ਸਕਦਾ ਹੈ।

ਭਾਰਤ ਵਿਚ UPI-ਅਧਾਰਤ ਧੋਖਾ-ਧੜੀਆਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਘੁਟਾਲੇਬਾਜ਼ ਪੈਸੇ ਪ੍ਰਾਪਤ ਕਰਨ ਦੇ ਝੂਠੇ ਬਹਾਨੇ ਉਪਭੋਗਤਾਵਾਂ ਨੂੰ ਥ੍ਰ ਕੋਡ ਸਕੈਨ ਕਰਨ ਲਈ ਠੱਗਦੇ ਹਨ, ਜਦੋਂ ਕਿ ਅਸਲ ਵਿਚ ਉਨ੍ਹਾਂ ਕੋਡਾਂ ਨੂੰ ਸਕੈਨ ਕਰਨ ਨਾਲ ਘੁਟਾਲੇਬਾਜ਼ ਨੂੰ ਪੈਸੇ ਭੇਜੇ ਜਾਂਦੇ ਹਨ। ਇਸੇ ਤਰ੍ਹਾਂ, ਬਹੁਤ ਸਾਰੇ ਲੋਕ ਜਾਅਲੀ ਬੈਂਕਿੰਗ ਐਪਸ ਡਾਊਨਲੋਡ ਕਰਦੇ ਹਨ ਜਾਂ ਜਾਅਲੀ ਹੈਲਪਲਾਈਨ ਨੰਬਰਾਂ 'ਤੇ ਕਾਲ ਕਰਦੇ ਹਨ ਜੋ ਉਹ ਗੂਗਲ ਦੀ ਸਰਚ ਜਾਂ ਵ੍ਹਟਸਐਪ ਤੋਂ ਪ੍ਰਾਪਤ ਹੋਏ ਹੁੰਦੇ ਹਨ। ਇਹ ਨੰਬਰ ਗਾਹਕਾਂ ਦੇ ਵੇਰਵੇ ਚੋਰੀ ਕਰਨ ਜਾਂ ਪੀੜਤਾਂ ਨੂੰ AnyDesk ਜਾਂ TeamViewer ਵਰਗੇ ਰਿਮੋਟ ਐਕਸੈਸ ਐਪਸ ਸਥਾਪਤ ਕਰਨ ਲਈ ਮਨਾਉਣ ਲਈ ਬਣਾਏ ਜਾਂਦੇ ਹਨ। ਇੱਕ ਵਾਰ ਇੰਸਟਾਲ ਹੋਣ ਤੋਂ ਬਾਅਦ, ਘੁਟਾਲਾ ਕਰਨ ਵਾਲਾ ਪੀੜਤ ਦੇ ਫੋਨ ਨੂੰ ਕੰਟਰੋਲ ਕਰ ਸਕਦਾ ਹੈ, ਜਿਸ ਵਿਚ ਉਨ੍ਹਾਂ ਦੇ ਬੈਂਕ ਐਪਸ ਅਤੇ ਸੁਨੇਹੇ ਸ਼ਾਮਲ ਹਨ। ਸਧਾਰਨ ਨਿਯਮ ਹੈ: ਪੈਸੇ ਪ੍ਰਾਪਤ ਕਰਨ ਲਈ ਕਦੇ ਵੀ QR ਕੋਡ ਨੂੰ ਸਕੈਨ ਨਾ ਕਰੋ, ਕਦੇ ਵੀ ਕਿਸੇ ਸੁਨੇਹੇ ਤੋਂ ਬੈਂਕ ਲਿੰਕ 'ਤੇ ਕਲਿੱਕ ਨਾ ਕਰੋ, ਅਤੇ ਕਦੇ ਵੀ ਬੇਤਰਤੀਬ ਵੈੱਬਸਾਈਟਾਂ 'ਤੇ ਮਿਲੇ ਹੈਲਪਲਾਈਨ ਨੰਬਰਾਂ 'ਤੇ ਕਾਲ ਨਾ ਕਰੋ। ਹਮੇਸ਼ਾ ਅਧਿਕਾਰਤ ਐਪਸ ਅਤੇ ਭਰੋਸੇਯੋਗ ਪਲੇਟਫਾਰਮਾਂ ਦੀ ਵਰਤੋਂ ਕਰੋ।

ਮੋਬਾਈਲ ਫ਼ੋਨ ਦੀ ਸੁਰੱਖਿਆ ਇਸ ਗੱਲ ਤੋਂ ਵੀ ਪ੍ਰਭਾਵਿਤ ਹੁੰਦੀ ਹੈ ਕਿ ਅਸੀਂ ਡਿਵਾਈਸ ਨੂੰ ਸਰੀਰਕ ਤੌਰ 'ਤੇ ਕਿਵੇਂ ਸੰਭਾਲਦੇ ਹਾਂ। ਬਹੁਤ ਸਾਰੇ ਲੋਕ ਕੋਈ ਸਕ੍ਰੀਨ ਲੌਕ ਨਹੀਂ ਰੱਖਦੇ ਜਾਂ ਕਮਜ਼ੋਰ ਪਿੰਨ ਨਹੀਂ ਵਰਤਦੇ, ਜਿਸ ਨਾਲ ਕਿਸੇ ਲਈ ਵੀ ਫ਼ੋਨ ਦੀ ਦੁਰਵਰਤੋਂ ਕਰਨਾ ਆਸਾਨ ਹੋ ਜਾਂਦਾ ਹੈ ਜੇਕਰ ਇਹ ਗੁੰਮ ਜਾਂ ਚੋਰੀ ਹੋ ਜਾਂਦਾ ਹੈ। ਫ਼ੋਨਾਂ ਨੂੰ ਹਮੇਸ਼ਾ ਬਾਇਓਮੈਟ੍ਰਿਕਸ ਜਾਂ ਮਜ਼ਬੂਤ ਪਾਸਵਰਡ ਨਾਲ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ। ਇਹ ਵੀ ਮਹੱਤਵਪੂਰਨ ਹੈ ਕਿ ਪਹਿਲਾਂ ਸੰਵੇਦਨਸ਼ੀਲ ਡੇਟਾ ਨੂੰ ਹਟਾਏ ਬਿਨਾਂ ਆਪਣਾ ਅਨਲੌਕ ਕੀਤਾ ਫ਼ੋਨ ਅਜਨਬੀਆਂ ਜਾਂ ਸਥਾਨਕ ਮੁਰੰਮਤ ਟੈਕਨੀਸ਼ੀਅਨਾਂ ਨੂੰ ਨਾ ਦਿਓ। ਅਜਿਹੇ ਮਾਮਲੇ ਸਾਹਮਣੇ ਆਏ ਹਨ ਜਿੱਥੇ ਮੁਰੰਮਤ ਦੇ ਦੌਰਾਨ ਨਿੱਜੀ ਵੀਡੀਓ, ਫੋਟੋਆਂ, ਜਾਂ ਬੈਂਕਿੰਗ ਵੇਰਵਿਆਂ ਦੀ ਕਾਪੀ ਕਰਕੇ ਲੀਕ ਕੀਤੇ ਗਏ ਸਨ।

ਸੋਸ਼ਲ ਮੀਡੀਆ ਇੱਕ ਹੋਰ ਥਾਂ ਹੈ ਜਿੱਥੇ ਸਾਈਬਰ ਖ਼ਤਰੇ ਵਧ ਰਹੇ ਹਨ। ਲੋਕ ਆਪਣੇ ਘਰਾਂ, ਸਕੂਲਾਂ, ਬੱਚਿਆਂ, ਛੁੱਟੀਆਂ ਅਤੇ ਰੋਜ਼ਾਨਾ

*(ਬਾਕੀ ਅਗਲੇ ਸਫੇ 'ਤੇ)*

# ਇਕ ਬਹੁਭਾਸ਼ੀ ਮਾਂ-ਬੇਟੀ ਦੀ ਕਥਾ

ਦੂਰਦਰਸ਼ਨ 'ਤੇ ਨਾਲਿਨੀ ਸਿੰਘ ਦੇ ਤਫ਼ਤੀਸ਼ੀ ਪੱਤਰਕਾਰੀ ਦੇ ਬਹੁ-ਚਰਚਿਤ ਲੜੀਵਾਰ 'ਆਂਖੋਂ ਦੇਖੀ' ਵਿਚ ਇਕ ਬੰਗਾਲੀ ਕੁੜੀ ਕਸਤੂਰੀ ਦੀ ਇੰਟਰਵਿਊ ਆਉਂਦੀ ਹੈ। ਕਸਤੂਰੀ ਹੈਦਰਾਬਾਦ ਵਿਖੇ ਪੰਜ ਭਾਸ਼ਾਵਾਂ ਦੇ ਬਹੁ-ਭਾਸ਼ਾਈ ਵਾਤਾਵਰਣ ਵਿਚ ਪਲਦੀ ਹੈ। ਉਸ ਦੀ ਮਾਂ ਬੰਗਾਲੀ ਹੈ, ਪਿਓ ਪੰਜਾਬੀ, ਰਾਜ ਭਾਸ਼ਾ ਤੇਲਗੂ ਹੈ, ਆਲੇ-ਦੁਆਲੇ ਦੀ ਭਾਸ਼ਾ ਹਿੰਦੀ ਅਤੇ ਦੱਖਣੀ ਹੈ ਅਤੇ ਕਸਤੂਰੀ ਦੀ ਸਕੂਲ ਦੀ ਭਾਸ਼ਾ ਅੰਗਰੇਜ਼ੀ ਹੈ। ਤਿੰਨ ਸਾਲ ਦੀ ਉਮਰ ਵਿਚ ਉਹ ਇਹ ਸਾਰੀਆਂ ਭਾਸ਼ਾਵਾਂ ਚੰਗੀ ਤਰ੍ਹਾਂ ਸਮਝ ਸਕਦੀ ਸੀ ਅਤੇ ਉਸ ਨੇ ਇਨ੍ਹਾਂ ਭਾਸ਼ਾਵਾਂ ਦੀਆਂ ਬਾਲ-ਕਵਿਤਾਵਾਂ, ਗੀਤ ਅਤੇ ਕਹਾਣੀਆਂ ਵੀ ਰਟੀਆਂ ਹੋਈਆਂ ਸਨ। ਜਦੋਂ ਉਹ ਸਕੂਲ ਗਈ ਤਾਂ ਸਾਰਿਆਂ ਨੂੰ ਉਨ੍ਹਾਂ ਦੀ ਮਾਂ ਬੋਲੀ ਬਾਰੇ ਪੁੱਛਿਆ ਗਿਆ। ਕਸਤੂਰੀ ਨੇ ਆਪਣੀ ਮਾਂ ਬੋਲੀ ਪੰਜਾਬੀ ਦੱਸੀ, ਹਾਲਾਂਕਿ ਉਹ ਪੰਜਾਬੀ ਦਾ ਇਕ ਸ਼ਬਦ ਵੀ ਘਰ ਵਿਚ ਨਹੀਂ ਬੋਲਦੀ ਸੀ।

ਡਾ. ਸੁਖਵਿੰਦਰ ਸਿੰਘ ਸੰਘਾ

ਕੀ ਇਹ ਅਜਿਹਾ ਤਾਂ ਨਹੀਂ ਹੈ ਕਿ ਪਿਤਾ-ਪੁਰਖੀ ਚੇਤਨਾ ਏਨੀ ਛੋਟੀ ਉਮਰ ਵਿਚ ਹੀ ਬੱਚਿਆਂ ਦੇ ਅੰਦਰ ਘਰ ਕਰ ਜਾਂਦੀ ਹੈ?

ਪਰ ਸਮੇਂ ਦੇ ਨਾਲ ਉਸ ਨੂੰ ਪੰਜਾਬੀ ਮਾਂ-ਬੋਲੀ ਦੇ ਦਾਅਵੇ ਦੇ ਤਰਕ ਦੀ ਬੇਹੂਦਗੀ ਦਾ ਅਹਿਸਾਸ ਹੋ ਜਾਂਦਾ ਹੈ ਅਤੇ ਉਹ ਆਪਣੇ ਆਪ ਨੂੰ ਦੋ-ਭਾਸ਼ਾਈ ਮਾਪਿਆਂ, ਬੰਗਾਲੀ ਅਤੇ ਪੰਜਾਬੀ, ਦੀ ਔਲਾਦ ਵਜੋਂ ਦੇਖਣਾ ਸ਼ੁਰੂ ਕਰ ਦਿੰਦੀ ਹੈ। ਜਦੋਂ ਉਹ ਉਚੇਰੀ ਸਿੱਖਿਆ ਲਈ ਬਿਟਸ ਗੋਆ (Birla Institute of Technology and Science, Goa) ਜਾਂਦੀ ਹੈ, ਜਿੱਥੇ ਦੇਸ਼ ਦੇ ਸਾਰੇ ਹਿੱਸਿਆਂ ਤੋਂ ਵੱਖ-ਵੱਖ ਮਾਤ ਭਾਸ਼ਾਵਾਂ ਬੋਲਣ ਵਾਲੇ ਵਿਦਿਆਰਥੀ ਆਉਂਦੇ ਹਨ, ਤਾਂ ਉਸ ਦੀ ਮਾਂ ਬੋਲੀ ਦੀ ਪਛਾਣ ਅਚੇਤ ਪੰਜਾਬੀ ਤੋਂ ਸਰਕਦੀ ਬੰਗਾਲੀ ਵਲ ਚਲੀ ਜਾਂਦੀ ਹੈ ਅਤੇ ਉਹ ਆਪਣੀ ਮਾਂ ਨਾਲ ਪਹਿਲਾਂ ਨਾਲੋਂ ਵੱਧ ਗੱਲਾਂ ਬੰਗਾਲੀ ਵਿਚ ਕਰਨੀਆਂ ਸ਼ੁਰੂ ਕਰ ਦਿੰਦੀ ਹੈ। ਪਰ ਉਸ ਦੇ ਬੰਗਾਲੀ ਮਾਂ ਬੋਲੀ ਦੇ ਨਿਸ਼ਚਿਤ ਗਿਆਨ ਵਿਚ ਵੀ ਕਾਫ਼ੀ ਭਾਸ਼ਾਵਿਗਿਆਨਕ ਤਰਲਤਾ ਸੀ ਅਤੇ ਉਹ ਆਮ ਬੋਲ-ਚਾਲ ਵਿਚ ਕਿਸੇ ਇਕ ਭਾਸ਼ਾ ਤੇ ਟਿਕਦੀ ਨਹੀਂ ਸੀ। ਜਦੋਂ ਮਾਂ ਬੰਗਾਲੀ ਵਿਚ ਬੋਲਦੀ ਤਾਂ ਉਹ ਹਿੰਦੀ ਵਿਚ ਜਵਾਬ ਦਿੰਦੀ, ਮਾਂ ਹਿੰਦੀ ਬੋਲਦੀ ਤਾਂ ਉਹ ਅੰਗਰੇਜ਼ੀ ਵਿਚ ਜਵਾਬ ਦਿੰਦੀ, ਮਾਂ ਅੰਗਰੇਜ਼ੀ ਬੋਲਦੀ ਤਾਂ ਉਹ ਬੰਗਾਲੀ ਵਿਚ ਜਵਾਬ ਦਿੰਦੀ। ਅਜਿਹੀ ਵਾਰਤਾਲਾਪ ਦੇ ਹਰ ਉਚਾਰ ਨੂੰ ਕਿਸੇ ਇਕ ਜਾਂ ਦੂਜੀ ਭਾਸ਼ਾ ਦਾ ਨਾਂ ਦਿੱਤਾ ਜਾ ਸਕਦਾ ਹੈ ਪਰ ਪ੍ਰਵਚਨ ਦੀ ਭਾਸ਼ਾ ਭਾਸ਼ਾਵਾਂ ਦੇ ਇਸ ਸੌੜੇ ਵਰਗੀਕਰਨ ਤੋਂ ਇਨਕਾਰ ਕਰਦੀ ਹੈ।

ਕੀ ਅਸੀਂ ਇਸ ਨੂੰ ਕਿਸੇ ਇਕ ਭਾਸ਼ਾ ਤੱਕ ਸੀਮਤ ਕਰ ਸਕਦੇ ਹਾਂ?

ਜਦੋਂ ਮੈਂ 1984 ਵਿਚ ਯੂ.ਜੀ.ਸੀ. ਦੀ ਸਕਾਲਰਸ਼ਿਪ ਲੈ ਕੇ ਅਸਮਾਨੀਆ ਯੂਨੀਵਰਸਿਟੀ ਹੈਦਰਾਬਾਦ ਗਿਆ ਤਾਂ ਡਾ. ਜੋਗਾ ਸਿੰਘ (ਓਦੋਂ ਡਾਕਟਰ ਨਹੀਂ ਸਨ) ਪਹਿਲਾਂ ਤੋਂ ਹੀ ਓਥੇ ਸਨ। ਉਹ ਮੇਰੇ ਨਾਲੋਂ ਛੇ ਕੁ ਮਹੀਨੇ ਪਹਿਲਾਂ ਆਏ ਸਨ। ਮੇਰੀ ਅੰਗਰੇਜ਼ੀ ਭਾਸ਼ਾ ਦੀ 'ਮੁਹਾਰਤ' ਵੇਖ ਕੇ ਉਹ ਮੈਨੂੰ ਡਾ. ਅਦਿਤੀ ਮੁਖਰਜੀ ਕੋਲ ਲੈ ਗਏ ਜੋ ਕੁੱਝ ਸਾਲ ਪਹਿਲਾਂ ਹੀ ਦਿੱਲੀ ਯੂਨੀਵਰਸਿਟੀ ਦਿੱਲੀ ਤੋਂ ਰੀਡਰ ਦੀ ਆਸਾਮੀ 'ਤੇ ਪਦਉਨਤ ਹੋ ਕੇ ਇੱਥੇ ਆਏ ਸਨ (ਅੱਜ ਕਲ ਰੀਡਰ ਦੀ ਆਸਾਮੀ ਨੂੰ ਐਸੋਸੀਏਟ ਪ੍ਰੋਫ਼ੈਸਰ ਕਿਹਾ ਜਾਂਦਾ ਹੈ) ਡਾ. ਅਦਿਤੀ ਮੁਖਰਜੀ ਉਸ ਸਮੇਂ ਅਜੇ ਸਿੰਗਲ ਸਨ। ਉਹ ਸਮਾਜ ਭਾਸ਼ਾਵਿਗਿਆਨ ਵਿਸ਼ੇ ਦੇ ਮਾਹਰ ਸਨ। ਉਨ੍ਹਾਂ ਨੇ ਦਿੱਲੀ ਯੂਨੀਵਰਸਿਟੀ ਦੇ ਭਾਸ਼ਾਵਿਗਿਆਨ ਵਿਭਾਗ ਵਿਖੇ ਦੇਸ਼ ਵੰਡ ਦੌਰਾਨ ਦਿੱਲੀ ਵਿਚ ਆ ਕੇ ਵਸੇ ਬੰਗਾਲੀ ਅਤੇ ਪੰਜਾਬੀ ਆਵਾਸੀਆਂ ਦੀ ਭਾਸ਼ਾ ਦਾ ਤੁਲਨਾਤਮਕ ਸਮਾਜ ਭਾਸ਼ਾਵਿਗਿਆਨਕ ਅਧਿਐਨ ਵਿਸ਼ੇ 'ਤੇ ਆਪਣਾ ਪੀਐਚ.ਡੀ. ਦਾ ਖੋਜ ਕਾਰਜ ਮੁਕੰਮਲ ਕੀਤਾ ਸੀ। ਇਸ ਕਰਕੇ ਉਹ ਅੰਗਰੇਜ਼ੀ ਬੰਗਾਲੀ ਤੋਂ ਇਲਾਵਾ ਹਿੰਦੀ ਪੰਜਾਬੀ ਵੀ ਬੋਲ ਸਮਝ ਲੈਂਦੇ ਸਨ। ਡਾ. ਅਦਿਤੀ ਮੁਖਰਜੀ ਅਸਮਾਨੀਆ ਯੂਨੀਵਰਸਿਟੀ ਹੈਦਰਾਬਾਦ ਦੇ ਰਿਹਾਇਸ਼ੀ ਕਵਾਰਟਰਾਂ ਦੀ ਪਹਿਲੀ ਮੰਜ਼ਿਲ 'ਤੇ ਰਹਿੰਦੇ ਸਨ। ਸਾਡੇ ਜਾਣ ਤੋਂ ਪਹਿਲਾਂ ਹੀ ਓਥੇ ਡਾ. ਲਕਸ਼ਮੀਬਾਈ, ਡਾ. ਸੀ. ਰਾਮਾਰਾਓ ਬੈਠੇ ਸਨ। ਅਸੀਂ ਕੁੱਲ ਪੰਜ ਜਣੇ ਸਾਂ ਅਤੇ ਸਾਰਿਆਂ ਦੀ ਹੀ ਮਾਂ-ਬੋਲੀ ਅਲੱਗ-ਅਲੱਗ ਸੀ। ਡਾ. ਅਦਿਤੀ ਮੁਖਰਜੀ ਬੰਗਾਲੀ, ਡਾ. ਲਕਸ਼ਮੀਬਾਈ ਤਾਮਿਲ, ਡਾ.ਸੀ. ਰਾਮਾਰਾਓ ਤੇਲਗੂ, ਜੋਗਾ ਸਿੰਘ ਹਰਿਆਣੇ ਵਿਚ ਜੰਮੇ-ਪਲੇ ਹੋਣ ਕਰਕੇ ਹੈਦਰਾਬਾਦ ਵਿਚ ਉਸ ਦੀ ਵਿਹਾਰਕ ਭਾਸ਼ਾ ਹਿੰਦੀ ਸੀ ਅਤੇ ਮੈਂ ਪੰਜਾਬੀ। ਅਸੀਂ ਰਲ-ਮਿਲਾ ਕੇ ਖਿਚੜੀ ਭਾਸ਼ਾ, ਜਿਸਨੂੰ ਪ੍ਰਾਕਿਰਤ ਵੀ ਕਹਿ ਲਿਆ ਜਾਂਦਾ ਹੈ, ਵਿਚ ਗੱਲਾਂ ਕੀਤੀਆਂ। ਮੇਰੀ ਪ੍ਰਾਕਿਰਤਾਂ ਦਾ ਰੰਗ ਵਧੇਰੇ 'ਮਜੀਠ' ਸੀ। ਗੱਲਾਂ ਦਾ ਰੁੱਖ ਬਦਲਦਿਆਂ। ਡਾ. ਅਦਿਤੀ ਮੁਖਰਜੀ ਨੇ ਮੈਨੂੰ ਪੁੱਛਿਆ ਕਿ ਤੁਸੀਂ ਪੰਜਾਬ ਦੇ ਕਿਸ ਜ਼ਿਲ੍ਹੇ ਤੋਂ ਹੋ? ਮੈਂ ਕਿਹਾ 'ਮੈਡਮ, ਕਰਪੂਰਥਲੇ ਤੋਂ'। 'ਇਟਸ ਵੰਡਰਫੁਲ!'। ਆਪਾਂ ਤੇਰੇ ਇਲਾਕੇ ਦੀ ਭਾਸ਼ਾ ਦਾ ਸਮਾਜ ਭਾਸ਼ਾਵਿਗਿਆਨਕ ਅਧਿਐਨ ਕਰਾਂਗੇ। ਜੇ ਤੂੰ ਐਮ.ਏ. ਪੰਜਾਬੀ ਅਤੇ ਐਮ.ਏ. ਭਾਸ਼ਾਵਿਗਿਆਨ ਕਰਕੇ ਵੀ 'ਕਪੂਰਥਲਾ' ਨੂੰ 'ਕਰਪੂਰਥਲਾ' ਬੋਲਦਾ ਹੈਂ ਤਾਂ ਤੇਰੇ ਇਲਾਕੇ ਦੇ ਲੋਕਾਂ ਦੀ ਭਾਸ਼ਾ ਤਾਂ ਕਮਾਲ ਦੀ ਹੋਵੇਗੀ। ਮੈਡਮ ਨੂੰ ਬਹੁਭਾਸ਼ਾਵਾਦ, ਮਾਂ-ਬੋਲੀ ਦੀ ਪਰਿਭਾਸ਼ਾ ਅਤੇ ਭਾਸ਼ਾਵਾਂ/ਉਚਾਰਨ ਦੀ ਅਸਪਸ਼ਟਤਾ ਅਤੇ ਅਨਿਯਮਤਾ ਦੇ ਪਿਛੋਕੜ ਵਿਚ ਕਾਰਜਸ਼ੀਲ ਸਮਾਜਿਕ ਮਾਪਦੰਡਾਂ ਦੀ ਨਿਸ਼ਾਨਦੇਹੀ ਕਰਨ ਵਿਚ ਬਹੁਤ ਦਿਲਚਸਪੀ ਰਹਿੰਦੀ ਸੀ। ਮੈਂ ਐਮ.ਫਿਲ. ਵਿਚ ਦੁਆਬੀ ਉਪਭਾਸ਼ਾ ਅਤੇ ਪੀਐੱਚ. ਡੀ. ਵਿਚ ਪੰਜਾਬੀ ਭਾਸ਼ਾ ਦੇ ਉਚਾਰਨ ਪੈਟਰਨ ਅਤੇ ਭਾਸ਼ਾ ਵੰਨਗੀਆਂ ਉਪਰ ਖੋਜ ਕਾਰਜ ਡਾ. ਅਦਿਤੀ ਮੁਖਰਜੀ ਦੀ ਨਿਗਰਾਨੀ ਹੇਠ ਮੁਕੰਮਲ ਕੀਤਾ, ਜਿਸਦੀ ਭਾਸ਼ਾਵਿਗਿਆਨ ਦੇ ਖੇਤਰ ਵਿਚ ਕਾਫ਼ੀ ਸਲਾਹੁਣਾ ਹੋਈ। ਕੁੱਝ ਸਮਾਂ ਬਾਦ ਡਾ. ਅਦਿਤੀ ਮੁਖਰਜੀ ਦੀ ਸ਼ਾਦੀ ਪੰਜਾਬੀ ਪਿਛੋਕੜ ਦੇ ਸ੍ਰੀ ਭਾਰਦਵਾਜ ਨਾਲ ਹੋ ਗਈ। ਇਸ ਬੰਗਾਲੀ-ਪੰਜਾਬੀ ਦੰਪਤੀ ਜੋੜੇ ਦੀ ਨੂਰ-ਏ-ਚਸ਼ਮ ਹੀ ਹੈ ਬੇਟੀ ਕਸਤੂਰੀ। ਬਹੁਭਾਸ਼ਿਕਤਾ ਉਸਦੇ ਤਤਕਾਲੀਨ ਵਾਤਾਵਰਣ ਵਿਚ ਵੀ ਸੀ ਅਤੇ ਉਸਦੀ ਪੁਰਖੀ ਵਿਰਾਸਤ ਵਿਚ ਵੀ।

ਉਸ ਦੇ ਭਾਸ਼ਾ ਸੰਸਾਰ ਵਿਚੋਂ ਕਿਸੇ ਇਕ ਭਾਸ਼ਾ ਨੂੰ ਉਸਦੀ ਮਾਂ-ਬੋਲੀ ਗਰਦਾਨ ਦੇਣਾ ਸੰਭਵ ਨਹੀਂ ਹੈ। ਇਸ ਲਈ ਸਾਨੂੰ ਮਾਂ-ਬੋਲੀ ਦੇ ਨਵੇਂ ਭਾਸ਼ਾਵਿਗਿਆਨਕ ਮਾਪਦੰਡਾਂ ਨੂੰ ਤਲਾਸ਼ਣ ਦੀ ਲੋੜ ਹੈ।

ਡਾ. ਅਦਿਤੀ ਮੁਖਰਜੀ ਨੂੰ ਵੀ ਬਹੁਭਾਸ਼ਿਕਤਾ ਵਾਤਾਵਰਣ ਵਿਚੋਂ ਹੀ ਮਿਲੀ। ਉਸਦੇ ਮਾਤਾ-ਪਿਤਾ ਸੰਤਾਲੀ ਦੀ ਭਿਆਨਕ ਵੰਡ ਵੇਲੇ ਪੂਰਬੀ ਪਾਕਿਸਤਾਨ, ਜੋ ਬਾਅਦ ਵਿਚ ਬੰਗਲਾ ਦੇਸ਼ ਬਣਦਾ ਹੈ, ਤੋਂ ਪਰਵਾਸ ਕਰਕੇ ਦਿੱਲੀ ਆਏ ਅਤੇ ਆਪਣੇ ਨਾਲ ਬੰਗਲਾ ਦੀ ਇਕ ਅਪਭ੍ਰੰਸ਼ ਵੰਨਗੀ 'ਬਾਂਗਲ' ਨਾਲ ਲੈ ਕੇ ਆਏ। 'ਬਾਂਗਲ' ਬੰਗਲਾ ਦੀ ਇਕ ਅਜਿਹੀ ਵੰਨਗੀ ਸੀ, ਜੋ ਢਾਕੇ ਦੇ ਇਰਦ-ਗਿਰਦ ਬੋਲੀ ਜਾਂਦੀ ਸੀ। ਉਸਦੇ ਮਾਤਾ-ਪਿਤਾ ਆਪਣੀ ਭਾਸ਼ਾ ਦੇ 'ਰਫ਼ਿਊਜੀ ਰੁਤਬੇ' ਬਾਰੇ ਚੰਗੀ ਤਰ੍ਹਾਂ ਜਾਣੂ ਸਨ ਅਤੇ ਜਾਗਰੂਕ ਵੀ। ਇਸ ਲਈ ਉਹ ਆਪਸ ਵਿਚ ਤਾਂ 'ਬਾਂਗਲ' ਵਿਚ ਗੱਲਬਾਤ ਕਰਦੇ ਪਰ ਬੱਚਿਆਂ ਨਾਲ ਉਹ ਟਕਸਾਲੀ ਬੰਗਲਾ 'ਚਲਿਤ ਬੰਗਲਾ' ਵਿਚ ਹੀ ਗੱਲਬਾਤ ਕਰਦੇ। ਭਾਵੇਂ ਬਾਲ ਕਵਿਤਾਵਾਂ ਅਤੇ ਪਰੀ ਕਥਾਵਾਂ ਟਕਸਾਲੀ ਬੰਗਲਾ ਵਿਚ ਹੁੰਦੀਆਂ ਸਨ ਪਰ ਜਦੋਂ ਉਹ ਉਨ੍ਹਾਂ ਨੂੰ ਸੁਣਾਈਆਂ ਜਾਂਦੀਆਂ ਸਨ ਤਾਂ ਉਹ 'ਸਾਧੂ ਭਾਸ਼ਾ' (ਸੰਸਕ੍ਰਿਤਗਤ ਬੰਗਲਾ) ਵਿਚ ਹੁੰਦੀਆਂ ਸਨ। ਇਸ ਤਰ੍ਹਾਂ ਜੀਵਨ ਦੇ ਮੁੱਢਲੇ ਦਿਨਾਂ ਵਿਚ ਹੀ ਉਨ੍ਹਾਂ ਦੇ ਭਾਸ਼ਾ ਗਿਆਨ ਭੰਡਾਰ ਵਿਚ ਬੰਗਲਾ ਭਾਸ਼ਾ ਦੀਆਂ ਤਿੰਨ ਵੰਨਗੀਆਂ ਦੇ ਨਾਲ ਨਾਲ ਬੋਲਚਾਲੀ ਹਿੰਦੀ ਵੀ ਮੌਜੂਦ ਹੀ। ਡਾ. ਅਦਿਤੀ ਮੁਖਰਜੀ ਦੱਸਦੇ ਹੁੰਦੇ ਸੀ ਕਿ ਇਹੀ ਮੇਰੇ ਬਹੁਭਾਸ਼ੀ ਬਣਨ ਦੀਆਂ ਸਧਾਰਣ ਪ੍ਰਸਥਿਤੀਆਂ ਹਨ।

'ਮੈਂ ਬਹੁਭਾਸ਼ੀ ਬਣੀ ਨਹੀਂ, ਬੱਸ ਬਣ ਗਈ'।

ਵੀਹਵਿਆਂ ਦੇ ਅਰੰਭਲੇ ਦਿਨਾਂ ਤੱਕ ਉਹ ਪੂਰੇ ਵਿਸ਼ਵਾਸ ਨਾਲ ਦਾਅਵਾ ਕਰਦੇ ਸਨ ਕਿ ਉਨ੍ਹਾਂ ਦੀਆਂ ਇਕ ਤੋਂ ਵੱਧ ਮਾਂ-ਬੋਲੀਆਂ ਹਨ, ਬੰਗਲਾ, ਹਿੰਦੀ , ਉਰਦੂ ਅਤੇ ਹਿੰਦੋਸਤਾਨੀ। ਪਰ ਯੂਨੀਵਰਸਿਟੀ ਜਾਂਦਿਆਂ ਹੀ ਉਨ੍ਹਾਂ ਦੇ ਇਸ ਦਾਅਵੇ ਵਿਚ ਤਰੇੜਾਂ ਆ ਗਈਆਂ, ਜਦ ਯੂਨੀਵਰਸਿਟੀ ਵਿਚ ਭਾਸ਼ਾ ਮਾਹਰਾਂ ਨੇ ਉਨ੍ਹਾਂ ਦੀ ਹਿੰਦੀ ਅਤੇ ਬੰਗਾਲੀ ਦੀ ਭਾਸ਼ਾਈ ਸਮਰੱਥਾ ਅਤੇ ਵਿਆਕਰਣਕ ਨਿਰਣਿਆਂ 'ਤੇ ਪ੍ਰਸ਼ਨ ਚਿੰਨ ਲਗਾ ਦਿੱਤੇ। ਉਨ੍ਹਾਂ ਦੀ ਬੰਗਾਲੀ ਇਸ ਕਰਕੇ ਭਰੋਸੇਯੋਗ ਨਹੀਂ ਸੀ, ਕਿਉਂਕਿ ਉਹ ਬੰਗਾਲ ਤੋਂ ਬਾਹਰ ਇਕ 'ਬੰਗਲਾ ਡਾਇਸਫੋਰਾ' ਵਿਚ ਪਲੇ ਸਨ। ਹਿੰਦੀ ਦੀ ਭਰੋਸੇਯੋਗਤਾ ਇਸ ਕਰਕੇ ਨਹੀਂ ਬਣਦੀ ਸੀ ਕਿ ਉਹ ਹਿੰਦੀ ਭਾਸ਼ਾਈ ਮਾਪਿਆਂ ਦੀ ਔਲਾਦ ਨਹੀਂ ਸਨ ਅਤੇ ਉਨ੍ਹਾਂ ਦੀ ਹਿੰਦੀ ਉੱਤੇ ਪੰਜਾਬੀ ਦਾ ਲੇਪਨ ਸੀ। 'ਉਹ ਕਿਸ ਹਿੰਦੀ ਜਾਂ ਬੰਗਲਾ ਦੀ ਗੱਲ ਕਰਦੇ ਸਨ, ਮੇਰੀ ਸਮਝ ਤੋਂ ਬਾਹਰ ਸੀ। ਮੈਨੂੰ ਲੱਗਾ ਕਿ ਮੇਰੀ ਕਿਸੇ ਭਾਸ਼ਾ ਵਿਚ ਵੀ ਮਾਤ-ਭਾਸ਼ਾਈ ਬੁਲਾਰੇ ਵਾਲੀ ਭਾਸ਼ਾ ਸਮਰੱਥਾ ਨਹੀਂ ਹੈ। ਕੀ ਮੈਂ ਕੋਈ ਅਰਧ-ਭਾਸ਼ਾਈ ਜਾਂ ਅ-ਭਾਸ਼ਾਈ ਬੁਲਾਰਾ ਹਾਂ ਜੋ ਕਿਸੇ ਭਾਸ਼ਾਈ ਅਯੋਗਤਾ ਜਾਂ ਭਾਸ਼ਾਈ ਘਾਟ ਤੋਂ ਪੀੜਿਤ ਹੋਵਾਂ?'। ਦਰਅਸਲ ਸਾਡੇ ਭਾਸ਼ਾ-ਮਾਹਰ ਜਿਸ ਭਾਸ਼ਾਵਿਗਿਆਨਕ ਮਾਪਦੰਡਾਂ ਰਾਹੀਂ ਵਿਅਕਤੀ ਦੀ ਬਹੁਭਾਸ਼ਿਕਤਾ, ਦੋਭਾਸ਼ਿਕਤਾ, ਇਕਭਾਸ਼ਿਕਤਾ, ਸੰਯੁਕਤ ਦੋਭਾਸ਼ਿਕਤਾ ਜਾਂ ਸੰਯੋਗੀ ਦੋਭਾਸ਼ਿਕਤਾ ਦੀ ਪਛਾਣ ਕਰਦੇ ਸਨ, ਉਹ ਡਾ. ਅਦਿਤੀ ਮੁਖਰਜੀ ਦੀ 'ਬਹੁਭਾਸ਼ਿਕਤਾ' 'ਤੇ ਉਹ ਲਾਗੂ ਹੀ ਨਹੀਂ ਸਨ ਹੁੰਦੇ। ਅੱਜ ਵੀ ਉਨ੍ਹਾਂ ਨੂੰ ਭਾਸ਼ਾ ਮਾਹਰਾਂ ਵੱਲੋਂ ਅਜਿਹੀਆਂ ਬੇਤੁਕੀਆਂ ਭਾਵਨਾਵਾਂ ਪ੍ਰਾਪਤ ਹੁੰਦੀਆਂ ਰਹਿੰਦੀਆਂ ਹਨ ਅਤੇ ਉਹ ਸੋਚਦੇ ਹਨ ਕਿ ਇਹ ਭਾਸ਼ਾਈ ਦੂਸਰਾਪਣ ਕਦੋਂ ਖ਼ਤਮ ਹੋਵੇਗਾ? ਪਰ ਇਹ ਭਾਸ਼ਾਈ ਅਜੀਬੋਗਰੀਬ ਤੇ ਵਿਅੰਗਾਤਮਕ ਸਥਿਤੀ ਇਹ ਸੋਚਣ ਲਈ ਜ਼ਰੂਰ ਮਜਬੂਰ ਕਰਦੀ ਹੈ ਕਿ ਕੀ ਬਹੁਭਾਸ਼ਾਈ ਮਨ ਇਕਭਾਸ਼ਾਈ ਮਨ ਨਾਲੋਂ ਗੁਣਾਤਮਕ ਤੌਰ 'ਤੇ ਭਿੰਨ ਹੁੰਦਾ ਹੈ? ਕੀ 'ਵਿਆਕਰਣਿਕਤਾ' ਦਾ ਸੰਕਲਪ ਦੋਪਾਸੜੀ ਨਾਲੋਂ ਵਧੇਰੇ ਸੂਖ਼ਮ ਅਤੇ ਸੰਮਿਲਤ ਹੋ ਸਕਦਾ ਹੈ? ਇਸ ਬਾਰੇ ਚਿੰਤਨ ਕਰਨ ਦੀ ਲੋੜ ਹੈ।

ਡਾ. ਅਦਿਤੀ ਮੁਖਰਜੀ ਅੱਸੀਵਿਆਂ ਦੇ ਸ਼ੁਰੂ ਵਿਚ ਅਸਮਾਨੀਆ ਯੂਨੀਵਰਸਿਟੀ ਹੈਦਰਾਬਾਦ ਦੇ ਭਾਸ਼ਾ ਵਿਗਿਆਨ ਵਿਭਾਗ ਵਿਚ ਐਸੋਸੀਏਟ ਪ੍ਰੋਫ਼ੈਸਰ ਬਣ ਕੇ ਚਲੇ ਗਏ ਜਿੱਥੇ ਉਨ੍ਹਾਂ ਦਾ ਵਾਹ ਦਰਾਵੜ ਭਾਸ਼ਾ ਤੇਲਗੂ ਨਾਲ ਅਤੇ ਆਰੀਆਈ ਭਾਸ਼ਾ ਦੱਖਣੀ ਹਿੰਦੀ ਨਾਲ ਪੈਂਦਾ ਹੈ ਅਤੇ ਉਹ ਉਨ੍ਹਾਂ ਵਿਚ ਘੁਲ-ਮਿਲ ਜਾਂਦੇ ਹਨ। ਦਰਅਸਲ ਡਾ. ਅਦਿਤੀ ਮੁਖਰਜੀ ਦਾ ਬਹੁਭਾਸ਼ਾਵਾਦ ਭਾਰਤ ਦੀ ਮਿਸ਼ੀ ਤਹਿਜ਼ੀਬ ਦਾ ਇਕ ਖ਼ੂਬਸੂਰਤ ਨਮੂਨਾ ਹੈ ਜਿਸ ਵਿਚ ਰੰਗ, ਰੂਪ 'ਤੇ ਨਸਲ ਦੇ ਰੰਗ ਫਿੱਕੇ ਪੈ ਜਾਂਦੇ ਹਨ। ਇੱਥੇ ਬੇਗਾਨਗੀ ਨਹੀਂ, ਦੂਸਰਾਪਣ ਨਹੀਂ, ਸਗੋਂ ਆਪਣਾਪਣ ਅਤੇ ਸੰਮਿਲਤਤਾ ਦੀ ਭਾਵਨਾ ਹੈ। ਇਹੀ ਭਾਰਤੀਅਤਾ ਹੈ, ਹਿੰਦੋਸਤਾਨੀਅਤਾ ਹੈ। ਜਦੋਂ ਮੈਡਮ ਨੂੰ ਅਸੀਂ ਹਾਸ-ਵਿਅੰਗ ਵਿਚ ਪੁੱਛਦੇ ਹਾਂ ਕਿ ਤੁਹਾਡੀ ਮਾਂ ਬੋਲੀ ਕਿਹੜੀ ਹੈ ਤਾਂ ਉਹ ਅੱਗੋਂ ਮੁਸਕਰਾਉਂਦੇ 'ਮੀਰ' ਦਾ ਇਹ ਸ਼ਿਅਰ ਸੁਣਾ ਦਿੰਦੇ:

ਮੀਰ ਕੇ ਦੀਨ-ਓ-ਮਜ਼ਹਬ ਕੋ ਅਬ ਪੂਛਤੇ ਕਯਾ ਹੋ
ਉਨ ਨੇ ਤੋ ਕਸ਼ਕਾ ਖੀਂਚਾ ਦੈਰ ਮੇਂ ਬੈਠਾ ਕਬ ਕਾ ਤਰਕ ਇਸਲਾਮ ਕੀਆ।

# ਕੌਮਾਂਤਰੀ ਪੱਧਰ 'ਤੇ ਨਿਆਂ ਯਕੀਨੀ ਬਣਾਉਂਦੀ ਹੈ ਇੰਟਰਨੈਸ਼ਨਲ ਕ੍ਰਿਮਿਨਲ ਕੋਰਟ

**ਕੌਮਾਂਤਰੀ ਅਪਰਾਧਕ ਨਿਆਂ ਦਿਵਸ' 'ਤੇ ਵਿਸ਼ੇਸ਼**

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ: 97816-46008

ਕੌਮਾਂਤਰੀ ਅਪਰਾਧਕ ਨਿਆਂ ਦਿਵਸ ਨੂੰ 'ਡੇਅ ਆਫ਼ ਇੰਟਰਨੈਸ਼ਨਲ ਕ੍ਰਿਮਿਨਲ ਜਸਟਿਸ' ਵਜੋਂ ਦੁਨੀਆ ਭਰ ਵਿਚ ਮਨਾਇਆ ਜਾਂਦਾ ਹੈ। ਇਤਿਹਾਸਕ ਹਵਾਲੇ ਦੱਸਦੇ ਹਨ ਕਿ 17 ਜੁਲਾਈ, 1998 ਵਿਚ 17 ਮੁਲਕਾਂ ਦੇ ਨੁਮਾਇੰਦਿਆਂ ਵੱਲੋਂ 'ਰੋਮ ਸਟੈਚੂ' ਨਾਮਕ ਸੰਧੀ ਕੀਤੀ ਗਈ ਸੀ ਤੇ 124 ਮੁਲਕਾਂ ਨੇ ਇਸ ਸੰਧੀ 'ਤੇ ਹਸਤਾਖ਼ਰ ਕਰ ਕੇ ਕੌਮਾਂਤਰੀ ਪੱਧਰ 'ਤੇ ਨਿਆਂ ਪ੍ਰਦਾਨ ਕਰਨ ਹਿੱਤ ਇਕ ਅਦਾਰਾ ਕਾਇਮ ਕਰਨ ਅਤੇ ਨਿਯਮ ਬਣਾਉਣ ਦੀ ਪ੍ਰਕਿਰਿਆ ਦੀ ਨੀਂਹ ਰੱਖੀ ਸੀ। ਦਰਅਸਲ 1 ਜੁਲਾਈ, 2002 ਨੂੰ 'ਇੰਟਰਨੈਸ਼ਨਲ ਕ੍ਰਿਮਿਨਲ ਕੋਰਟ' ਦੀ ਸਥਾਪਨਾ ਕੀਤੀ ਗਈ ਸੀ ਤੇ ਜੇਕਰ ਇਸਦੇ ਢਾਂਚੇ ਦੀ ਗੱਲ ਕੀਤੀ ਜਾਵੇ ਤਾਂ ਇਸ ਅਦਾਲਤ ਵਿਚ 18 ਜੱਜ ਕੰਮ ਕਰਦੇ ਹਨ, ਜਿਨ੍ਹਾਂ ਦਾ ਕਾਰਜਕਾਲ ਨੌਂ ਸਾਲ ਦਾ ਹੁੰਦਾ ਹੈ। 'ਕੌਮਾਂਤਰੀ ਨਿਆਂ ਦਿਵਸ' ਮਨਾਉਣ ਦਾ ਫ਼ੈਸਲਾ 1 ਜੂਨ, 2010 ਨੂੰ ਯੁਗਾਂਡਾ ਦੇ ਕੰਪਾਲਾ ਵਿਖੇ ਹੋਈ ਕੌਮਾਂਤਰੀ ਕਾਨਫਰੰਸ ਵਿਚ ਕੀਤਾ ਗਿਆ ਸੀ, ਜਿਸ ਵਿਚ ਸੰਨ 1998 ਦੀ 'ਰੋਮ ਸਟੈਚੂ' ਸੰਧੀ ਨੂੰ ਰੀਵਿਊ ਕਰਨ ਭਾਵ ਪੁਨਰ ਵਿਚਾਰ ਕਰਨ ਦਾ ਕਾਰਜ ਕੀਤਾ ਗਿਆ ਸੀ। ਇਥੇ ਇਹ ਦੱਸਣਯੋਗ ਹੈ ਕਿ ਚੀਨ, ਭਾਰਤ, ਅਮਰੀਕਾ ਅਤੇ ਰੂਸ ਇਸ ਮਹੱਤਵਪੂਰਨ ਸੰਧੀ ਦੇ ਮੈਂਬਰਾਂ ਵਿਚ ਸ਼ਾਮਿਲ ਨਹੀਂ ਹਨ, ਜਿਸ ਕਰਕੇ ਇਹ ਚਾਰੇ ਮੁਲਕ 'ਕੌਮਾਂਤਰੀ ਅਪਰਾਧਕ ਨਿਆਂ ਅਦਾਲਤ' ਦਾ ਵੀ ਹਿੱਸਾ ਨਹੀਂ ਹਨ। ਇਸ ਦਿਵਸ ਮੌਕੇ ਵੱਖ-ਵੱਖ ਦੇਸ਼ਾਂ ਅੰਦਰ 'ਕੌਮਾਂਤਰੀ ਅਪਰਾਧਕ ਨਿਆਂ ਅਦਾਲਤ' ਨੂੰ ਸਮਰਥਨ ਦੇਣ ਲਈ ਅਤੇ ਅਪਰਾਧਕ ਨਿਆਂ ਨੂੰ ਕੌਮਾਂਤਰੀ ਪੱਧਰ 'ਤੇ ਯਕੀਨੀ ਬਣਾਉਣ ਸਬੰਧੀ ਕਈ ਪ੍ਰਕਾਰ ਦੇ ਸਮਾਗਮ ਕਰਵਾਏ ਜਾਂਦੇ ਹਨ।

ਦਰਅਸਲ 'ਇੰਟਰਨੈਸ਼ਨਲ ਕ੍ਰਿਮਿਨਲ ਕੋਰਟ' ਦਾ ਗਠਨ ਇਸ ਕਰ ਕੇ ਕੀਤਾ ਗਿਆ ਸੀ ਤਾਂ ਜੋ ਲੋਕਾਂ ਨੂੰ ਕੌਮਾਂਤਰੀ ਪੱਧਰ 'ਤੇ ਵੀ ਇਨਸਾਫ਼ ਹਾਸਲ ਹੋ ਸਕੇ ਅਤੇ ਕੌਮਾਂਤਰੀ ਪੱਧਰ ਦੇ ਅਪਰਾਧੀਆਂ ਨੂੰ ਉਨ੍ਹਾਂ ਦੇ ਅਸਲ ਅੰਜਾਮ ਤੱਕ ਪਹੁੰਚਾਇਆ ਜਾ ਸਕੇ। ਇਹ ਦਿਨ ਉਨ੍ਹਾਂ ਸਾਰੇ ਲੋਕਾਂ ਨੂੰ ਇੱਕਜੁਟ ਹੋ ਕੇ ਅੱਗੇ ਵਧਣ ਦੀ ਪ੍ਰੇਰਨਾ ਦਿੰਦਾ ਹੈ, ਜੋ ਨਿਆਂ ਦੇ ਹਾਮੀ ਹਨ। ਇਹ ਦਿਵਸ ਸਿਆਸੀ ਜਾਂ ਸਮਾਜਿਕ ਵਿਤਕਰੇ ਜਾਂ ਚਾਲਬਾਜ਼ੀ ਦੇ ਸ਼ਿਕਾਰ ਲੋਕਾਂ ਦੇ ਹੱਕਾਂ ਦੀ ਰਾਖੀ ਕਰਨ ਦੇ ਹੱਕ ਵਿਚ ਆਵਾਜ਼ ਬੁਲੰਦ ਕਰ ਕੇ ਅਜਿਹੇ ਜੁਰਮਾਂ ਨੂੰ ਠੱਲ੍ਹ ਪਾਉਣ ਦੀ ਗੱਲ ਕਰਦਾ ਹੈ ਜੋ ਦੁਨੀਆਂ ਦੀ ਸ਼ਾਂਤੀ, ਸੁਰੱਖਿਆ ਅਤੇ ਭਲੇ ਨੂੰ ਖ਼ਤਰੇ 'ਚ ਪਾਉਂਦੇ ਹੋਣ। ਇਸ ਦਿਨ ਦੁਨੀਆਂ ਭਰ ਵਿਚ ਨਿਆਂ ਦੇ ਹਾਮੀ ਲੋਕ ਵੱਖ-ਵੱਖ ਸਮਾਗਮ ਅਤੇ ਸੈਮੀਨਾਰ ਆਯੋਜਿਤ ਕਰਦੇ ਹਨ ਤਾਂ ਜੋ ਇੰਟਰਨੈਸ਼ਨਲ ਕ੍ਰਿਮਿਨਲ ਜਸਟਿਸ ਦਾ ਝੰਡਾ ਬੁਲੰਦ ਹੋ ਸਕੇ ਅਤੇ ਇੰਟਰਨੈਸ਼ਨਲ ਕ੍ਰਿਮਿਨਲ ਕੋਰਟ ਨੂੰ ਸਮਰਥਨ ਹਾਸਿਲ ਹੋ ਸਕੇ।

ਕੌਮਾਂਤਰੀ ਅਪਰਾਧਿਕ ਮਾਮਲਿਆਂ ਸਬੰਧੀ ਬਣਾਈ ਗਈ ਇਸ ਵਿਸ਼ੇਸ਼ ਅਦਾਲਤ ਵਿਚ ਉਨ੍ਹਾਂ ਲੋਕਾਂ 'ਤੇ ਮੁਕੱਦਮੇ ਚਲਾਏ ਜਾਂਦੇ ਹਨ ਜਿਨ੍ਹਾਂ 'ਤੇ ਨਸਲੀ ਆਧਾਰ 'ਤੇ ਸਮੂਹਿਕ ਹੱਤਿਆਕਾਂਡ ਕਰਨ, ਯੁੱਧ ਸਬੰਧੀ ਜੁਰਮ ਕਰਨ ਅਤੇ ਮਨੁੱਖਤਾ ਦੇ ਘਾਣ ਸਬੰਧੀ ਕੀਤੇ ਗਏ ਜੁਰਮ ਸ਼ਾਮਿਲ ਹੁੰਦੇ ਹਨ। ਇਹ ਅਦਾਲਤ ਵੱਖ-ਵੱਖ ਦੇਸ਼ਾਂ ਦੀਆਂ ਆਪਣੀਆਂ ਉੱਚ-ਅਦਾਲਤਾਂ ਦੀ ਥਾਂ ਨਹੀਂ ਲੈਂਦੀ, ਕੇਵਲ ਉਸ ਵੇਲੇ ਹੀ ਹਰਕਤ ਵਿਚ ਆਉਂਦੀ ਹੈ ਜਦੋਂ ਕੋਈ ਦੇਸ਼ ਕਿਸੇ ਦੋਸ਼ੀ ਖ਼ਿਲਾਫ਼ ਜਾਂ ਤਾਂ ਲੋੜੀਂਦੀ ਕਾਨੂੰਨੀ ਕਾਰਵਾਈ ਕਰਨਾ ਨਹੀਂ ਚਾਹੁੰਦਾ ਜਾਂ ਕਿਸੇ ਕਾਰਨ ਕਾਰਵਾਈ ਕਰਨ ਵਿਚ ਅਸਮਰੱਥ ਮਹਿਸੂਸ ਕਰਦਾ ਹੈ। ਪਾਕਿਸਤਾਨੀ ਸਰਕਾਰ ਅਤੇ ਪੁਲਿਸ ਵੱਲੋਂ ਦਾਊਦ ਇਬਰਾਹੀਮ ਜਾਂ ਮੌਲਾਨਾ ਮਸੂਦ ਅਜ਼ਹਰ ਜਿਹੇ ਭਾਰਤ ਨੂੰ ਲੋੜੀਂਦੇ ਅੱਤਿਵਾਦੀਆਂ ਸਬੰਧੀ ਬਣਦੀ ਕਾਨੂੰਨੀ ਕਾਰਵਾਈ ਨਾ ਕਰਨ ਨੂੰ ਇਸ ਪਰਿਪੇਖ ਵਿਚ ਵੇਖਿਆ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਇਸ ਅਦਾਲਤ ਵਿਚ ਮੁੱਖ ਤੌਰ 'ਤੇ ਅੰਗਰੇਜ਼ੀ ਅਤੇ ਫ਼ਰੈਂਚ ਭਾਸ਼ਾਵਾਂ ਵਿਚ ਕੰਮ ਕੀਤਾ ਜਾਂਦਾ ਹੈ ਪਰ ਇਨ੍ਹਾਂ ਤੋਂ ਇਲਾਵਾ ਚੀਨੀ, ਰੂਸੀ, ਸਪੈਨਿਸ਼ ਅਤੇ ਅਰਬੀ ਭਾਸ਼ਾਵਾਂ ਦੀ ਵਰਤੋਂ ਵੀ ਇਥੇ ਕੀਤੀ ਜਾਂਦੀ ਹੈ।

ਕੌਮਾਂਤਰੀ ਅਪਰਾਧਕ ਨਿਆਂ ਅਦਾਲਤ ਦੀ ਵਰਤਮਾਨ ਮੁਖੀ ਸ੍ਰੀਮਤੀ ਟੋਮੋਕੋ ਅਕਾਨੇ ਹੈ ਜਿਸਨੇ 11 ਮਾਰਚ, 2024 ਨੂੰ ਤਿੰਨ ਸਾਲ ਲਈ ਇਹ ਅਹੁਦਾ ਸੰਭਾਲਿਆ ਸੀ। ਇਸ ਦਿਵਸ ਬਾਰੇ ਆਪਣੇ ਵਿਚਾਰ ਰੱਖਦਿਆਂ ਸ੍ਰੀਮਤੀ ਟੋਮੋਕੋ ਅਕਾਨੇ ਆਖਦੇ ਹਨ, 'ਅੱਜ ਦੇ ਦਿਨ ਨਾਲ ਜੁੜੀ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਅਸੀਂ ਇਹ ਯਾਦ ਰੱਖੀਏ ਕਿ ਕੌਮਾਂਤਰੀ ਅਪਰਾਧਕ ਨਿਆਂ ਅਦਾਲਤ ਦੀ ਸਥਾਪਨਾ ਕਿਉਂ ਕੀਤੀ ਗਈ ਸੀ ਅਤੇ ਇਹ ਵੀ ਸਮਝੀਏ ਕਿ ਇਹ ਕਿੰਨਾ ਜ਼ਰੂਰੀ ਅਤੇ ਅਹਿਮ ਹੋ ਜਾਂਦਾ ਹੈ ਕਿ ਇਹ ਅਦਾਲਤ ਬਿਨਾ ਕਿਸੇ ਬਾਹਰੀ ਦਬਾਅ ਦੇ ਬਿਲਕੁਲ ਨਿਰਪੱਖ ਹੋ ਕੇ ਫ਼ੈਸਲੇ ਸੁਣਾਏ। ਅਸੀਂ ਆਪਣੇ ਕਾਰਜਾਂ ਰਾਹੀਂ ਇਥੇ ਸੰਗੀਨ ਤੋਂ ਸੰਗੀਨ ਅਪਰਾਧਾਂ ਲਈ ਬਣਦੀ ਸਜ਼ਾ ਪ੍ਰਦਾਨ ਕਰਨ ਹਿਤ ਜੱਦੋ-ਜਹਿਦ ਕਰਦੇ ਹਾਂ ਤੇ ਹਰੇਕ ਸਹੀ ਫ਼ੈਸਲੇ ਦੇ ਨਾਲ ਅਸੀਂ ਨਿਆਂਪੂਰਨ ਦੁਨੀਆਂ ਵੱਲ ਇਕ ਕਦਮ ਹੋਰ ਅੱਗੇ ਵਧ ਜਾਂਦੇ ਹਾਂ। ਇਕ ਆਜ਼ਾਦ ਅਤੇ ਨਿਰਪੱਖ ਕਾਨੂੰਨੀ ਸੰਸਥਾ ਹੋਣ ਕਰਕੇ ਕੌਮਾਂਤਰੀ ਅਪਰਾਧਕ ਨਿਆਂ ਅਦਾਲਤ ਕੌਮਾਂਤਰੀ ਪੱਧਰ 'ਤੇ ਕਾਨੂੰਨ ਦਾ ਰਾਜ ਸਥਾਪਿਤ ਕਰਨ ਵਿਚ ਮਹੱਤਵਪੂਰਨ ਕਿਰਦਾਰ ਅਦਾ ਕਰਦੀ ਹੈ।' ਇਸ ਅਦਾਲਤ ਨਾਲ ਜੁੜੇ ਵਕੀਲ ਜਨਾਬ ਏ.ਏ. ਕਰੀਮ ਦਾ ਕਹਿਣਾ ਹੈ, 'ਮੇਰਾ ਅਤੇ ਅਦਾਲਤ ਦਾ ਮੁੱਖ ਮੰਤਵ ਮਾਨਵਤਾਵਾਦੀ ਕਾਨੂੰਨਾਂ ਦੀ ਪੈਰਵਾਈ ਕਰਦਿਆਂ ਇਹ ਯਕੀਨੀ ਬਣਾਉਣਾ ਹੈ ਕਿ ਹਰੇਕ ਜੀਵਨ ਦਾ ਬਰਾਬਰ ਮਹੱਤਵ ਹੈ ਅਤੇ ਜਿਨ੍ਹਾਂ ਮਨੁੱਖਾਂ ਦੇ ਵੀ ਹੱਕਾਂ ਦੀ ਉਲੰਘਣਾ ਹੋਈ ਹੈ, ਉਨ੍ਹਾਂ ਨੂੰ ਪੂਰਾ-ਪੂਰਾ ਇਨਸਾਫ਼ ਮਿਲਣਾ ਚਾਹੀਦਾ ਹੈ। ਬੀਤੇ ਵਰ੍ਹਿਆਂ ਵਿਚ ਇਸ ਮਾਮਲੇ ਵਿਚ ਮਹੱਤਵਪੂਰਨ ਤਰੱਕੀ ਹੋਈ ਹੈ ਪਰ ਇਹ ਵੀ ਸੱਚ ਹੈ ਕਿ ਕੰਮ ਅਜੇ ਪੂਰਾ ਹੋਣ ਤੋਂ ਕੋਹਾਂ ਦੂਰ ਹੈ।' ਉਕਤ ਅਦਾਲਤ ਦੇ ਰਜਿਸਟਰਾਰ ਵਜੋਂ ਸੇਵਾ ਨਿਭਾਅ ਰਹੇ ਓ.ਜੈਡ.ਗਿਲਰ ਆਖਦੇ ਹਨ, 'ਅੱਜ ਦੇ ਦਿਨ ਅਸੀਂ ਜਿੱਥੇ ਸੰਸਾਰ ਨੂੰ ਭੈੜੇ ਅਪਰਾਧਾਂ ਤੋਂ ਮੁਕਤ ਕਰ ਕੇ ਇਕ ਨਿਆਂਪੂਰਨ ਸੰਸਾਰ ਕਾਇਮ ਕਰਨ ਦੀ ਖ਼ੁਸ਼ੀ ਦਾ ਅਨੰਦ ਲੈਂਦੇ ਹਾਂ, ਉਥੇ ਨਾਲ ਹੀ ਇਹ ਵਿਸ਼ਵਾਸ ਵੀ ਦੁਹਰਾਉਂਦੇ ਹਾਂ ਕਿ ਪੂਰੀ ਤਰ੍ਹਾਂ ਆਜ਼ਾਦ ਅਤੇ ਨਿਰਪੱਖ ਹੋ ਕੇ ਪੀੜਤਾਂ ਨੂੰ ਨਿਆਂ ਦੇਣ ਅਤੇ ਮਨੁੱਖੀ ਹੱਕਾਂ ਦੀ ਰਾਖੀ ਕਰਨ ਦਾ ਸਾਡਾ ਵਾਅਦਾ ਹੋਰ ਮਜ਼ਬੂਤ ਹੋਵੇ।' ਇਸ ਸੰਸਥਾ ਦੇ ਪਹਿਲੇ ਤੇ ਵਰਤਮਾਨ ਉਪ-ਮੁਖੀ ਰੋਜ਼ਾਰੀਓ ਐਸ.ਐਤਲਾ (ਇਟਲੀ) ਅਤੇ ਦੂਜੇ ਉਪ ਮੁਖੀ ਸ੍ਰੀਮਤੀ ਰੇਨੇ ਏ. ਗੈਨਸਾਓ ਹਨ। ਪਰੰਪਰਾ ਅਨੁਸਾਰ ਅੱਜ ਦੇ ਦਿਨ ਇਸ ਅਦਾਲਤ ਦੇ ਮੁਖੀ ਸਾਹਿਬ, ਸੰਯੁਕਤ ਰਾਸ਼ਟਰ ਸੰਘ ਦੇ ਨਿਊਯਾਰਕ ਸਥਿਤ ਹੈਡਕੁਆਰਟਰ ਵਿਖੇ ਕਰਵਾਏ ਜਾ ਰਹੇ ਵੱਖ-ਵੱਖ ਸਮਾਗਮਾਂ ਵਿਚ ਭਾਗ ਲੈਂਦੇ ਹਨ ਤੇ ਸੰਬੋਧਨ ਕਰਦੇ ਹਨ। ਇਸ ਮੌਕੇ 'ਰੋਮ ਸਟੈਚੂ' ਸੰਧੀ ਨਾਲ ਸੰਬੰਧਤ ਸਾਰੀਆਂ ਧਿਰਾਂ ਦਰਮਿਆਨ ਇਕ ਉੱਚ-ਪੱਧਰੀ 'ਪੈਨਲ ਡਿਸਕਸ਼ਨ' ਵੀ ਕਰਵਾਈ ਜਾਂਦੀ ਹੈ।

---

(ਪਿਛਲੇ ਸਫੇ ਦਾ ਬਾਕੀ)

ਦੇ ਕੰਮਾਂ ਦੀਆਂ ਤਸਵੀਰਾਂ ਸਾਂਝੀਆਂ ਕਰਦੇ ਹਨ, ਇਹ ਸੋਚੇ ਬਿਨਾਂ ਕਿ ਇਸ ਡੇਟਾ ਦੀ ਦੁਰਵਰਤੋਂ ਹੋ ਸਕਦੀ ਹੈ। ਅਪਰਾਧੀ ਅਗਵਾ, ਪਿੱਛਾ ਕਰਨ ਜਾਂ ਵਿੱਤੀ ਧੋਖਾਧੜੀ ਲਈ ਅਜਿਹੀਆਂ ਪੋਸਟਾਂ ਦੀ ਨਿਗਰਾਨੀ ਕਰਦੇ ਹਨ। ਕੁਝ ਠੱਗ ਡੇਟਿੰਗ ਐਪਸ ਜਾਂ ਸੋਸ਼ਲ ਮੀਡੀਆ 'ਤੇ ਨਕਲੀ ਪ੍ਰੋਫਾਈਲਾਂ ਰਾਹੀਂ ਭਾਵਨਾਤਮਕ ਸਬੰਧ ਬਣਾਉਂਦੇ ਹਨ ਅਤੇ ਮੋਰਫ ਕੀਤੀਆਂ ਫੋਟੋਆਂ ਜਾਂ ਸਕ੍ਰੀਨ ਰਿਕਾਰਡਿੰਗਾਂ ਨਾਲ ਬਲੈਕਮੇਲ ਕਰਦੇ ਹਨ। ਨਿੱਜੀ ਜਾਣਕਾਰੀ ਸਾਂਝੀ ਕਰਨੀ, ਲਾਈਵ ਸਥਾਨ ਪੋਸਟ ਕਰਨਾ ਜਾਂ ਜਨਤਕ ਸਮੂਹਾਂ ਵਿਚ ਪਰਿਵਾਰਕ ਗੱਲਾਂ ਕਰਨੀ ਵਿਅਕਤੀਆਂ ਨੂੰ ਖ਼ਤਰੇ ਵਿਚ ਪਾ ਸਕਦੀ ਹੈ। ਇਨ੍ਹਾਂ ਤੋਂ ਇਲਾਵਾ, ਰਾਜਨੀਤਿਕ ਅਫਵਾਹਾਂ, ਜਾਅਲੀ ਖ਼ਬਰਾਂ ਜਾਂ ਫਿਰਕੂ ਸੰਦੇਸ਼ਾਂ ਨੂੰ ਫੈਲਾਉਣਾ ਕਾਨੂੰਨੀ ਮੁਸੀਬਤ ਬਣ ਸਕਦਾ ਹੈ। ਸੋਸ਼ਲ ਮੀਡੀਆ 'ਤੇ ਕੁਝ ਵੀ ਪੋਸਟ ਕਰਨ ਤੋਂ ਪਹਿਲਾਂ ਰੁਕਣਾ ਅਤੇ ਸੱਚ ਦੀ ਜਾਂਚ ਕਰਨੀ ਚਾਹੀਦੀ ਹੈ।

ਅੰਤ ਵਿਚ, ਡਿਜੀਟਲ ਦੁਨੀਆ ਵਿਚ ਆਪਣੇ ਆਪ ਨੂੰ ਸੁਰੱਖਿਅਤ ਰੱਖਣਾ ਓਨਾ ਹੀ ਮਹੱਤਵਪੂਰਨ ਹੈ ਜਿੰਨਾ ਰਾਤ ਨੂੰ ਆਪਣੇ ਮੁੱਖ ਦਰਵਾਜ਼ੇ ਬੰਦ ਕਰਨਾ। ਸਾਨੂੰ ਔਨਲਾਈਨ ਸਪੇਸ ਵਿਚ ਸਵਾਲ ਕਰਨਾ, ਤਸਦੀਕ ਕਰਨਾ ਅਤੇ ਆਪਣੇ ਵਿਸ਼ਵਾਸ ਨੂੰ ਸੀਮਤ ਕਰਨਾ ਸਿੱਖਣਾ ਚਾਹੀਦਾ ਹੈ। ਮਾਪਿਆਂ ਨੂੰ ਬੱਚਿਆਂ ਨੂੰ ਇੰਟਰਨੈੱਟ ਸੁਰੱਖਿਆ ਬਾਰੇ ਸਿਖਾਉਣਾ ਚਾਹੀਦਾ ਹੈ। ਦਫ਼ਤਰਾਂ ਦੇ ਕਰਮਚਾਰੀਆਂ ਨੂੰ ਫਿਸ਼ਿੰਗ ਈਮੇਲਾਂ ਦੀ ਪਛਾਣ ਲਈ ਸਿਖਲਾਈ ਦੇਣੀ ਚਾਹੀਦੀ ਹੈ। ਪਰਿਵਾਰਾਂ ਨੂੰ ਸ਼ੱਕੀ ਸੁਨੇਹਿਆਂ ਜਾਂ ਅਚਾਨਕ ਕਾਲਾਂ ਨੂੰ ਕਿਵੇਂ ਸੰਭਾਲਣਾ ਹੈ ਇਸ ਬਾਰੇ ਚਰਚਾ ਕਰਨੀ ਚਾਹੀਦੀ ਹੈ। ਸਾਵਧਾਨ ਰਹਿ ਕੇ, ਆਪਣੀਆਂ ਆਦਤਾਂ ਨੂੰ ਸੁਧਾਰ ਕੇ, ਅਤੇ ਸਾਈਬਰ ਸੁਰੱਖਿਆ ਦੀ ਜਾਗਰੂਕਤਾ ਫੈਲਾ ਕੇ, ਅਸੀਂ ਨਾ ਸਿਰਫ਼ ਆਪਣੇ ਆਪ ਨੂੰ, ਸਗੋਂ ਉਨ੍ਹਾਂ ਲੋਕਾਂ ਨੂੰ ਵੀ ਬਚਾ ਸਕਦੇ ਹਾਂ ਜਿਨ੍ਹਾਂ ਦੀ ਅਸੀਂ ਪਰਵਾਹ ਕਰਦੇ ਹਾਂ।

# Reliable

## Trucks & Trailer Repair Shop

7401 Brookville Road Indianapolis, IN 46239

* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change



* DPF Work * Nox Sensor
*Truck & Trailer Bushings
*Air Compressor * Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**
**Sam Bhullar: 317-995-2020**

# ਇੰਡੀਅਨਐਪੋਲਿਸ ਵਿਚ ਪਾਰਕਿੰਗ ਅਤੇ ਸੈਲਫ ਸਟੋਰੇਜ

## Indianapolis, IN

Yard Address: 10318 Pendleton Pike, Indianapolis, IN 46236

Semiyard

Parking & Self-Storage Available

Download Semiyard App & Book

916 755 0085
Mobile & Text:
916 610 0033

SCAN ME !

Install via App Store
Install via Google Play

24/7 Access & Support

PARK MONTHLY!



# ਮਿਲਵਾਕੀ ਦੀਆਂ ਤੀਆਂ 27 ਜੁਲਾਈ ਨੂੰ

## ਦੁਪਹਿਰ 1 ਤੋਂ ਸ਼ਾਮ 6 ਵਜੇ ਤੱਕ

**VENUE: CROWNE PLAZA MILWAUKEE**
6041 S. 13th ST., MILWAUKEE, WI 53221

*Food *Giddha *Singing *Prizes
*Bhangra *Open Dance Floor

**Tickets:**
Adults $30, Children 5+$10

Ladies Only



**Email: MilwaukeeTeeyan@gmail.com**
To register your performance.
*On the spot performances will not be accepted this year.
*Limit 1 Performance per group

Harmanpreet Kaur
(Singer)



Gurleen Kaur
(International Anchor)



Gold Sponsor



Charanjit Kaur

Chief Guest:
Mrs. Debra Dhaliwal
wife of Mr. Darshan S. Dhaliwal

**Organizers Contact:** Happy Chahal: 414-712-6568, Harjinder Soos: 414-530-5699
Pinku Sandhawalia: 414-708-2035, Gurdeep Chahal: 414-861-7395
Jas Kaur, Harpreet Toor, Baljit Gill, Reena Aulakh, Harjeet Boparai, Raman Hansi

**VENDOR PARTNERS & SPONSORS:**
Cafe India Milwaukee | Regal Jewels | WaterStone Bank | Asian Diva Salon Milwaukee | dream Decor by Kiran



**EXTRA $50 OFF**
With PROMO CODE: FLY50



Travelopod
Memorable Vacations, Unbeatable Fares

ਇੰਡੀਆ ਜਾਣ ਲਈ ਸਸਤੀਆਂ ਟਿਕਟਾਂ ਲੈਣ ਵਸਤੇ ਅੱਜ ਹੀ ਕਾਲ ਕਰੋ

SALE $350 OFF
DISCOUNTED FLIGHTS TO INDIA

Call Now: 1-800-674-3868
For Special Sale Fares

HURRRY! Book Now & Save Big on Your Flights to India!

5 Star Ratings & 24x7 Service

# ਫ਼ਿਲਮ ਲੋਕ



## ਅਨੰਨਿਆ ਪਾਂਡੇ ਇਕ ਚੁੱਪ ਸੌ ਸੁੱਖ

ਅਨੰਨਿਆ ਪਾਂਡੇ ਨੇ ਆਪਣੇ ਭਾਣਜੇ ਰਿਵਰ ਦੇ ਜਨਮ ਦਿਨ 'ਤੇ ਰੌਣਕਾਂ ਲਾ ਦਿੱਤੀਆਂ ਤੇ ਉਸ ਦੀ ਚਾਚੇ ਦੀ ਧੀ ਅਲਾਨਾ ਦੀ ਖ਼ੁਸ਼ੀ ਦੁੱਗਣੀ ਹੋ ਗਈ, ਕਿਉਂਕਿ ਮਾਸੀ ਅਨੰਨਿਆ ਨੇ ਆਪਣੇ ਮਾਸੂਮ ਭਾਣਜੇ ਨੂੰ ਪਿਆਰ ਨਾਲ ਗੋਦੀ ਚੁੱਕਿਆ ਤੇ ਹਰ ਥਾਂ ਮੂਹਰੇ ਰਹੀ। ਇਹ ਅਨੰਨਿਆ ਦਾ ਪਿਆਰ ਦੇਖ ਕੇ ਉਸ ਦੀ ਭੈਣ ਅਲਾਨਾ ਦੀਆਂ ਅੱਖਾਂ 'ਚ ਖ਼ੁਸ਼ੀ ਦੇ ਅੱਥਰੂ ਆ ਗਏ। ਇਸ ਤੋਂ ਪਹਿਲਾਂ 'ਜੀ ਸਿਨੇ ਐਵਾਰਡ 2025'ਚ ਵੀ ਉਹ ਸਾਰਿਆਂ ਉੱਪਰ ਭਾਰੀ ਪਈ ਤੇ ਉਸ ਨੇ 'ਲਾਲ ਦੁਪੱਟੇ ਵਾਲੀ' ਗੀਤ 'ਤੇ ਨੱਚ-ਨੱਚ ਕੇ ਧਰਤੀ ਹਿਲਾ ਦਿੱਤੀ ਸੀ। ਹੋਰ ਤਾਂ ਹੋਰ ਕਾਰਤਿਕ ਆਰੀਅਨ ਨੂੰ ਵੀ ਕਹਿਣਾ ਪਿਆ ਸੀ ਕਿ ਅਨੰਨਿਆ ਨਵੀਂ ਪੀੜ੍ਹੀ ਦੇ ਦਰਸ਼ਕ ਐਵੇਂ ਨਹੀਂ ਤੇਰੇ ਪ੍ਰਸੰਸਕ, ਤੇਰਾ ਤਾਂ ਹਰ ਜਲਵਾ ਤੌਬਾ-ਤੌਬਾ ਹੈ। 'ਤੂੰ ਮੇਰੀ ਮੈਂ ਤੇਰਾ, ਮੈਂ ਤੇਰਾ ਤੂੰ ਮੇਰੀ' ਨਾਂਅ ਦੀ ਨਵੀਂ ਫ਼ਿਲਮ ਲਈ ਉਸ ਨੇ ਸ਼ੂਟਿੰਗ ਵੀ ਕੀਤੀ ਹੈ। ਉਹ ਕਈ ਵਾਰ ਆਲੋਚਨਾ ਦਾ ਸ਼ਿਕਾਰ ਵੀ ਹੋਈ ਹੈ, ਫਿਰ ਵੀ ਜ਼ਿਆਦਾਤਰ ਲੋਕ ਉਸ ਨੂੰ ਕਮਾਲ ਦੀ ਅਭਿਨੇਤਰੀ ਤੇ ਸਿਆਣੀ ਕੁੜੀ ਆਖਦੇ ਹਨ। ਫਿਰ ਵੀ ਉਸ ਦੀ ਨਵੀਂ ਸਰਜਰੀ ਤੇ ਜ਼ਲਜ਼ਲਾ ਆਇਆ ਪਿਆ ਹੈ ਤੇ ਲੋਕ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹਨ। ਇਕ ਨੇ ਕਿਹਾ ਕਿ ਪੁਰਾਣੀ ਸਰਜਰੀ ਸਹੀ ਸੀ, ਨਵੀਂ ਨੇ ਤਾਂ ਚਿਹਰਾ ਹੀ ਵਿਗਾੜ ਦਿੱਤਾ ਹੈ। ਇਕ ਨੇ ਕਿਹਾ ਕਿ ਉਸ ਨੇ ਆਪਣੇ ਚਿਹਰੇ ਨੂੰ ਬਰਬਾਦ ਕਰ ਲਿਆ ਹੈ। 'ਕੇਸਰੀ ਚੈਪਟਰ-2' ਤੋਂ ਬਾਅਦ ਉਹ 'ਚਾਂਦ ਮੇਰਾ ਦਿਲ', 'ਕਾਲ ਮੀ ਬੇਅ ਸੀਜ਼ਨ-2' 'ਚ ਵੀ ਆ ਰਹੀ ਹੈ। ਲਕਸ਼ਯ ਨਾਲ ਉਹ 'ਚਾਂਦ ਮੇਰਾ ਦਿਲ' ਕਰ ਰਹੀ ਹੈ। ਪਿਛਲੇ ਪੰਜ ਸਾਲ ਅਨੰਨਿਆ ਪਾਂਡੇ ਲਈ ਵਧੀਆ ਰਹੇ ਹਨ। ਨੈੱਟਫਲਿਕਸ 'ਤੇ ਉਸ ਦੀ ਫ਼ਿਲਮ 'ਸੀ.ਟੀ.ਆਰ.ਐਲ.' ਕਾਫੀ ਪਸੰਦ ਕੀਤੀ ਗਈ ਹੈ। ਅਨੰਨਿਆ ਨੇ ਨੁਸਰਤ ਭਰੁੱਚਾ ਦੀ ਫ਼ਿਲਮ 'ਡਰੀਮ ਗਰਲ-2' ਉਸ ਤੋਂ ਖੋਹ ਲਈ ਹੈ ਤੇ ਨੁਸਰਤ ਨੇ ਸਾਫ਼-ਸਾਫ਼ ਕਿਹਾ ਕਿ ਅਨੰਨਿਆ ਉਸ ਤੋਂ ਸੋਹਣੀ ਨਹੀਂ, ਉਸ ਤੋਂ ਜ਼ਿਆਦਾ ਦਮਦਾਰ ਅਭਿਨੇਤਰੀ ਨਹੀਂ, ਬਨਾਉਟੀ ਚਿਹਰੇ ਵਾਲੀ ਅਨੰਨਿਆ ਹੈ। ਇਸ 'ਤੇ ਅਨੰਨਿਆ ਚੁੱਪ ਰਹੀ ਹੈ ਤੇ ਸਿਰਫ਼ ਇਹੀ ਕਿਹਾ ਕਿ ਹੱਥੋਂ ਫ਼ਿਲਮ ਨਿਕਲ ਜਾਵੇ ਤਾਂ ਗੁੱਸਾ ਆਉਂਦਾ ਹੀ ਹੈ। ਲਿਲੀ ਸਿੰਘ ਨਾਲ ਤਾਜ਼ਾ ਮੁਲਾਕਾਤ ਵਿਚ ਉਸ ਕਿਹਾ ਹੈ ਕਿ ਤੁਸੀਂ ਕਦੇ ਪੂਰੀ ਜਿੱਤ ਨਹੀਂ ਸਕਦੇ, ਦੁਨੀਆ ਨੂੰ। ਜਦੋਂ ਉਹ ਪਤਲੀ ਸੀ ਤਾਂ ਲੋਕ ਟਿੱਚਰਾਂ ਕਰਦੇ ਸਨ ਕਿ ਰੋਟੀ ਨਹੀਂ ਖਾਂਦੇ ਹੋ, ਖਾ-ਪੀ ਲਿਆ ਕਰੋ ਤੇ ਥੋੜ੍ਹੀ ਜਿਹੀ ਸਿਹਤ ਬਣਨ 'ਤੇ ਆਖਦੇ ਨੇ ਕਿ ਮੋਟਾਪੇ ਦਾ ਸ਼ਿਕਾਰ ਹੋ ਰਹੀ ਹੈ ਅੰਨਿਆ। ਇਹ ਦੁਨੀਆ ਬਹੁਤ ਨਿਰਾਲੀ ਚੀਜ਼ ਹੈ। ਇਥੇ 'ਇਕ ਚੁੱਪ ਸੌ ਸੁੱਖ' ਅਖਾਣ 'ਤੇ ਚੱਲਣਾ ਹੀ ਸਿਆਣਪ ਹੈ।



## ਨਵੀਆਂ ਉਚਾਈਆਂ 'ਤੇ ਹੈ ਸਾਊਂਡਸ ਮੌਫ਼ਕੀਰ

ਮਾਡਲ ਅਤੇ ਟੈਲੀਵਿਜ਼ਨ ਸ਼ਖ਼ਸੀਅਤ ਸਾਊਂਡਸ ਮੌਫ਼ਕੀਰ ਨੇ 'ਐਮ.ਟੀ.ਵੀ.' ਅਤੇ 'ਕਲਰਜ਼ ਟੀ.ਵੀ.' ਵਰਗੇ ਚੈਨਲਾਂ 'ਤੇ ਪ੍ਰਸਾਰਿਤ ਭਾਰਤੀ ਰਿਆਲਿਟੀ ਸ਼ੋਅ 'ਰੋਡੀਜ਼ ਐਕਸ-9' (2022), 'ਸਪਲਿਟਸਵਿਲਾ ਐਕਸ-4' ਅਤੇ 'ਖ਼ਤਰੋਂ ਕੇ ਖਿਲਾੜੀ-13' ਜ਼ਰੀਏ ਆਪਣੀ ਪਛਾਣ ਬਣਾਈ। ਸਾਊਂਡਸ ਮੌਫ਼ਕੀਰ ਦੀ ਸਕ੍ਰੀਨ ਪੇਸ਼ਕਾਰੀ ਏਨੀ ਲਾਜਵਾਬ ਹੈ ਜਿਸ ਨੇ ਉਸ ਨੂੰ ਭਾਰਤੀ ਦਰਸ਼ਕਾਂ ਵਿਚਾਲੇ ਕਾਫ਼ੀ ਚਰਚਿਤ ਬਣਾ ਦਿੱਤਾ ਹੈ। ਸਾਊਂਡਸ ਮੌਫ਼ਕੀਰ ਦੀ ਹਰਮਨਪਿਆਰਤਾ ਵਿਚ ਉਸ ਦੀ ਖ਼ੂਬਸੂਰਤੀ, ਆਤਮਵਿਸ਼ਵਾਸ ਅਤੇ ਮਜ਼ਬੂਤ ਸਕ੍ਰੀਨ ਪੇਸ਼ਕਾਰੀ ਦਾ ਜ਼ਬਰਦਸਤ ਯੋਗਦਾਨ ਰਿਹਾ ਹੈ। ਆਪਣੇ ਆਤਮ-ਵਿਸ਼ਵਾਸ ਦੀ ਬਦੌਲਤ ਹੀ ਉਹ 'ਸਪਲਿਟਸਵਿਲਾ 14' ਦੀ ਜੇਤੂ ਬਣ ਸਕੀ।

ਮੋਰੱਕੋ ਵਿਚ ਪੈਦਾ ਹੋਈ ਸਾਊਂਡਸ ਮੌਫ਼ਕੀਰ ਨੇ ਮਾਡਲਿੰਗ ਅਤੇ ਫੈਸ਼ਨ ਦੀ ਦੁਨੀਆ ਵਿਚ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ। ਉਸ ਦੀ ਮਾਡਲਿੰਗ ਪਿੱਠਭੂਮੀ ਨੇ ਟੈਲੀਵਿਜ਼ਨ 'ਤੇ ਉਸ ਨੂੰ ਆਪਣੀ ਮੌਜੂਦਗੀ ਦਰਜ ਕਰਨ ਵਿਚ ਮਦਦ ਕੀਤੀ।

ਸਾਊਂਡਸ ਨੇ ਜਦੋਂ ਮੋਰੱਕੋ ਤੋਂ ਮੁੰਬਈ ਆ ਕੇ ਭਾਰਤੀ ਟੈਲਵਿਜ਼ਨ ਸਨਅਤ ਵਿਚ ਕਦਮ ਰੱਖਿਆ ਸੀ ਤਾਂ ਉਸ ਦੀ ਵਿਦੇਸ਼ੀ ਅਪੀਲ ਅਤੇ ਬੋਲਡ ਸ਼ਖ਼ਸੀਅਤ ਨੇ ਉਸ ਨੂੰ ਛੇਤੀ ਹੀ ਦਰਸ਼ਕਾਂ ਦਾ ਚਹੇਤਾ ਬਣਾ ਦਿੱਤਾ।

ਸਾਊਂਡਸ ਨੇ ਐਮ.ਟੀ.ਵੀ. ਦੇ ਹਰਮਨਪਿਆਰੇ ਰਿਆਲਿਟੀ ਸ਼ੋਅ 'ਰੋਡੀਜ਼' ਦੇ 19ਵੇਂ ਸੀਜ਼ਨ ਵਿਚ ਹਿੱਸਾ ਲਿਆ। ਦੱਖਣੀ ਅਫ਼ਰੀਕਾ ਵਿਚ ਫ਼ਿਲਮਾਏ ਗਏ ਇਸ ਸ਼ੋਅ ਨੂੰ ਰਣਵਿਜੈ ਸਿੰਘ ਨੇ ਹੋਸਟ ਕੀਤਾ ਸੀ। ਹਾਲਾਂਕਿ ਸਾਊਂਡਸ ਇਸ ਸ਼ੋਅ ਦੀ ਜੇਤੂ ਨਹੀਂ ਬਣ ਸਕੀ ਸੀ ਪਰ ਸ਼ੋਅ ਵਿਚ ਉਸ ਦੀ ਦਮਦਾਰ ਮੌਜੂਦਗੀ ਨੇ ਦਰਸ਼ਕਾਂ ਦਾ ਧਿਆਨ ਖਿੱਚਿਆ ਸੀ।

ਇਸ ਤੋਂ ਬਾਅਦ ਸਾਊਂਡਸ ਨੇ ਐਮ.ਟੀ.ਵੀ. ਲਈ ਸੰਨੀ ਲਿਓਨ ਅਤੇ ਅਰਜੁਨ ਬਿਜਲਾਨੀ ਵਲੋਂ ਹੋਸਟ ਕੀਤੇ ਗਏ ਡੇਟਿੰਗ ਰਿਆਲਿਟੀ ਸ਼ੋਅ 'ਸਪਲਿਟਸਵਿਲਾ-14' (2022) ਵਿਚ ਹਿੱਸਾ ਲਿਆ। ਇਸ ਸ਼ੋਅ ਦੀ ਵਜ੍ਹਾ ਕਰਕੇ ਉਸ ਦੀ ਹਰਮਪਿਆਰਤਾ ਅਤੇ ਪ੍ਰਸ਼ੰਸਕਾਂ ਵਿਚ ਜ਼ਬਰਦਸਤ ਵਾਧਾ ਹੋਇਆ। ਇਸ ਸ਼ੋਅ ਨੇ ਉਸ ਨੂੰ ਭਾਰਤੀ ਟੈਲੀਵਿਜ਼ਨ ਵਿਚ ਇਕ ਮਜ਼ਬੂਤ ਪਛਾਣ ਦਿਵਾਈ। ਇਸ ਤੋਂ ਬਾਅਦ ਉਸ ਦਾ ਕਰੀਅਰ ਨਵੀਆਂ ਉਚਾਈਆਂ 'ਤੇ ਨਜ਼ਰ ਆਉਣ ਲੱਗਿਆ।

ਸਾਊਂਡਸ ਨੇ ਰੋਹਿਤ ਸ਼ੈਟੀ ਵਲੋਂ ਹੋਸਟ ਕੀਤੇ ਗਏ ਸਟੰਟ ਆਧਾਰਿਤ ਰਿਆਲਿਟੀ ਸ਼ੋਅ 'ਫੀਅਰ ਫੈਕਟਰ : ਖ਼ਤਰੋਂ ਕੇ ਖਿਲਾੜੀ-13' (2023) ਵਿਚ ਹਿੱਸਾ ਲਿਆ ਸੀ, 15 ਜੁਲਾਈ, 2023 ਤੋਂ 14 ਅਕਤੂਬਰ, 2023 ਤੱਕ ਕਲਰਜ਼ ਟੈਲੀਵਿਜ਼ਨ 'ਤੇ ਪ੍ਰਸਾਰਿਤ ਇਸ ਸ਼ੋਅ ਨੂੰ ਦੱਖਣੀ ਅਫ਼ਰੀਕਾ ਦੇ ਕੇਪ ਟਾਊਨ ਵਿਚ ਫ਼ਿਲਮਾਇਆ ਗਿਆ ਸੀ। ਇਸ ਸ਼ੋਅ ਵਿਚ ਉਸ ਨੇ ਕਈ ਚੁਣੌਤੀਪੂਰਨ ਸਟੰਟ ਕਰਦਿਆਂ ਆਪਣੀ ਹਿੰਮਤ ਅਤੇ ਫਿਟਨੈੱਸ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੀ। ਸ਼ੋਅ ਵਿਚ ਉਸ ਦੀ ਪੇਸ਼ਕਾਰੀ ਨੂੰ ਬਹੁਤ ਸਰਾਹਿਆ ਗਿਆ ਸੀ।

## ਸੇਵਾਮੁਕਤੀ ਬਾਰੇ ਸੋਚ ਰਿਹਾ ਹੈ ਆਮਿਰ ਖਾਨ?



ਅਦਾਕਾਰ ਆਮਿਰ ਖਾਨ ਦੀ ਫ਼ਿਲਮ 'ਸਿਤਾਰੇ ਜ਼ਮੀਨ ਪਰ' ਸਿਨੇਮਾਘਰਾਂ ਵਿਚ ਰਿਲੀਜ਼ ਹੋ ਚੁੱਕੀ ਹੈ। ਇਸ ਫ਼ਿਲਮ ਜ਼ਰੀਏ ਆਮਿਰ ਖਾਨ ਨੇ ਲਗਭਗ ਤਿੰਨ ਸਾਲ ਬਾਅਦ ਵੱਡੇ ਪਰਦੇ ਵਾਪਸੀ ਕੀਤੀ ਹੈ। ਫ਼ਿਲਮ 'ਸਿਤਾਰੇ ਜ਼ਮੀਨ ਪਰ' (2025), ਸਾਲ 2007 ਵਿਚ ਆਈ ਫ਼ਿਲਮ 'ਤਾਰੇ ਜ਼ਮੀਨ ਪਰ' ਦਾ ਵਿਸਥਾਰ ਹੈ, ਜਿਸ ਦਾ ਆਮਿਰ ਖਾਨ ਅਤੇ ਕਿਰਨ ਰਾਓ ਨੇ ਨਿਰਮਾਣ ਕੀਤਾ ਹੈ। ਆਮਿਰ ਖਾਨ ਇਸ ਤੋਂ ਪਹਿਲਾਂ ਸਾਲ 2022 ਵਿਚ ਰਿਲੀਜ਼ ਫ਼ਿਲਮ 'ਲਾਲ ਸਿੰਘ ਚੱਢਾ' ਵਿਚ ਨਜ਼ਰ ਆਏ ਸਨ। ਉਸ ਦੀ ਇਹ ਫ਼ਿਲਮ ਹਾਲੀਵੁੱਡ ਕਲਾਸਿਕ 'ਫਾਰੈਸਟ ਗੰਪ' ਦਾ ਵਿਸਥਾਰ ਸੀ, ਪਰ ਫ਼ਿਲਮ ਟਿਕਟ ਖਿੜਕੀ 'ਤੇ ਫੇਲ੍ਹ ਹੋ ਗਈ। ਇਸ ਫ਼ਿਲਮ ਤੋਂ ਬਾਅਦ ਆਮਿਰ ਖਾਨ ਨੇ ਐਕਟਿੰਗ ਤੋਂ ਬ੍ਰੇਕ ਲੈ ਲਈ ਸੀ। ਆਮਿਰ ਖਾਨ ਨੇ 'ਸਿਤਾਰੇ ਜ਼ਮੀਨ ਪਰ' ਦੇ ਪ੍ਰੀਮੀਅਰ 'ਤੇ ਐਲਾਨ ਕੀਤਾ ਸੀ ਕਿ ਇਸ ਫ਼ਿਲਮ ਤੋਂ ਬਾਅਦ ਹੁਣ ਉਹ ਆਪਣੇ 'ਡ੍ਰੀਮ ਪ੍ਰਾਜੈਕਟ' ਵੱਲ ਧਿਆਨ ਦੇਣਗੇ। ਖ਼ਬਰਾਂ ਅਨੁਸਾਰ ਆਮਿਰ ਖਾਨ ਦਾ ਡ੍ਰੀਮ ਪ੍ਰਾਜੈਕਟ 'ਮਹਾਭਾਰਤ' ਹੈ। ਉਹ ਆਪਣੇ ਇਸ ਡ੍ਰੀਮ ਪ੍ਰਾਜੈਕਟ ਨੂੰ ਵੱਡੇ ਪਰਦੇ 'ਤੇ ਲਿਆਉਣਾ ਚਾਹੁੰਦੇ ਹਨ। ਆਮਿਰ ਨੇ ਦੱਸਿਆ ਕਿ ਉਸ ਦੇ ਕਰੀਅਰ ਦੀ ਆਖਰੀ ਫ਼ਿਲਮ ਉਸ ਦਾ ਡ੍ਰੀਮ ਪ੍ਰਾਜੈਕਟ ਹੀ ਹੋਵੇਗੀ ਜਿਸ ਤੋਂ ਬਾਅਦ ਉਸ ਕੋਲ ਕਰਨ ਲਈ ਕੁਝ ਨਹੀਂ ਬਚੇਗਾ। ਇਸ ਲਈ ਇਸ ਤੋਂ ਬਾਅਦ ਉਹ ਸੇਵਾਮੁਕਤੀ ਬਾਰੇ ਸੋਚ ਰਹੇ ਹਨ। ਹਾਲਾਂਕਿ ਆਮਿਰ ਖਾਨ ਆਪਣੇ ਇਸ ਡ੍ਰੀਮ ਪ੍ਰਾਜੈਕਟ ਵਾਲੀ ਫ਼ਿਲਮ ਦੇ ਨਾਲ ਫ਼ਿਲਮ ਨਿਰਮਾਤਾ ਰਾਜ ਕੁਮਾਰ ਹਿਰਾਨੀ ਨਾਲ ਇੰਡੀਅਨ ਸਿਨੇਮਾ ਦੇ ਜਨਕ ਦਾਦਾ ਸਾਹਿਬ ਫਾਲਕੇ ਦੀ ਬਾਇਓਪਿਕ ਵੀ ਕਰਨ ਜਾ ਰਹੇ ਹਨ। ਫ਼ਿਲਮ ਦੀ ਪਟਕਥਾ 'ਤੇ ਪਿਛਲੇ ਸਾਲ ਤੋਂ ਕੰਮ ਹੋ ਰਿਹਾ ਸੀ ਅਤੇ ਹੁਣ ਜਾ ਕੇ ਆਮਿਰ ਦੇ ਨਾਲ ਇਸ ਫ਼ਿਲਮ ਦਾ ਐਲਾਨ ਹੋ ਚੁੱਕਿਆ ਹੈ। ਦਾਦਾ ਸਾਹਿਬ ਫਾਲਕੇ ਦੀ ਬਾਇਓਪਿਕ ਵਿਚ ਭਾਰਤ ਦੇ ਦੇ ਸੁਤੰਤਰਤਾ ਸੰਗਰਾਮ ਦੇ ਬੈਕਡ੍ਰਾਪ 'ਤੇ ਆਧਾਰਿਤ ਹੋ ਕੇ ਉਸ ਵਿਅਕਤੀ ਦੀ ਯਾਤਰਾ ਨੂੰ ਦਿਖਾਇਆ ਗਿਆ ਜਿਸ ਨੇ ਭਾਰਤੀ ਸਿਨੇਮਾ ਦੀ ਨੀਂਹ ਰੱਖੀ। ਫ਼ਿਲਮ ਦੀ ਸ਼ੂਟਿੰਗ ਅਕਤੂਬਰ ਤੋਂ ਸ਼ੁਰੂ ਹੋਣ ਵਾਲੀ ਹੈ। ਰਾਜ ਕੁਮਾਰ ਹਿਰਾਨੀ ਦੇ ਨਾਲ ਆਮਿਰ ਖਾਨ ਦਾ ਤਾਲਮੇਲ ਗਜ਼ਬ ਦਾ ਰਿਹਾ ਹੈ। ਆਮਿਰ ਪਹਿਲੀ ਵਾਰ 2009 ਵਿਚ ਰਾਜ ਕੁਮਾਰ ਹਿਰਾਨੀ ਵਲੋਂ ਨਿਰਦੇਸ਼ਿਤ ਫ਼ਿਲਮ 'ਥ੍ਰੀ ਇਡੀਅਟਸ' ਵਿਚ ਦਿਸੇ ਸਨ। ਆਮਿਰ ਖਾਨ ਦੇ ਬੈਨਰ ਵਲੋਂ ਬਣਾਈਆਂ ਗਈਆਂ ਫ਼ਿਲਮਾਂ ਨਾ ਸਿਰਫ਼ ਮਨੋਰੰਜਕ ਹੁੰਦੀਆਂ ਹਨ, ਸਗੋਂ ਕਿਤੇ ਨਾ ਕਿਤੇ ਉਸ ਵਿਚ ਸਮਾਜ ਲਈ ਕੋਈ ਸੰਦੇਸ਼ ਵੀ ਛੁਪਿਆ ਹੁੰਦਾ ਹੈ, ਪਰ ਇਸ ਦੇ ਬਾਵਜੂਦ ਆਮਿਰ ਦਾ ਮੰਨਣਾ ਹੈ ਕਿ ਉਹ ਸਿਰਫ਼ ਇਕ ਮਨੋਰੰਜਨ ਕਰਨ ਵਾਲਾ ਕਲਾਕਾਰ ਹੈ, ਸਮਾਜਿਕ ਵਿਗਿਆਨੀ ਨਹੀਂ ਜੋ ਕਿਸੇ ਨੂੰ ਵੀ ਸਮਾਜ ਸ਼ਾਸਤਰ ਦਾ ਗਿਆਨ ਦੇਣ ਲੱਗ ਜਾਵੇ। ਆਮਿਰ ਦਾ ਕਹਿਣਾ ਹੈ ਕਿ ਜਦੋਂ ਲੋਕ ਥੀਏਟਰ ਵਿਚ ਟਿਕਟ ਲੈ ਕੇ ਆਉਂਦੇ ਹਨ ਤਾਂ ਉਹ ਸਿਰਫ਼ ਮਨੋਰੰਜਨ ਚਾਹੁੰਦੇ ਹਨ। ਜੇਕਰ ਉਨ੍ਹਾਂ ਨੇ ਸਮਾਜਿਕ ਗਿਆਨ ਪੜ੍ਹਨਾ ਹੋਵੇਗਾ ਤਾਂ ਉਹ ਕਾਲਜ ਜਾਣਗੇ। ਜਦੋਂ ਉਹ ਕਾਲਜ ਨਾ ਜਾ ਕੇ ਥੀਏਟਰ ਵਿਚ ਆਏ ਹਨ, ਤਾਂ ਇਸ ਦਾ ਮਤਲਬ ਉਨ੍ਹਾਂ ਨੂੰ ਸਿਰਫ਼ ਮੌਜ-ਮਸਤੀ ਚਾਹੀਦੀ ਹੈ।



## ਮੁਸ਼ਕਿਲਾਂ ਨਾਲ ਜੂਝਦੀ ਅਦਾਕਾਰਾ ਆਰਜ਼ੂ ਗੋਵਿਤਰੀਕਰ

'ਨਾਗਿਨ-2' ਫੇਮ, ਟੀ.ਵੀ. ਅਦਾਕਾਰਾ ਆਰਜ਼ੂ ਗੋਵਿਤਰੀਕਰ ਨੇ 2010 ਵਿਚ ਕਾਰੋਬਾਰੀ ਸਿਧਾਰਥ ਸੱਭਰਵਾਲ ਨਾਲ ਪ੍ਰੇਮ ਵਿਆਹ ਕੀਤਾ ਸੀ। ਇਸ ਵਿਆਹ ਤੋਂ ਉਸ ਦੇ ਇਕ ਬੇਟਾ ਵੀ ਹੈ। ਆਰਜ਼ੂ ਗੋਵਿਤਰੀਕਰ ਨੇ ਆਪਣੇ ਕਰੀਅਰ ਵਿਚ 'ਏਕ ਲੜਕੀ ਅਨਜਾਨੀ ਸੀ', 'ਘਰ ਏਕ ਸਪਨਾ', 'ਸੀ.ਆਈ.ਡੀ.' ਅਤੇ 'ਨਾਗਿਨ-2' ਵਰਗੇ ਕਈ ਹਰਮਨਪਿਆਰੇ ਲੜੀਵਾਰਾਂ ਵਿਚ ਕੰਮ ਕੀਤਾ ਹੈ। ਇਸ ਤੋਂ ਇਲਾਵਾ ਉਸ ਨੂੰ ਰਵੀ ਚੋਪੜਾ ਵਲੋਂ ਨਿਰਦੇਸ਼ਿਤ ਅਮਿਤਾਭ ਬੱਚਨ, ਹੇਮਾ ਮਾਲਿਨੀ ਅਤੇ ਸਲਮਾਨ ਖਾਨ ਦੀ ਫ਼ਿਲਮ 'ਬਾਗਬਾਨ' ਵਿਚ ਦੇਖਿਆ ਗਿਆ ਸੀ। ਆਰਜ਼ੂ ਗੋਵਿਤਰੀਕਰ ਨੂੰ ਕਰੀਅਰ ਵਿਚ ਓਨੀ ਕਾਮਯਾਬੀ ਨਹੀਂ ਮਿਲੀ ਜਿੰਨੀ ਦੀ ਉਹ ਹੱਕਦਾਰ ਸੀ ਪਰ ਉਸ ਨੇ ਆਪਣੇ ਕਰੀਅਰ ਨੂੰ ਲੈ ਕੇ ਕਦੀ ਕਿਸੇ ਤਰ੍ਹਾਂ ਦੀ ਸ਼ਿਕਾਇਤ ਨਹੀਂ ਕੀਤੀ। ਸ਼ਿਕਾਇਤ ਤਾਂ ਉਸ ਨੂੰ ਬੱਸ ਆਪਣੀ ਨਿੱਜੀ ਜ਼ਿੰਦਗੀ ਨੂੰ ਲੈ ਕੇ ਹੀ ਰਹੀ। ਆਰਜ਼ੂ ਗੋਵਿਤਰੀਕਰ ਦੀ ਨਿੱਜੀ ਜ਼ਿੰਦਗੀ ਕਾਫ਼ੀ ਮੁਸ਼ਕਿਲਾਂ ਭਰੀ ਰਹੀ। ਖ਼ਾਸ ਕਰਕੇ ਵਿਆਹ ਤੋਂ ਬਾਅਦ ਉਸ ਨੂੰ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਜੇਕਰ ਖ਼ਬਰਾਂ ਵੱਲ ਦੇਖੀਏ ਤਾਂ ਉਸ ਦਾ ਪਤੀ ਸਿਧਾਰਥ, ਆਰਜ਼ੂ ਨੂੰ ਕਾਫ਼ੀ ਤੰਗ ਕਰਦਾ ਸੀ। ਕਿਹਾ ਜਾਂਦਾ ਹੈ ਕਿ ਇਕ ਵਾਰ ਸ਼ਰਾਬ ਦੀ ਆਦਤ ਨੂੰ ਲੈ ਕੇ ਜਦੋਂ ਆਰਜ਼ੂ ਦਾ ਆਪਣੇ ਪਤੀ ਸਿਧਾਰਥ ਨਾਲ ਝਗੜਾ ਹੋਇਆ ਤਾਂ ਸਿਧਾਰਥ ਨੇ ਉਸ ਨੂੰ ਕੁੱਟਦੇ ਹੋਏ ਬਾਥਰੂਮ ਵਿਚ ਬੰਦ ਕਰ ਦਿੱਤਾ ਸੀ। ਖ਼ੁਦ ਅਦਾਕਾਰਾ ਆਰਜ਼ੂ ਨੇ ਇਕ ਮੁਲਾਕਾਤ ਦੌਰਾਨ ਦੱਸਿਆ ਸੀ ਕਿ ਉਸ ਨੂੰ ਲਗਭਗ ਹਰ ਦੂਜੇ ਦਿਨ ਕੁੱਟਿਆ ਜਾਂਦਾ ਸੀ ਅਤੇ ਆਪਣੇ ਜ਼ਖ਼ਮਾਂ ਨਾਲ ਉਹ ਬਾਹਰ ਨਹੀਂ ਨਿਕਲ ਪਾਉਂਦੀ ਸੀ ਕਿਉਂਕਿ ਉਹ ਨਹੀਂ ਚਾਹੁੰਦੀ ਸੀ ਕਿ ਕੋਈ ਉਸ ਦੇ ਜ਼ਖ਼ਮ ਦੇਖੇ। ਉਸ ਮੁਲਾਕਾਤ ਦੌਰਾਨ ਆਰਜ਼ੂ ਨੇ ਇਹ ਵੀ ਦੱਸਿਆ ਸੀ ਕਿ ਬੇਟੇ ਦੇ ਜਨਮ ਤੋਂ ਬਾਅਦ ਪਤੀ ਸਿਧਾਰਥ ਦੂਜੇ ਕਮਰੇ ਵਿਚ ਸੌਣ ਲੱਗਿਆ ਸੀ। ਉਸ ਨੇ ਪਤੀ 'ਤੇ 'ਐਕਸਟਰਾ-ਮੈਰੀਟਲ ਅਫੇਅਰ' ਦਾ ਦੋਸ਼ ਲਗਾਉਂਦੇ ਹੋਏ ਦੱਸਿਆ ਕਿ ਉਸ ਦੇ ਪਤੀ ਦੀ ਇਕ ਰੂਸੀ ਕੁੜੀ ਮਿੱਤਰ ਸੀ ਜਿਸ ਨਾਲ ਉਹ ਰੋਜ਼ਾਨਾ ਚੈਟ ਕਰਦਾ ਸੀ। ਰੋਜ਼-ਰੋਜ਼ ਦੀ ਮਾਰ-ਕੁਟਾਪੇ ਤੋਂ ਤੰਗ ਆ ਕੇ ਆਰਜ਼ੂ ਨੇ ਪਤੀ ਵਿਰੁੱਧ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਆਰਜ਼ੂ ਨੇ ਸ਼ਿਕਾਇਤ ਵਿਚ ਇਹ ਵੀ ਦੱਸਿਆ ਸੀ ਕਿ ਉਸ ਦੇ ਪਤੀ ਨੇ ਇਕ ਵਾਰ ਉਸ ਦੇ ਚਿਹਰੇ 'ਤੇ ਥੁੱਕ ਦਿੱਤਾ ਸੀ। 2019 ਵਿਚ ਆਰਜ਼ੂ ਨੇ ਪਤੀ ਸਿਧਾਰਥ 'ਤੇ ਘਰੇਲੂ ਹਿੰਸਾ ਦਾ ਦੋਸ਼ ਲਗਾਉਂਦੇ ਹੋਏ ਤਲਾਕ ਦੀ ਅਰਜ਼ੀ ਦਿੱਤੀ ਅਤੇ ਅੱਜਕਲ੍ਹ ਉਹ ਆਪਣੇ ਪਤੀ ਤੋਂ ਵੱਖ ਰਹਿ ਰਹੀ ਹੈ।

# Golden State Realty

Real Estate and Loans Under One Roof

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 776 Vereda ct San Jose CA 95123
2. 8455 Peachtree Ave Newark CA 94560
3. 2125 Neptune Rd Livermore CA 94550
4. 2169 Charger Dr San Jose CA 95131
5. 9550 Appaloosa Pl Elk Grove CA 95624
6. 9810 Bobcat Ct Gilroy CA 95020
7. 3033 Pellier Pl San Jose CA 95135
8. 985 Silver Birch Ln Hayward CA 94544
9. 1672 Northgate Manteca CA 95336
10. 26676 Campeche St Hayward CA 94545
11. 1777 Osage Ave Hayward CA 94545
12. 2249 moody ave Hayward ca 94545
13. 9714 Fall Valley Way Sacramento CA 95829
14. 106 Coralflower Ln, San Ramon, CA 94582

## Purchase Loan and Refinance

Call Sukhveer (Sukhi) Gill
DHMS, Loan Broker
Ph: 510-207-9067
CA BRE Lic.#01180969
NMLS# 352095

19-20